New Location
Punjab Insurance Agency Inc.
Super Visa Insurance
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ ਕਿਸੇ ਪ੍ਰਕਾਰ ਦੀ ਵੀ ਇੰਸ਼ੋਰੈਂਸ ਸਬੰਧੀ ਜਾਣਕਾਰੀ ਲਵੋ।
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
Funded by the Government of Canada | Financé par le gouvernement du Canada | Canada
SINCE : 2007
: www.thepunjabtimes.ca
: canadianpunjabtimes@gmail.com
Vol - 18 | 6 September, 2024 | C | ੨੨ ਭਾਦੋਂ ਨਾਨਕਸ਼ਾਹੀ ਸੰਮਤ ੫੫੬ | Ph.: 604-338-7310 | FAX : 604-572-3638 | /canadianpunjabtimes

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar
(Pasla)
604-597-0991
778-895-7444
: icc.accounting@yahoo.ca
: 8740 - 140A St., Surrey, BC V3W 0M4

## ਐਨ.ਡੀ.ਪੀ. ਨੇ ਲਿਬਰਲ ਸਰਕਾਰ ਤੋਂ ਆਪਣਾ ਸਮਰਥਨ ਲਿਆ ਵਾਪਸ

### ਲਿਬਰਲ ਸਰਕਾਰ ਨੂੰ ਸਮਰਥਨ ਸ਼ਰਤਾਂ ਦੇ ਅਧੀਨ ਦਿੱਤਾ ਜਾਵੇਗਾ : ਜਗਮੀਤ ਸਿੰਘ





ਸਰੀ : ਜਗਮੀਤ ਸਿੰਘ ਦੀ ਅਗਵਾਈ ਵਾਲੀ ਨਿਊ ਡੈਮੋਕ੍ਰੈਟਿਕ ਪਾਰਟੀ (ਐੱਨਡੀਪੀ) ਨੇ ਸਰਕਾਰ ਤੋਂ ਹਮਾਇਤ ਵਾਪਸ ਲੈ ਲਈ ਗਈ ਹੈ ਅਤੇ ਜਗਮੀਤ ਸਿੰਘ ਵਲੋਂ ਕਿਹਾ ਗਿਆ ਹੈ ਕਿ ਉਨ੍ਹਾਂ ਦੀ ਪਾਰਟੀ ਵਲੋਂ ਸਮਰਥਨ ਕੈਨੇਡੀਅਨ ਨਾਗਰਿਕਾਂ ਦੀ ਬਿਹਤਰੀ ਲਈ ਆਏ ਫੈਸਲਿਆਂ ਨੂੰ ਘੋਖ ਨੇ ਫਿਰ ਦੇਵੇਗੀ।

ਜ਼ਿਕਰਯੋਗ ਹੈ ਕਿ ਟਰੂਡੋ ਸਰਕਾਰ ਹਾਊਸ ਆਫ਼ ਕੌਮਨ 'ਚ ਘੱਟ-ਗਿਣਤੀ ਸਰਕਾਰ ਹੈ, ਜਿਸ ਲਈ ਪ੍ਰਧਾਨ ਮੰਤਰੀ ਨੂੰ ਅਕਤੂਬਰ 2025 ਵਿਚ ਹੋਣ ਵਾਲੀਆਂ ਚੋਣਾਂ ਤੋਂ ਪਹਿਲਾਂ ਸੱਤਾ ਵਿਚ ਬਣੇ ਰਹਿਣ ਲਈ ਹੋਰ ਭਾਈਵਾਲਾਂ ਦੀ ਤਲਾਸ਼ ਕਰਨੀ ਪਵੇਗੀ ਅਤੇ ਇਸ ਦੇ ਲਈ ਲਿਬਰਲ ਸਰਕਾਰ ਬਲੌਕ-ਕਿਊਬੈਕ ਤੋਂ ਵੀ ਸਰਕਾਰ ਚਲਾਉਣ ਲਈ ਸਮਰਥਣ ਲੈ ਸਕਦੀ ਹੈ। ਜਿਸ ਨਾਲ ਸਰਕਾਰ ਟੁੱਟਣ ਦਾ ਕੋਈ ਜ਼ਿਆਦਾ ਖਤਰਾ ਨਹੀਂ ਹੈ।

ਜਗਮੀਤ ਸਿੰਘ ਵਲੋਂ ਕੀਤੇ ਐਲਾਨ ਨਾਲ ਟਰੂਡੋ ਸਰਕਾਰ ਤੁਰੰਤ ਨਹੀਂ ਟੁੱਟ ਸਕਦੀ ਪਰ ਖ਼ਤਰਾ ਬਣਿਆ ਰਹਿ ਸਕਦਾ ਹੈ। ਜੇਕਰ ☛ ਬਾਕੀ ਸਫ਼ਾ 30 'ਤੇ

## ਜੁਲਾਈ ਮਹੀਨੇ ਦੌਰਾਨ ਬੀ. ਸੀ. ਸੂਬੇ ਵਿਚ ਓਵਰਡੋਜ਼ ਨਾਲ ਹੋਈਆਂ 192 ਮੌਤਾਂ




ਸਰੀ, (ਸਿਮਰਨਜੀਤ ਸਿੰਘ): ਬੀ.ਸੀ. ਕੋਰੋਨਰਜ਼ ਵਲੋਂ ਜਾਰੀ ਕੀਤੇ ਤਾਜ਼ਾ ਅੰਕੜਿਆਂ ਮੁਤਾਬਕ, ਜੁਲਾਈ ਮਹੀਨੇ ਵਿੱਚ 192 ਲੋਕਾਂ ਦੀ ਮੌਤ ਜ਼ਹਿਰੀਲੀਆਂ ਦਵਾਈਆਂ ਅਤੇ ਓਵਰਡੋਜ਼ ਨਸ਼ਿਆਂ ਕਾਰਨ ਹੋਈ ਹੈ। ਜਾਰੀ ਕੀਤੇ ਅੰਕੜਿਆਂ ਅਨੁਸਾਰ ਇਸ ਸਾਲ ਜੁਲਾਈ ਦੇ ਮਹੀਨੇ ਤੱਕ 1,365 ਲੋਕਾਂ ਦੀ ਮੌਤ ਓਵਰਡੋਜ਼ ਨਸ਼ਿਆਂ ਕਾਰਨ ਹੋ ਚੁੱਕੀ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਜੁਲਾਈ ਮਹੀਨੇ ਤੱਕ ਕੁਲ ਮੌਤਾਂ ਦੇ ਅੰਕੜੇ ਦੇਖੇ ਜਾਣ ਤਾਂ ਇਨ੍ਹਾਂ 'ਚ ਮਾਮੂਲੀ ਗਿਰਾਵਟ ਵੇਖਣ ਨੂੰ ਮਿਲੀ ਹੈ। ਸਾਲਾਨਾ ਮੌਤ ਦੀ ਦਰ ਹੁਣ 100,000 ਦੇ ਮੁਕਾਬਲੇ ਘਟ ਕੇ 41 ਹੋ ਗਈ ਹੈ, ਜਦੋਂ ਕਿ 2023 ਵਿੱਚ ਇਹ ਦਰ 46.6 ਅਤੇ 2021 ਵਿੱਚ 43.9 ਸੀ।

ਬ੍ਰਿਟਿਸ਼ ਕੋਲੰਬੀਆ ਦੇ ਮੁੱਖ ਕੋਰੋਨਰ ਡਾ. ਜਤਿੰਦਰ ਬੈਦਵਾਨ ਨੇ ਕਿਹਾ ਹੈ ਕਿ ਮੌਤਾਂ ਦੀ ☛ ਬਾਕੀ ਸਫ਼ਾ 30 'ਤੇ

SK BASRA FURNITURE LTD.
All Kinds of custom made furniture
Sofa Set Box Bed, Folding Bed, Coffee Table
Foam Cushion, Mattress
Gift Items & Canvas Paintings
Punjabi Culture, Rajasthani, Running Horses
Waterfall, Landscape, Budhas, Religious etc.
ਅਸੀਂ ਡਿਲਵਰੀਆਂ ਵੀ ਕਰਦੇ ਹਾਂ।
604-751-4555
ਅਸੀਂ ਦੁਖ ਨਿਵਾਰਣ ਗੁਰੂਘਰ ਵਾਲੇ ਪਲਾਜ਼ੇ ਤੋਂ ਮੂਵ ਹੋ ਗਏ ਹਾਂ
#2 - 7743 128 St. 77 Ave Surrey

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ਼ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

S&S INSURANCE SERVICE
FAST SERVICE AND COMPETITIVE RATES
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW
604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

PINE LIGHTING
WE CARRY ALL MAJOR BRANDS
WE HAVE MOVED
6878 King Gorge Blvd Same Building, Different Unit
ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।
604-591-8895

JAS ARORA NOTARY CORPORATION
ਅਸੀਂ ਲਾਈਫ਼ ਸਰਟੀਫਿਕੇਟ ਦੀਆਂ ਸੇਵਾਵਾਂ ਮੁਫ਼ਤ ਦਿੰਦੇ ਹਾਂ।
OUR SERVICES
- Affidavits
- Invitation Letters
- Sale/ Purchase / Mortgage
- Travels Consent Letters
- Statutory Declarations
- Power of Attorney
- Sponsorship Letters
Jaswant K. Arora
Notary Public, MA (ALS), MA (Eng.Punjabi)
778-386-9189
#109A-12888 80 Avenue Surrey BC
Email : jas@jasaroranotary.com | Website : jasaroranotary.com

Keep Smiling Denture Clinic
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ? ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
If you have received Canadian Dental Care Plan Card. Book appointment
Gagan Chahal R.D.
Registered Denturist
Book Your Appointment
778-600-0811 13117-67A Ave, Surrey, BC 778-600-0810 2644 Cyril St Abbotsford BC

IATA Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
RANI SIDHU : 604-504-3400, AMAN SANDHU : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey
ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey

Space Available for Advertisement
Call
604-338-7310

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE

# ਬੀ.ਸੀ. ਦੀਆਂ ਬੰਦਰਗਾਹਾਂ ਦੇ ਲੌਂਗਸ਼ੋਰ ਫੋਰਮੈਨਾਂ ਨੇ ਆਟੋਮੇਸ਼ਨ ਤੇ ਚਲ ਰਹੇ ਵਿਵਾਦ ਨੂੰ ਲੈ ਕੇ ਹੜ੍ਹਤਾਲ ਦੇ ਹੱਕ 'ਚ ਪਾਈਆਂ ਵੋਟਾਂ



ਸਰੀ, (ਸਿਮਰਨਜੀਤ ਸਿੰਘ): ਬ੍ਰਿਟਿਸ਼ ਕੋਲੰਬੀਆ ਦੇ ਪੋਰਟਾਂ 'ਤੇ ਕੰਮ ਕਰਨ ਵਾਲੇ ਫੋਰਮੈਨਾਂ ਦੀ ਯੂਨੀਅਨ ਨੇ ਐਲਾਨ ਕੀਤਾ ਹੈ ਕਿ ਉਸ ਦੇ ਮੈਂਬਰਾਂ ਨੇ ਵਿਆਪਕ ਹੜਤਾਲ ਕਰਨ ਲਈ ਕੀਤੀ ਵੋਟਿੰਗ ਵਿੱਚ 96 ਫੀਸਦੀ ਵੋਟਾਂ ਹੜਤਾਲ ਕਰਨ ਦੇ 'ਚ ਹੱਕ ਪਈਆਂ ਹਨ। ਇਹ ਵੋਟਿੰਗ ਪੋਰਟ ਮਾਲਕਾਂ ਨਾਲ ਚੱਲ ਰਹੇ ਲੇਬਰ ਵਿਵਾਦ 'ਤੇ ਅਧਾਰਿਤ ਸੀ, ਜਿਸ ਦੇ ਨਾਲ ਕਈ ਮੁਦਿਆਂ 'ਤੇ ਦੋ ਪੱਖਾਂ ਵਿਚਕਾਰ ਸੰਘਰਸ਼ ਪਿਛਲੇ ਕਈ ਮਹੀਨਿਆਂ ਤੋਂ ਜਾਰੀ ਹੈ।

ਇੰਟਰਨੈਸ਼ਨਲ ਲੌਂਗਸ਼ੋਰ ਐਂਡ ਵੈਅਰਹਾਊਸ ਯੂਨੀਅਨ ਦੇ ਸ਼ਿਪ ਅਤੇ ਡੌਕ ਫੋਰਮੈਨਾਂ ਦੀ ਯੂਨੀਅਨ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਉਹਨਾਂ ਦੇ ਮੈਂਬਰਾਂ ਨੇ ਉਦਯੋਗ-ਵਿਆਪਕ ਵੋਟਿੰਗ ਵਿੱਚ 96 ਫੀਸਦੀ ਬਹੁਮਤ ਨਾਲ ਹੜਤਾਲ ਦਾ ਸਮਰਥਨ ਕੀਤਾ। ਹਾਲਾਂਕਿ, ਹਾਲੇ ਤੱਕ ਕੋਈ ਵੀ 72-ਘੰਟੇ ਦਾ ਹੜਤਾਲ ਜਾਂ ਤਾਲਾਬੰਦੀ ਦਾ ਨੋਟਿਸ ਜਾਰੀ ਨਹੀਂ ਕੀਤਾ ਗਿਆ।

ਇਹ ਹੜਤਾਲ ਦੀ ਸੰਭਾਵਨਾ ਸਿਰਫ਼ ਇੱਕ ਨਵੇਂ ਸਮਝੌਤੇ ਦੀ ਲੋੜ ਨਾਲ ਸੰਬੰਧਿਤ ਹੈ, ਜਿਸ ਵਿੱਚ ਖ਼ਾਸ ਤੌਰ 'ਤੇ ਆਟੋਮੇਸ਼ਨ ਨੂੰ ਲੈ ਕੇ ਡੀ.ਪੀ. ਵਰਲਡ ਕੈਨੇਡਾ ਨਾਲ ਮਸਲੇ ਦੇ ਹੱਲ 'ਤੇ ਅਧਾਰਤ ਹਨ। ਇਸ ਬਾਰੇ ਪਿਛਲੇ ਕੁਝ ਸਮਿਆਂ ਤੋਂ ਦੋ ਪੱਖਾਂ ਵਿਚਕਾਰ ਗੱਲਬਾਤ ਜਾਰੀ ਰਹੀ ਹੈ, ਪਰ ਅਜੇ ਤੱਕ ਕੋਈ ਮੁਕੰਮਲ ਨਤੀਜਾ ਸਾਹਮਣੇ ਨਹੀਂ ਆਇਆ।

ਯੂਨੀਅਨ ਨੇ ਪਹਿਲਾਂ ਕਿਹਾ ਸੀ ਕਿ ਉਹ ਸਾਰੇ ਉਦਯੋਗ ਵਿੱਚ ਹੜਤਾਲ ਨਹੀਂ ਚਾਹੁੰਦੇ ਹਨ, ਬਲਕਿ ਸਿਰਫ਼ ਡੀ.ਪੀ. ਵਰਲਡ ਕੈਨੇਡਾ ਦੇ ਨਾਲ ਗੱਲਬਾਤ ਕਰਨਾ ਚਾਹੁੰਦੇ ਹਨ। ਡੀ.ਪੀ. ਵਰਲਡ ਉਨ੍ਹਾਂ ਪੋਰਟਾਂ ਵਿੱਚੋਂ ਇੱਕ ਹੈ, ਜਿਸ ਨਾਲ ਯੂਨੀਅਨ ਦਾ ਮੁੱਖ ਵਿਵਾਦ ਆਟੋਮੇਸ਼ਨ ਦੀ ਵਰਤੋਂ ਨੂੰ ਲੈ ਕੇ ਹੈ, ਜਿੱਥੇ ਕਾਮਿਆਂ ਦੀ ਗਿਣਤੀ ਬਹੁਤ ਘੱਟ ਰੱਖੀ ਜਾਂਦੀ ਹੈ।

ਯੂਨੀਅਨ ਦੇ ਪ੍ਰਧਾਨ ਫ੍ਰੈਂਕ ਮੋਰੇਨਾ ਦਾ ਕਹਿਣਾ ਹੈ ਕਿ ਡੀ.ਪੀ. ਵਰਲਡ ਦੀਆਂ ਜਥੇਬੰਦੀਆਂ ਨੇ ਯੂਨੀਅਨ ਦੀ ਕਾਊਂਟਰ-ਪੇਸ਼ਕਸ਼ ਦਾ ਜਵਾਬ ਸਿੱਧੇ ਤੌਰ 'ਤੇ ਕੈਨੇਡਾ ਇੰਡਸਟਰੀਅਲ ਰਿਲੇਸ਼ਨਜ਼ ਬੋਰਡ ਦੇ ਕੋਲ ਸ਼ਿਕਾਇਤ ਦਰਜ ਕਰਵਾ ਕੇ ਦਿੱਤਾ ਜਿਸ ਤੋਂ ਬਾਅਦ ਉਨ੍ਹਾਂ ਨੇ ਇਹ ਫੈਸਲਾ ਲਿਆ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ, ਬੀ.ਸੀ. ਦੇ ਪੋਰਟਾਂ 'ਤੇ ਕਈ ਮਜ਼ਦੂਰਾਂ ਦੀ ਹੜਤਾਲ ਕਾਰਨ ਪੋਰਟਾਂ ਦੇ ਕਾਮ-ਕਾਜ 13 ਦਿਨਾਂ ਲਈ ਠੱਪ ਰਹੇ ਸਨ ਅਤੇ ਇਸ ਦੇ ਨਾਲ ਕਈ ਬਿਲੀਅਨ ਡਾਲਰਾਂ ਦਾ ਵਪਾਰ ਰੁਕ ਗਿਆ ਸੀ। ਇਸ ਤੋਂ ਬਾਅਦ ਅਗਸਤ ਮਹੀਨੇ ਵਿੱਚ, ਕੈਨੇਡਾ ਦੇ ਵੱਡੇ ਰੇਲਵੇ ਸਿਸਟਮਾਂ 'ਤੇ ਵੀ ਕੰਮ ਰੁਕਣ ਕਾਰਨ ਪੋਰਟਾਂ ਦੀ ਕੰਪਟੀਵਨਸ ਤੇ ਬੁਰਾ ਪ੍ਰਭਾਵ ਪਿਆ।

This report was written by Simranjit Singh as part of the Local Journalism Initiative.

# ਸੜਕਾਂ 'ਤੇ ਪਏ ਲਾਵਾਰਸ ਮਰੀਜ਼ਾਂ ਦੀ ਸੇਵਾ-ਸੰਭਾਲ ਕਰਨ ਵਾਲੇ ਡਾ. ਨੌਰੰਗ ਸਿੰਘ ਮਾਂਗਟ ਪਹੁੰਚ ਰਹੇ ਨੇ ਸਰੀ





ਸਰੀ, : ਜ਼ਿਲ੍ਹਾ ਲੁਧਿਆਣਾ ਦੇ ਪਿੰਡ ਸਰਾਭਾ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ (ਰਜਿ. ਚੈਰੀਟੇਬਲ) ਦੇ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ ਸੰਗਤਾਂ ਨਾਲ ਆਸ਼ਰਮ ਬਾਰੇ ਵਿਚਾਰ ਸਾਂਝੇ ਕਰਨ ਲਈ 13 ਤੋਂ 16 ਸਤੰਬਰ ਤੱਕ ਸਰੀ ਵਿਖੇ ਪਹੁੰਚ ਰਹੇ ਹਨ। ਇਸ ਦੌਰਾਨ ਉਹਨਾਂ ਨੂੰ ਸਰੀ 'ਚ 132 ਸਟਰੀਟ 'ਤੇ ਬਣੇ ਸਿੰਘ ਸਭਾ ਗੁਰਦੁਵਾਰਾ ਸਾਹਿਬ ਵਿਖੇ ਮਿਲਿਆ ਜਾ ਸਕਦਾ ਹੈ।

ਸਾਬਕਾ ਪ੍ਰੋਫ਼ੈਸਰ ਤੇ ਸਾਇੰਸਦਾਨ ਡਾ. ਨੌਰੰਗ ਸਿੰਘ ਮਾਂਗਟ ਨੇ ਪਹਿਲੇ ਚਾਰ ਸਾਲ ਸਾਇਕਲ 'ਤੇ ਫਿਰਕੇ ਲੁਧਿਆਣਾ ਸ਼ਹਿਰ 'ਚ ਸੜਕਾਂ ਕੰਢੇ ਅਤੇ ਗਰੀਬ ਮਜ਼ਦੂਰ ਕਲੋਨੀਆਂ 'ਚ ਪਏ ਬਿਮਾਰੀਆਂ ਨਾਲ ਪੀੜਤ ਸੈਂਕੜੇ ਹੀ ਲਾਵਾਰਸਾਂ, ਅਪਾਹਜਾਂ ਤੇ ਗ਼ਰੀਬਾਂ ਦਾ ਮੁਫ਼ਤ ਇਲਾਜ ਕਰਵਾਇਆ। ਫਿਰ ਅਜਿਹੇ ਬੇਸਹਾਰਿਆਂ ਦੇ ਰਹਿਣ ਅਤੇ ਸੇਵਾ-ਸੰਭਾਲ ਵਾਸਤੇ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਦੀ ਬਿਲਡਿੰਗ ਤਿਆਰ ਕਰਵਾਈ।

ਡਾ. ਨੌਰੰਗ ਸਿੰਘ ਮਾਂਗਟ ਨੇ ਦੱਸਿਆ ਕਿ ਹੁਣ ਇਸ ਆਸ਼ਰਮ ਵਿੱਚ ਦੋ ਸੌ (200) ਦੇ ਕਰੀਬ ਲਾਵਾਰਸ, ਬੇਘਰ, ਬੇਸਹਾਰਾ, ਅਪਾਹਜ, ਨੇਤਰਹੀਣ, ਬਿਮਾਰੀਆਂ ਨਾਲ ਪੀੜਤ ਅਤੇ ਦਿਮਾਗੀ ਸੰਤੁਲਨ ਗੁਆ ਚੁੱਕੇ ਮਰੀਜ਼ ਰਹਿੰਦੇ ਹਨ। ਸਵਾ ਸੌ ਦੇ ਕਰੀਬ ਮਰੀਜ਼ ਅਜਿਹੇ ਹਨ ਜਿਹਨਾਂ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਹੈ। ਇਹਨਾਂ 'ਚੋਂ ਜ਼ਿਆਦਾਤਰ ਮਰੀਜ਼ ਆਪਣਾ ਨਾਉਂ ਅਤੇ ਪਰਿਵਾਰ ਵਾਰੇ ਦੱਸਣ ਤੋਂ ਵੀ ਅਸਮਰੱਥ ਹਨ। ਅੱਸੀ ਦੇ ਕਰੀਬ ਅਜਿਹੇ ਮਰੀਜ਼ ਹਨ ਜਿਹੜੇ ਆਪਣੀ ਕਿਰਿਆ ਆਪ ਨਹੀਂ ਸੋਧ ਸਕਦੇ ਅਤੇ ਮਲ-ਮੂਤਰ ਵੀ ਕੱਪੜਿਆਂ 'ਚ ਹੀ ਕਰਦੇ ਹਨ। ਇਹਨਾਂ ਸਾਰੇ ਲੋੜਵੰਦਾਂ ਨੂੰ ਮੰਜਾ-ਬਿਸਤਰਾ, ਮੈਡੀਕਲ ਸਹਾਇਤਾ, ਗੁਰੂ ਦਾ ਲੰਗਰ, ਕੱਪੜੇ ਆਦਿ ਹਰ ਵਸਤੂ ਮੁਫ਼ਤ ਮਿਲਦੀ ਹੈ। ਕੋਈ ਵੀ ਫ਼ੀਸ ਜਾਂ ਖ਼ਰਚਾ ਨਹੀਂ ਲਿਆ ਜਾਂਦਾ। ਆਸ਼ਰਮ ਦਾ ਪ੍ਰਬੰਧ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲਦਾ ਹੈ। ਡਾ. ਮਾਂਗਟ ਦਾ ਸੰਪਰਕ: ਕੈਨੇਡਾ:403-401-8787; ਇੰਡੀਆ:95018-42506 । This report was written by Ekjot Singh as part of the Local Journalism Initiative.

# ਸਰੀ ਤੋਂ 15 ਸਾਲ ਦੀ ਕੁੜੀ ਹੋਈ ਲਾਪਤਾ



ਸਰੀ, (ਸਿਮਰਨਜੀਤ ਸਿੰਘ): ਸਰੀ RCMP ਨੇ ਜਨਤਾ ਤੋਂ 15 ਸਾਲ ਦੀ ਲਾਪਤਾ ਕੁੜੀ ਦੀ ਭਾਲ ਵਿੱਚ ਸਹਾਇਤਾ ਦੀ ਮੰਗੀ ਹੈ। ਹਾਰਲੇ ਲੌਰਸਨ ਨੂੰ ਅਖੀਰੀ ਵਾਰ ਮੰਗਲਵਾਰ, 3 ਸਤੰਬਰ ਨੂੰ ਸਵੇਰੇ ਤਕਰੀਬਨ 8 ਵਜੇ 142ਵੇਂ ਸਟ੍ਰੀਟ ਦੇ 5600 ਬਲਾਕ ਵਿੱਚ ਵੇਖਿਆ ਗਿਆ ਸੀ। ਉਸ ਤੋਂ ਬਾਅਦ ਉਸਦੇ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ।

ਹਾਰਲੇ ਦੀ ਬਾਰੇ ਜਾਣਕਾਰੀ ਸਾਂਝੀ ਕਰਦੇ ਹੋਏ ਅਧਿਕਾਰੀਆਂ ਨੇ ਦੱਸਿਆ ਕਿ ਉਹ 15 ਸਾਲ ਦੀ ਅਦੀਵਾਸੀ ਕੁੜੀ ਹੈ। ਕੱਦ 5'1" ਅਤੇ ਭਾਰ 164 ਪੌਂਡ ਦੇ ਕਰੀਬ ਹੈ। ਉਸ ਦੇ ਛੋਟੇ ਭੂਰੇ ਵਾਲ ਅਤੇ ਲਾਪਤਾ ਹੋਣ ਸਮੇਂ, ਹਾਰਲੇ ਨੇ ਸਫੇਦ ਟੀ-ਸ਼ਰਟ ਪਹਿਨੀ ਹੋਈ ਸੀ, ਜਿਸ ਦੇ ਮੂਹਰੇ "Believe" ਲਿਖਿਆ ਹੋਇਆ ਸੀ।

ਪੁਲਿਸ ਅਤੇ ਪਰਿਵਾਰ ਉਸ ਦੀ ਸਿਹਤ ਅਤੇ ਸੁੱਖ-ਸਾਲਾਮਤੀ ਨੂੰ ਲੈ ਕੇ ਚਿੰਤਿਤ ਹਨ, ਕਿਉਂਕਿ ਉਸ ਨੂੰ ਦਵਾਈਆਂ ਦੀ ਲੋੜ ਹੈ। RCMP ਨੇ ਇੱਕ ਪ੍ਰੈਸ ਰਿਲੀਜ਼ ਵਿੱਚ ਕਿਹਾ ਕਿ ਜੋ ਵੀ ਹਾਰਲੇ ਬਾਰੇ ਜਾਣਕਾਰੀ ਦੇ ਸਕਦਾ ਹੈ, ਉਹ ਤੁਰੰਤ ਪੁਲਿਸ ਨਾਲ 604-599-0502 'ਤੇ ਸੰਪਰਕ ਕਰੇ ਅਤੇ ਫਾਈਲ ਨੰਬਰ 24-131672 'ਤੇ ਸੰਪਰਕ ਕਰੇ। This report was written by Simranjit Singh as part of the Local Journalism Initiative.

JOB AND FAIR
owned by L.S Fair Enterprise

We Provide a reliable and Flexible Workforce,

Ready to meet your labor needs anywhere, Ensuring efficient and timely support across various Locations.

» Move In & Out Cleaning
» One Off Deep Cleaning
» After Builder Cleaning
» Appliances Cleaning Incl. Oven
» Commercial Cleaning
» Pressure Cleaning
» Professional Carpet Cleaning

JASVINDER SINGH

CELL : +1 236-632-6301 | +1 604-512-5001
Email: jobandfair@gmail.com | Web: jobandfair.ca
12844 - 66B Ave. Surrey, B.C.

# ਬੀ.ਸੀ. ਯੂਨਾਈਟਿਡ ਦੇ ਫੈਸਲੇ ਤੋਂ ਨਾਰਾਜ਼ ਕਈ ਉਮੀਦਵਾਰਾਂ ਨੇ ਕੀਤਾ ਆਜ਼ਾਦ ਚੋਣ ਲੜਨ ਦਾ ਐਲਾਨ

ਸਰੀ, (ਸਿਮਰਨਜੀਤ ਸਿੰਘ): ਬ੍ਰਿਟਿਸ਼ ਕੋਲੰਬੀਆ ਦੇ ਵਿਧਾਇਕ ਮਾਈਕ ਬਰਨੀਅਰ ਨੇ ਆਉਣ ਵਾਲੀ ਪ੍ਰੋਵਿੰਸ਼ੀਅਲ ਚੋਣ ਵਿੱਚ ਆਜ਼ਾਦ ਉਮੀਦਵਾਰ ਵਜੋਂ ਖੜ੍ਹਨ ਦਾ ਫੈਸਲਾ ਕੀਤਾ ਹੈ। ਬਰਨੀਅਰ ਨੇ ਬੀ.ਸੀ. ਯੂਨਾਈਟਿਡ ਦੇ ਕਈ ਸਾਬਕਾ ਉਮੀਦਵਾਰਾਂ ਵਾਂਗ ਬੀ.ਸੀ. ਕਨਜ਼ਰਵੇਟਿਵਜ਼ ਦੇ ਬੈਨਰ ਹੇਠ ਉਮੀਦਵਾਰ ਵਜੋਂ ਚੋਣ ਲੜ੍ਹਨ ਦੀ ਬਜਾਏ ਆਜ਼ਾਦ ਚੋਣ ਲੜਨ ਰਾਹ ਚੁਣਿਆ ਹੈ।

ਬਰਨੀਅਰ ਨੇ ਬੀ.ਸੀ. ਕਨਜ਼ਰਵੇਟਿਵਜ਼ ਨਾਲ ਮਿਲ ਕੇ ਚੋਣਾਂ ਲੜਨ ਦੀ ਸੰਭਾਵਨਾ ਦਾ ਪਹਿਲਾਂ ਜ਼ਿਕਰ ਕੀਤਾ ਸੀ, ਪਰ ਹੁਣ ਉਨ੍ਹਾਂ ਕਿਹਾ ਕੀ ਉਹ ਲੋਕਾਂ ਦੇ ਆਵਾਜ਼ ਬਣਨਗੇ ਕਿਉਂਕਿ ਬੀ.ਸੀ. ਕਨਜ਼ਰਵੇਟਿਵਜ਼ ਦੇ ਕੁਝ ਉਮੀਦਵਾਰ "ਖ਼ਵਾਤੀਨ ਦੇ ਹੱਕਾਂ ਖ਼ਿਲਾਫ਼, ਮੌਸਮ ਦੀ ਤਬਦੀਲੀ ਨੂੰ ਰੱਦ ਕਰਨ" ਅਤੇ "ਫ਼ਰਸਟ ਨੇਸ਼ਨਜ਼ ਦੇ ਮੁਦਿਆਂ ਖ਼ਿਲਾਫ਼" ਨਜ਼ਰੀਆ ਪੇਸ਼ ਕਰਦੇ ਹਨ। ਇਸ ਲਈ ਉਨ੍ਹਾਂ ਨੇ ਬੀ.ਸੀ. ਕਨਜ਼ਰਵੇਟਿਵਜ਼ ਦੇ ਨਾਲ ਮਿਲ ਕੇ ਚੋਣ ਲੜਨ ਦੀ ਬਜਾਇ ਆਪਣੇ ਲੋਕਾਂ ਦੀ ਆਵਾਜ਼ ਬੁਲੰਦ ਕਰਨ ਲਈ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦਾ ਫੈਸਲਾ ਲਿਆ ਹੈ।


ਮਾਈਕ ਬਰਨੀਅਰ ਦਪਿੰਦਰ ਕੌਰ ਸਰੇਨ ਕੇਵਿਨ ਐਕਟਨ

ਜ਼ਿਕਰਯੋਗ ਹੈ ਕਿ ਬੀ.ਸੀ. ਦੀ ਰਾਜਨੀਤਿਕ ਵਿੱਚ ਪਿਛਲੇ ਹਫ਼ਤੇ ਇੱਕ ਵੱਡਾ ਬਦਲਾਅ ਹੋਇਆ ਸੀ, ਜਦੋਂ ਬੀ.ਸੀ. ਯੂਨਾਈਟਿਡ ਦੇ ਨੇਤਾ ਕੇਵਿਨ ਫਾਲਕਨ ਨੇ ਸਰਕਾਰੀ ਵਿਰੋਧੀ ਪਾਰਟੀ ਦੀ ਮੁਹਿੰਮ ਨੂੰ ਰੋਕਦੇ ਹੋਏ ਬੀ.ਸੀ. ਕਨਜ਼ਰਵੇਟਿਵਜ਼ ਦੇ ਨੇਤਾ ਜੋਨ ਰੁਸਟੈਡ ਦਾ ਸਾਥ ਦੇਣ ਦਾ ਫੈਸਲਾ ਕੀਤਾ। ਇਸ ਬਦਲਾਅ ਨਾਲ 140 ਸਾਬਕਾ ਮੰਜ਼ੂਰਸ਼ੁਦਾ ਉਮੀਦਵਾਰਾਂ ਦੀ ਸੂਚੀ ਨੂੰ ਘਟਾ ਕੇ 93 ਸੀਟਾਂ 'ਤੇ ਉਮੀਦਵਾਰ ਖੜ੍ਹੇ ਕਰਨ ਲਈ ਗਲਬਾਤ ਕੀਤੀ ਜਾ ਰਹੀ ਹੈ। ਇਸ ਮੁਹਿੰਮ ਦੇ ਬਾਅਦ, ਕੁਝ ਸਾਬਕਾ ਉਮੀਦਵਾਰਾਂ ਨੂੰ ਹਟਾ ਦਿੱਤਾ ਗਿਆ ਹੈ ਜਿਸ ਤੋਂ ਬਾਅਦ ਕਈ ਹੋਰ ਸਾਬਕਾ ਉਮੀਦਵਾਰ ਆਜ਼ਾਦ ਉਮੀਦਵਾਰ ਵਜੋਂ ਚੋਣਾਂ ਲੜ੍ਹ ਦਾ ਰਾਹ ਚੁਣ ਰਹੇ ਹਨ।

ਜਾਣਕਾਰੀ ਅਨੁਸਾਰ ਬਰਨੀਅਰ ਦੇ ਇਲਾਵਾ ਸਰੀ-ਪਨੋਰਮਾ ਦੇ ਉਮੀਦਵਾਰ ਦਪਿੰਦਰ ਕੌਰ ਸਰਨ ਨੇ ਵੀ ਆਜ਼ਾਦ ਹੋ ਕੇ ਚੋਣਾਂ ਲੜਨ ਦਾ ਐਲਾਨ ਕੀਤਾ ਹੈ। ਕਲੋਨਾ ਦੇ ਨੇੜੇ ਲੁੰਬੀ ਸ਼ਹਿਰ ਦੀ ਮੇਅਰ ਰਹੇ ਅਤੇ ਸਾਬਕਾ ਬੀ.ਸੀ. ਯੂਨਾਈਟਿਡ ਉਮੀਦਵਾਰ ਕੇਵਿਨ ਐਕਟਨ ਨੇ ਵੀ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ੍ਹਨ ਦੀ ਘੋਸ਼ਣਾ ਕੀਤੀ ਹੈ। This report was written by Simranjit Singh as part of the Local Journalism Initiative.

# ਐਨ.ਡੀ.ਪੀ. ਵੱਲੋਂ ਲਿਬਰਲਾਂ ਸਮਝੌਤਾ ਤੋੜਿਆ, ਪਰ ਸੰਸਦੀ ਕਾਰਵਾਈ ਜਾਰੀ ਰਹੇਗੀ : ਐਲਿਜ਼ਬੇਥ ਮੇਅ

**ਸਮਝੌਤਾ ਟੁਟਣ ਦਾ ਮਤਲਬ ਇਹ ਨਹੀਂ ਕਿ ਹੁਣ ਤੁਰੰਤ ਚੋਣਾਂ ਦਾ ਐਲਾਨ ਕਰ ਦਿੱਤਾ ਜਾਵੇਗਾ : ਐਲਿਜ਼ਬੇਥ ਮੇਅ**

ਸਰੀ, (ਸਿਮਰਨਜੀਤ ਸਿੰਘ): ਐਨ.ਡੀ.ਪੀ. ਵੱਲੋਂ ਲਿਬਰਲਾਂ ਨਾਲ ਸਪਲਾਈ ਅਤੇ ਵਿਸ਼ਵਾਸ ਸਮਝੌਤੇ ਨੂੰ ਖਤਮ ਕਰਨ ਦੇ ਫੈਸਲੇ ਦੇ ਬਾਵਜੂਦ, ਸੰਸਦ ਵਿੱਚ ਕੋਈ ਵੱਡਾ ਫ਼ਰਕ ਨਹੀਂ ਪਵੇਗਾ ਅਤੇ ਸੰਸਦ ਦੀ ਕਾਰਵਾਈ ਜਾਰੀ ਰਹੇਗੀ। ਇਹ ਬਿਆਨ ਸੈਨਿਚ-ਗਲਫ ਆਇਲੈਂਡ ਦੀ ਗ੍ਰੀਨ ਪਾਰਟੀ ਦੀ ਸੰਸਦ ਮੈਂਬਰ ਐਲਿਜ਼ਬੇਥ ਮੇਅ ਵਲੋਂ ਜਾਰੀ ਕੀਤਾ ਗਿਆ ਹੈ ਉਨ੍ਹਾਂ ਕਿਹਾ ਕਿ "ਇਹ ਕਿਸੇ ਵੱਡੇ ਬਦਲਾਅ ਦੀ ਸੰਕੇਤ ਨਹੀਂ, ਇਸਦਾ ਮਤਲਬ ਇਹ ਨਹੀਂ ਕਿ ਹੁਣ ਤੁਰੰਤ ਚੋਣਾਂ ਦਾ ਐਲਾਨ ਕਰ ਦਿੱਤਾ ਜਾਵੇਗਾ। ਚੋਣਾਂ ਦਾ ਸਮਾਂ 2025 ਦੀਆਂ ਗਰਮੀਆਂ ਤੱਕ ਜਾ ਸਕਦਾ ਹੈ ਪਰ ਮੈਂ ਇਹ ਪੱਕੇ ਤੌਰ 'ਤੇ ਨਹੀਂ ਕਹਿੰਦੀ"

ਉਨ੍ਹਾਂ ਨੇ ਇਹ ਵੀ ਕਿਹਾ ਕਿ ਸਮਝੌਤਾ ਤੋੜਨ ਤੋਂ ਬਾਅਦ ਹੁਣ ਤੱਕ ਨਾ ਹੀ ਐਨ.ਡੀ.ਪੀ. ਦੇ ਮੁਖੀ ਜਗਮੀਤ ਸਿੰਘ ਅਤੇ ਨਾ ਹੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਤੁਰੰਤ ਚੋਣਾਂ ਵਿੱਚ ਜਾਣ ਦੀ ਇੱਛਾ ਜਤਾਈ ਹੈ।

ਐਨ.ਡੀ.ਪੀ. ਨੇਤਾ ਜਗਮੀਤ ਸਿੰਘ ਨੇ ਬੁੱਧਵਾਰ (4 ਸਤੰਬਰ) ਨੂੰ ਐਲਾਨ ਕੀਤਾ ਕਿ 2022 ਵਿੱਚ ਕੀਤਾ ਗਿਆ ਸਮਝੌਤਾ ਹੁਣ ਖਤਮ ਕੀਤਾ ਜਾ ਰਿਹਾ ਹੈ। ਇਹ ਸਮਝੌਤਾ, ਜੋ ਸਪਲਾਈ ਅਤੇ ਵਿਸ਼ਵਾਸ ਦੇ ਤਹਿਤ ਸੀ, ਘੱਟ ਟਰੂਡੋ ਦੀ ਘੱਟ-ਗਿਣਤੀ ਸਰਕਾਰ ਨੂੰ ਸਮਰਥਨ ਦੇ ਰੂਪ ਵਿੱਚ ਮਦਦ ਕਰ ਰਿਹਾ ਸੀ।



ਇਹ ਫੈਸਲਾ ਕੈਨੇਡਾ ਦੇ ਰੇਲ ਸੈਂਟੇਲੈਂਟ ਸਬੰਧੀ ਆਈ ਚੁਣੌਤੀ ਨੂੰ ਖਤਮ ਕਰਨ ਲਈ, ਮਜ਼ਦੂਰ ਮੰਤਰੀ ਸਟੀਵ ਮੈਕਕਿਨਨ ਵੱਲੋਂ ਆਪਣੇ ਅਧਿਕਾਰਾਂ ਦੀ ਵਰਤੋਂ ਕਰਨ ਤੋਂ ਬਾਅਦ ਆਇਆ ਹੈ। ਇਸ ਫ਼ੈਸਲੇ ਨੇ ਕਰਮੀਆਂ ਨੂੰ ਨਾਖੁਸ਼ ਕੀਤਾ ਹੈ, ਜਿਸ ਕਾਰਨ ਐਨ.ਡੀ.ਪੀ. ਵਲੋਂ ਟਰੂਡੋ ਸਰਕਾਰ ਨੂੰ ਦਿੱਤੇ ਜਾ ਰਹੇ ਸਮਰਥਨ 'ਤੇ ਵੀ ਲੋਕਾਂ ਨੇ ਕਈ ਸਵਾਲ ਖੜ੍ਹੇ ਕੀਤੇ ਸਨ।

ਐਨ.ਡੀ.ਪੀ. ਵੱਲੋਂ ਹੁਣ ਕਿਹਾ ਗਿਆ ਹੈ ਕਿ ਉਹ ਹਰ ਕਾਨੂੰਨ ਤੇ ਵੱਖਰੇ ਵੱਖਰੇ ਪ੍ਰਸਤਾਵਾਂ 'ਤੇ ਆਪਣਾ ਫੈਸਲਾ ਲੈਣਗੇ।

ਐਲਿਜ਼ਬੇਥ ਮੇਅ ਨੇ ਕਿਹਾ, " ਐਨ.ਡੀ.ਪੀ. ਨੇ ਹੁਣ ਲਿਬਰਲਾਂ ਨਾਲ ਗੱਲਬਾਤ ਕਰਨ ਲਈ ਵਧੀਆ ਭਾਵਨਾ ਬਣਾਈ ਹੈ ਕਿਉਂਕਿ ਹੁਣ ਉਹ ਕਿਸੇ ਨਿਰਧਾਰਤ ਸਾਥੀ ਦੇ ਤੌਰ 'ਤੇ ਫੈਸਲੇ ਨਹੀਂ ਲੈਣਗੇ।"

ਉਨ੍ਹਾਂ ਇਹ ਵੀ ਕਿਹਾ ਕਿ ਉਹ ਇਹ ਦੇਖ ਰਹੇ ਹਨ ਕਿ ਘੱਟ ਗਿਣਤੀ-ਸਰਕਾਰ ਨੂੰ ਹੁਣ ਡੂੰਘੀ ਸੋਚ-ਵਿਚਾਰ ਤੋਂ ਬਾਅਦ ਫੈਸਲੇ ਲੈਣਗੇ ਪੈਣਗੇ ਕਿਉਂਕਿ ਹੁਣ ਉਹ ਹਰ ਫੈਸਲੇ ਤੋਂ ਪਹਿਲਾਂ ਵੋਟਿੰਗ 'ਤੇ ਨਿਰਭਰ ਰਹਿਣਗੇ। This report was written by Simranjit Singh as part of the Local Journalism Initiative.







# ਐਬਟਸਫੋਰਡ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ


























ਐਬਟਸਫੋਰਡ :-(ਬਰਾੜ- ਭਗਤਾ ਭਾਈ ਕਾ) ਏਥੋਂ ਦੇ ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 420ਵੀਂ ਪਹਿਲੇ ਪ੍ਰਕਾਸ਼ ਦਿਹਾੜੇ 'ਤੇ ਇੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਸ ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰਿਆਂ ਵੱਲੋਂ ਕੀਤੀ ਗਈ ਅਤੇ ਪਾਲਕੀ ਸਾਹਿਬ ਵਾਲਾ ਫਲੋਟ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਸੁਸ਼ੋਬਤ ਸਨ ਉਹ ਗੁਰਦੁਆਰਾ ਸਾਹਿਬ ਤੋਂ ਚੱਲ ਕੇ ਰਿਜਵਿਊ ਐਵੇਨਿਊ, ਟਾਊਨ ਲਾਈਨ ਰੋਡ ਅਤੇ ਬਿਲਿਊ ਜੇ ਸਟਰੀਟ ਤੋਂ ਹੁੰਦਾ ਹੋਇਆ ਵਾਪਸ ਗੁਰਦੁਆਰਾ ਸਾਹਿਬ ਪਹੁੰਚਿਆ ਜਿੱਥੇ ਵੱਡੀ ਸਟੇਜ ਲੱਗੀ ਹੋਈ ਸੀ ਅਤੇ ਬੁਲਾਰਿਆਂ ਨੇ ਆਪਾਂ ਆਪਣੇ ਭਾਸ਼ਣਾਂ 'ਚ ਸਜਾਏ ਜਾਂਦੇ ਨਗਰ ਕੀਰਤਨਾਂ ਬਾਰੇ ਗਿਆਨ ਭਰਪੂਰ ਜਾਣਕਾਰੀ ਦਿੱਤੀ।

ਵੱਡੀ ਗਿਣਤੀ ਵਿੱਚ ਸੰਗਤ ਵੱਲੋਂ ਪਾਲਕੀ ਸਾਹਿਬ ਦੇ ਨਾਲ ਨਾਲ ਪਰਕਰਮਾਂ ਕੀਤੀ ਅਤੇ ਪੂਰੇ ਰਸਤੇ ਗੁਰਬਾਣੀ ਦਾ ਜਾਪ ਹੁੰਦਾ ਰਿਹਾ। ਸਿੱਖ ਭਾਈਚਾਰੇ ਵੱਲੋਂ ਸਾਰੇ ਸਫ਼ਰੀ ਰਸਤੇ ਵਿੱਚ ਥਾਂ ਥਾਂ ਹਰ ਕਿਸਮ ਦੇ ਭੋਜਨਾਂ ਦੀ ਲੰਗਰ ਸੇਵਾ ਕੀਤੀ ਗਈ। ਪੰਜਾਬ ਤੋਂ ਆ ਕੇ ਕੈਨੇਡਾ ਵਸੇ ਲੋਕਾਂ ਨੇ ਲੰਗਰਾਂ ਦੀ ਬੇਅੰਤ ਸੇਵਾ ਕੀਤੀ ਗਈ। ਇਸ ਸਮੇਂ ਪੰਜਾਬ ਤੋਂ ਪੜ੍ਹਾਈ ਕਰਨ ਆਏ ਵਿਦਿਆਰਥੀਆਂ ਦੀ ਵੱਡੀ ਗਿਣਤੀ ਵੇਖਣ ਨੂੰ ਮਿਲੀ।

ਦਸਮੇਸ਼ ਪੰਜਾਬੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਨਗਰ ਕੀਰਤਨ ਦੇ ਰੂਟ ਦੌਰਾਨ ਕੀਰਤਨ ਕੀਤਾ ਗਿਆ ਅਤੇ ਗੱਤਕਾ ਟੀਮ ਨੇ ਗੱਤਕਾ ਦੇ ਕਰਤੱਵ ਵਿਖਾਏ। ਇਸ ਦੌਰਾਨ ਸਿੱਖ ਮੋਟਰਸਾਈਕਲ ਕਲੱਬ ਦੇ ਨੌਜਵਾਨਾਂ ਨੇ ਆਪਣੇ ਵਾਹਣਾਂ ਨਾਲ ਗੁਰੂ ਮਹਾਰਾਜ ਦੇ ਫਲੋਟ ਅੱਗੇ ਅੱਗੇ ਪਰਕਰਮਾ ਕੀਤੀ। ਗੁਰਦੁਆਰਾ ਸਾਹਿਬ ਬਾਬਾ ਬੰਦਾ ਸਿੰਘ ਬਹਾਦਰ ਦੀ ਸਟੇਜ ਤੋਂ ਢਾਡੀਆਂ ਵੱਲੋਂ ਵਾਰਾਂ ਦਾ ਗਾਇਬ ਕੀਤਾ ਗਿਆ। ਨਗਰ ਕੀਰਤਨ 'ਚ ਖਾਲਿਸਤਾਨੀ ਝੰਡੇ ਵੀ ਵੇਖਣ ਨੂੰ ਮਿਲੇ ਅਤੇ ਕੱਟੜ ਪੰਥੀਆਂ ਦੀ ਸਟੇਜ ਤੋਂ ਖਾਲਿਸਤਾਨ ਦੇ ਨਾਹਰੇ ਲੱਗਦੇ ਵੀ ਸੁਣੇ ਗਏ। ਸਾਰੇ ਸਾਲਾਂ ਨਾਲੋਂ ਇਸ ਸਾਲ ਵੱਡੀ ਗਿਣਤੀ 'ਚ ਸੰਗਤ ਪਹੁੰਚੀ ਹੋਈ ਸੀ। ਕਰੜੀ ਧੁੱਪ ਦੇ ਵਿੱਚ ਲੋਕਾਂ ਨੇ ਨਗਰ ਕੀਰਤਨ ਦਾ ਅਨੰਦ ਮਾਣਿਆਂ ਅਤੇ ਗੁਰਬਾਣੀ ਦਾ ਜਾਪ ਕੀਤਾ। ਲੰਗਰ ਤਿਆਰੀ ਕਰਨ ਵਿੱਚ ਔਰਤਾਂ 'ਚ ਜ਼ਿਆਦਾ ਦਿਲਚਸਪੀ ਦੇਖਣ ਨੂੰ ਮਿਲੀ।

# ਕੈਨੇਡਾ 'ਚ ਕੌਮਾਂਤਰੀ ਵਿਦਿਆਰਥੀਆਂ ਵਲੋਂ ਵੱਡੇ ਪੱਧਰ 'ਤੇ ਪ੍ਰਦਰਸ਼ਨ

## ਨਵੇਂ ਇਮਿਗ੍ਰੇਸ਼ਨ ਨਿਯਮਾਂ ਕਾਰਨ 70,000 ਤੋਂ ਵੱਧ ਵਿਦਿਆਰਥੀਆਂ 'ਤੇ ਡਿਪੋਰਟੇਸ਼ਨ ਦਾ ਖਤਰਾ

ਸਰੀ, (ਸਿਮਰਨਜੀਤ ਸਿੰਘ): ਕੈਨੇਡਾ 'ਚ ਪੰਜਾਬ ਤੋਂ ਪੜ੍ਹਾਈ ਲਈ ਗਏ ਕਈ ਕੌਮਾਂਤਰੀ ਵਿਦਿਆਰਥੀਆਂ ਨੇ ਅਜਿਹੀ ਸਥਿਤੀ ਵਿੱਚ ਪੱਕਾ ਧਰਨਾ ਲਗਾ ਦਿੱਤਾ ਹੈ ਜਦੋਂ ਉਨ੍ਹਾਂ ਦੇ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਦੀ ਮਿਆਦ ਖ਼ਤਮ ਹੋ ਰਹੀ ਹੈ ਅਤੇ ਪੀਆਰ (ਸਥਾਈ ਨਾਗਰਿਕਤਾ) ਮਿਲਣ ਵਿੱਚ ਰੁਕਾਵਟਾਂ ਆ ਰਹੀਆਂ ਹਨ।

ਖਬਰਾਂ ਦੇ ਅਨੁਸਾਰ ਨੌਜਵਾਨ ਸਪੋਰਟਸ ਨੈੱਟਵਰਕ ਵਿਦਿਆਰਥੀ ਦੇ ਹੱਕਾਂ ਲਈ ਕੰਮ ਕਰਨ ਵਾਲਾ ਗਰੁੱਪ ਹੈ, ਉਨ੍ਹਾਂ ਦਾ ਕਹਿਣਾ ਹੈ ਕਿ 70,000 ਤੋਂ ਵੱਧ ਗ੍ਰੈਜੂਏਟ ਜਦੋਂ ਉਹਨਾਂ ਦੇ ਵਰਕ ਪਰਮਿਟ ਇਸ ਸਾਲ ਦੇ ਅੰਤ ਵਿੱਚ ਸਮਾਪਤ ਹੋਣਗੇ ਅਤੇ ਉਨ੍ਹਾਂ 'ਤੇ ਡਿਪੋਰਟੇਸ਼ਨ ਦਾ ਖਤਰਾ ਹੈ।

ਧਰਨਾ ਦੇਣ ਵਾਲੇ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਕੋਰੋਨਾ ਮਹਾਂਮਾਰੀ ਦੌਰਾਨ ਉਨ੍ਹਾਂ ਨੂੰ ਵਰਕ ਪਰਮਿਟ ਦੇ ਵਾਧੇ ਦਾ ਲਾਭ ਮਿਲਿਆ, ਪਰ ਹੁਣ ਕੈਨੇਡਾ ਸਰਕਾਰ ਨੇ ਨਵੇਂ ਬਦਲਾਅ ਕਰਕੇ ਉਨ੍ਹਾਂ ਦੀਆਂ ਉਮੀਦਾਂ ਨੂੰ ਠੇਸ ਪਹੁੰਚਾਈ ਹੈ। ਉਹਨਾਂ ਦਾ ਮੰਨਣਾ ਹੈ ਕਿ ਪੀਆਰ ਲਈ ਲਾਗੂ ਨਵੀਆਂ ਯੋਗਤਾਵਾਂ ਅਤੇ ਸਕੋਰਿੰਗ ਪ੍ਰਕਿਰਿਆ ਨੇ ਉਨ੍ਹਾਂ ਦੀ ਸਥਾਈ ਨਾਗਰਿਕਤਾ ਦੀ ਆਸ ਨੂੰ ਕਾਫੀ ਔਖਾ ਬਣਾ ਦਿੱਤਾ ਹੈ।




ਕੈਨੇਡਾ ਸਰਕਾਰ ਨੇ ਘਟੇ ਹੋਏ ਨਿਯਮਾਂ ਦੇ ਤਹਿਤ ਕੈਨੇਡਾ ਵਿੱਚ ਆਰਜ਼ੀ ਵਿਦੇਸ਼ੀ ਕੰਮਿਆਂ ਦੀ ਗਿਣਤੀ ਨੂੰ ਘਟਾਉਣ ਦਾ ਐਲਾਨ ਕੀਤਾ ਹੈ। ਇਹ ਪਾਲਿਸੀ 26 ਸਤੰਬਰ, 2024 ਤੋਂ ਲਾਗੂ ਕੀਤੀ ਗਈ ਹੈ।

ਜਨਵਰੀ 2024 ਵਿੱਚ ਕੈਨੇਡਾ ਸਰਕਾਰ ਨੇ ਐਲਾਨ ਕੀਤਾ ਸੀ ਕਿ ਸਤੰਬਰ 2024 ਤੋਂ 35% ਨਵੇਂ ਅੰਤਰਰਾਸ਼ਟਰੀ ਵਿਦਿਆਰਥੀ ਪਰਮਿਟਾਂ ਦੀ ਕਟੌਤੀ ਕੀਤੀ ਜਾਵੇਗੀ। ਇਸ ਨਾਲ ਨਾਲ, ਕੈਨੇਡਾ ਵਿੱਚ ਪੜ੍ਹਨ ਵਾਲੇ ਵਿਦਿਆਰਥੀ ਹਫ਼ਤੇ ਵਿੱਚ 24 ਘੰਟੇ ਤੱਕ ਹੀ ਕੰਮ ਕਰ ਸਕਣਗੇ।

ਧਰਨੇ ਵਿੱਚ ਸ਼ਾਮਿਲ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕੈਨੇਡਾ 'ਚ ਵਸਣ ਅਤੇ ਕੰਮ ਕਰਨ ਲਈ ਕਈ ਕੁਰਬਾਨੀਆਂ ਦਿੱਤੀਆਂ ਹਨ, ਪਰ ਹੁਣ ਸਰਕਾਰ ਦੇ ਨਵੇਂ ਨਿਯਮਾਂ ਕਾਰਨ ਉਹ ਬਹੁਤ ਪ੍ਰੇਸ਼ਾਨ ਹਨ। ਉਨ੍ਹਾਂ ਦੀ ਮੰਗ ਹੈ ਕਿ ਸਰਕਾਰ ਇਹ ਬਦਲਾਅ ਵਾਪਸ ਲਏ ਅਤੇ ਵਰਕ ਪਰਮਿਟ ਦੀ ਮਿਆਦ ਨੂੰ ਵਧਾਇਆ ਜਾਵੇ ਤਾਂ ਜੋ ਉਹ ਪੀਆਰ ਲਈ ਅਪਲਾਈ ਕਰ ਸਕਣ। This report was written by Simranjit Singh as part of the Local Journalism Initiative.

# ਜਲਵਾਯੂ ਪਰਿਵਰਨ ਕਾਰਨ ਕੈਨੇਡਾ ਵਿੱਚ ਕੁਦਰਤੀ ਆਫਤਾਂ ਦੀ ਸੰਭਾਵਨਾ ਵਧਾਈ

## ਇੰਸ਼ੋਰੈਂਸ ਬਿਊਰੋ ਆਫ ਕੈਨੇਡਾ ਦੇ 2024 ਕੁਦਰਤੀ ਆਪਦਾਵਾਂ ਦੀ ਰਿਪੋਰਟ ਕੀਤੀ ਜਾਰੀ, ਕੁਦਰਤੀ ਆਫ਼ਤਾਂ ਕਾਰਨ ਇੰਸ਼ੋਰੈਂਸ ਕਲੇਮ ਲਈ ਕਈ ਗੁਣਾ ਵਧੇ

ਸਰੀ, (ਸਿਮਰਨਜੀਤ ਸਿੰਘ): ਇੰਸ਼ੋਰੈਂਸ ਬਿਊਰੋ ਆਫ਼ ਕੈਨੇਡਾ ਨੇ ਆਪਣੀ 2024 ਦੀ ਰਿਪੋਰਟ ਜਾਰੀ ਕੀਤੀ ਹੈ ਜਿਸ ਵਿੱਚ ਕੈਨੇਡਾ ਵਿੱਚ ਕੁਦਰਤੀ ਆਫ਼ਤਾਂ ਦੀ ਵਰਤਮਾਨ ਸਥਿਤੀ ਅਤੇ ਭਵਿੱਖ ਦੀ ਸੰਭਾਵਨਾ ਬਾਰੇ ਚਿੰਤਾ ਪ੍ਰਗਟ ਕੀਤੀ ਗਈ ਹੈ। ਰਿਪੋਰਟ ਦੇ ਅਨੁਸਾਰ, ਜਲਵਾਯੂ ਪਰਿਵਰਤਨ ਦੇ ਕਾਰਨ ਕੁਦਰਤੀ ਆਫ਼ਤਾਂ ਦੀ ਸੰਭਾਵਨਾ ਵਿੱਚ ਵਾਧਾ ਹੋ ਰਿਹਾ ਹੈ, ਜਿਸ ਨਾਲ ਕੈਨੇਡਾ ਦੇ ਕਈ ਸੂਬਿਆਂ ਵਿੱਚ ਹੜ੍ਹ, ਸੋਕਾ, ਜੰਗਲੀ ਅੱਗਾਂ ਵਰਗੀਆਂ ਭਿਆਨਕ ਸਥਿਤੀਆਂ ਪੈਦਾ ਹੋ ਰਹੀਆਂ ਹਨ। ਰਿਪੋਰਟ ਮੁਤਾਬਿਕ, ਜਲਵਾਯੂ ਪਰਿਵਰਤਨ ਨਾਲ ਸੰਬੰਧਿਤ ਆਫਤਾਂ ਵਿੱਚ ਵਾਧਾ ਹੋ ਰਿਹਾ ਹੈ। "ਸਮੁੰਦਰ ਦੇ ਸਤਹਿ ਵਿੱਚ ਵਾਧਾ, ਗਰਮ ਲਹਿਰਾਂ ਅਤੇ ਵਧੀਆ ਪਹਾੜੀ ਹਵਾਵਾਂ ਨੇ ਕੁਦਰਤੀ ਆਫ਼ਤਾਂ ਦੀ ਸੰਭਾਵਨਾ ਨੂੰ ਕਾਫ਼ੀ ਵਧਾ ਦਿੱਤਾ ਹੈ," ਰਿਪੋਰਟ ਦੇ ਅਨੁਸਾਰ, ਬ੍ਰਿਟਿਸ਼ ਕੋਲੰਬੀਆ ਅਤੇ ਅਲਬਰਟਾ ਵਿੱਚ ਕੁਦਰਤੀ ਆਫ਼ਤਾਂ ਦੀ ਸੰਭਾਵਨਾ ਸਭ ਤੋਂ ਵੱਧ ਹੈ ਜੋ ਕਿ



ਪਿਛਲੇ ਕੁਝ ਸਾਲਾਂ ਵਿੱਚ ਵੇਖਣ ਨੂੰ ਵੀ ਮਿਲ ਰਹੀਆਂ ਹਨ। ਹਰ ਸਾਲ ਜੰਗਲੀ ਅੱਗਾਂ ਕਾਰਨ ਹੋ ਰਿਹਾ ਉਜਾੜਾ, ਪਿਛਲੇ ਕੁਝ ਸਾਲਾਂ ਦੌਰਾਨ ਆਏ ਹੜ੍ਹਾਂ ਕਾਰਨ ਇਥੋਂ ਦਾ ਜਨ-ਜੀਵਨ ਕਈ ਵਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਪ੍ਰਦੂਸ਼ਣ ਦੀ ਵਧ ਰਹੀ ਮਾਤਰਾ ਅਤੇ ਮੌਸਮੀ ਬਦਲਾਅ ਨਾਲ ਹੋਰ ਖ਼ਤਰੇ ਪੈਦਾ ਹੋ ਰਹੇ ਹਨ।

ਰਿਪੋਰਟ 'ਚ ਕਿਹਾ ਗਿਆ ਹੈ ਕਿ ਸਰਕਾਰਾਂ ਅਤੇ ਕਮਿਊਨਿਟੀਜ਼ ਨੂੰ ਜਲਵਾਯੂ ਬਦਲਾਅ ਦੇ ਪ੍ਰਭਾਵਾਂ ਨੂੰ ਘਟਾਉਣ ਅਤੇ ਲੋਕਾਂ ਨੂੰ ਸੰਭਾਵਿਤ ਆਫ਼ਤਾਂ ਲਈ ਤਿਆਰ ਕਰਨ ਲਈ ਜ਼ਿਆਦਾ ਮਦਦ ਦੀ ਲੋੜ ਹੈ।ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਨਵੀਂ ਤਕਨਾਲੋਜੀਆਂ ਅਤੇ ਸਹਾਇਕ ਸਕੀਮਾਂ ਨੂੰ ਲਾਗੂ ਕਰਨ ਦੇ ਨਾਲ ਨਾਲ ਲੋਕਾਂ ਵਿੱਚ ਜਾਗਰੂਕਤਾ ਵਧਾਉਣ ਉਤੇ ਕੰਮ ਕਰਨ। This report was written by Simranjit Singh as part of the Local Journalism Initiative.







# ਬਰਨਬੀ ਰਿਫਾਈਨਰੀ ਬੰਦ ਹੋਣ ਦੇ ਕਾਰਨਾਂ ਬਾਰੇ ਪਾਰਕਲੈਂਡ ਕਾਰਪੋਰੇਸ਼ਨ ਨੇ ਜਾਰੀ ਕੀਤੀ ਰਿਪੋਰਟ



ਸਰੀ, (ਸਿਮਨਰਜੀਤ ਸਿੰਘ): Parkland Corp. ਨੇ ਆਪਣੇ ਬਰਨਾਬੀ ਰਿਫਾਈਨਰੀ ਵਿੱਚ ਜਨਵਰੀ ਮਹੀਨੇ ਦੌਰਾਨ ਵਾਪਰਟੀ ਘਟਨਾ ਤੋਂ ਬਾਅਦ ਰਿਫਾਈਨਰੀ ਬੰਦ ਕਰਨ ਦੇ ਸਬੰਧ ਵਿੱਚ ਇੱਕ ਰਿਪੋਰਟ ਜਾਰੀ ਕੀਤੀ ਹੈ, ਇਸ ਦੌਰਾਨ ਮੈਟਰੋ ਵੈਨਕੂਵਰ ਦੇ ਕਈ ਹਿੱਸਿਆਂ 'ਚ ਲੋਕਾਂ ਨੂੰ ਜ਼ਹਿਰਲੀ ਬਦਬੂ ਦਾ ਸਾਹਮਣਾ ਕਰਨਾ ਪਿਆ ਸੀ ਜਿਸ ਨਾਲ ਉਨ੍ਹਾਂ ਨੂੰ ਸਾਹ ਲੈਣਾ ਵੀ ਔਖਾ ਹੋ ਗਿਆ ਸੀ।

ਬੀਤੇ ਦਿਨੀਂ ਜਾਰੀ ਕੀਤੀ ਗਈ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਸਧਾਰਣ ਤੌਰ 'ਤੇ ਠੰਡ ਦੇ ਮੌਸਮ ਕਾਰਨ ਇਹ ਘਟਨਾ ਵਾਪਰੀ ਸੀ, ਜਿਸ ਨਾਲ ਰਿਫਾਈਨਰੀ 'ਚੋਂ ਇੱਕ ਬਦਬੂ ਆਸਪਾਸ ਦੇ ਕਈ ਇਲਾਕਿਆਂ 'ਚ ਫੈਲ ਗਈ ਸੀ ਅਤੇ 100 ਤੋਂ ਵੱਧ ਵਸਨੀਕਾਂ ਤੋਂ ਸ਼ਿਕਾਇਤਾਂ ਦਾ ਕਾਰਨ ਬਣੀ।

12 ਜਨਵਰੀ ਨੂੰ ਰਿਫਾਈਨਰੀ ਬੰਦ ਕਰ ਦਿੱਤੀ ਗਈ ਸੀ ਪਰ ਜਦੋਂ ਟੀਮਾਂ ਕਈ ਦਿਨਾਂ ਤੱਕ ਇਸ ਨੂੰ ਮੁੜ ਚਾਲੂ ਕਰਨ ਦੀ ਕੋਸ਼ਿਸ਼ ਕੀਤੀਆਂ ਜਾ ਰਹੀਆਂ ਸਨ ਤਾਂ 21 ਜਨਵਰੀ ਦੀ ਸਵੇਰੇ ਇੱਕ ਜ਼ੋਰਦਾਰ ਧਮਾਕਾ ਹੋਇਆ ਜਿਸ ਤੋਂ ਬਾਅਦ ਰਿਫਾਈਨਰੀ ਦੀਆਂ ਚਿਮਨੀਆਂ ਤੋਂ "ਹਰਾ-ਕਾਲਾ" ਧੂੰਆਂ ਆਪਸ ਪਾਸ ਦੇ ਇਲਾਕਿਆਂ 'ਚ ਫੈਲ ਗਿਆ ਜੋ ਕਿ ਜ਼ਹਿਰੀਲੀ ਬਦਬੂ ਦਾ ਕਾਰਨ ਬਣਿਆ ਸੀ।

ਇਹ ਰਿਪੋਰਟ ਵਿੱਚ ਅਗੇ ਕਿਹਾ ਗਿਆ ਹੈ ਕਿ ਇਹ ਸਮੱਸਿਆਵਾਂ "ਵਾਲਵ ਦੀ ਲੀਕੇਜ਼ ਜਾਂ ਸਿਸਟਮ ਵਿੱਚ ਗੰਦਗੀ" ਦੇ ਕਾਰਨ ਹੋਈ ਜਾਪਦੀ ਹੈ। ਜਦੋਂ ਇਸ ਸਥਿਤੀ ਦਾ ਸਾਹਮਣਾ ਹੋਇਆ ਤਾਂ ਸਾਈਟ ਤੋਂ ਜ਼ਰੂਰੀ ਕਰਮਚਾਰੀਆਂ ਬਾਹਰ ਕੱਢ ਕੇ ਸਾਈਟ ਖਾਲੀ ਕਰਵਾ ਲਈ ਗਈ ਅਤੇ ਐਮਰਜੈਂਸੀ ਟੀਮਾਂ ਨੂੰ ਸੂਚਿਤ ਕੀਤਾ ਗਿਆ ਅਤੇ ਜਨਤਕ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ।

ਬਰਨਾਬੀ ਸ਼ਹਿਰ ਨੇ ਇੱਕ ਲਿਖਤੀ ਬਿਆਨ ਵਿੱਚ ਕਿਹਾ ਕਿ ਇਹ ਦੇਖ ਕੇ ਖੁਸ਼ੀ ਹੈ ਕਿ ਪਾਰਕਲੈਂਡ ਉਤਸਰਜਨ ਦੇ ਰਿਲੀਜ਼ ਨੂੰ ਸੁਧਾਰਨ ਲਈ ਕਦਮ ਚੁੱਕ ਰਹੀ ਹੈ ਅਤੇ ਜਨਤਕ ਅਤੇ ਹੋਰ ਸਟੇਕਹੋਲਡਰਾਂ ਨਾਲ ਸੰਚਾਰ ਵਿੱਚ ਸੁਧਾਰ ਕਰਨ ਲਈ ਤਿਆਰ ਹੈ।

ਪਾਰਕਲੈਂਡ ਦੀ ਰਿਪੋਰਟ ਅਨੁਸਾਰ, 29 ਮਾਰਚ ਤੱਕ ਰਿਫਾਈਨਰੀ ਵਿੱਚ ਨਾਰਮਲ ਕਾਰਵਾਈਆਂ ਮੁੜ ਸ਼ੁਰੂ ਹੋ ਗਈਆਂ। ਇਸ ਵਿੱਚ ਕਿਹਾ ਗਿਆ ਹੈ ਕਿ ਜਨਵਰੀ ਦੇ ਲੰਬੇ ਠੰਡੇ ਮੌਸਮ ਨੇ ਰਿਫਾਈਨਰੀ ਦੇ ਸਾਧਨਾਂ ਨਾਲ ਸਮੱਸਿਆਵਾਂ ਪੈਦਾ ਕੀਤੀਆਂ, ਜਿਸ ਨਾਲ ਕੁਝ ਸੈਂਸਰ ਫ੍ਰੀਜ਼ ਹੋ ਗਏ ਸਨ ਜਿਸ ਕਾਰਨ ਦਿਕਤਾਂ ਖੜ੍ਹੀਆਂ ਹੋ ਗਈਆਂ ਸਨ ਅਤੇ ਮੈਟਰੋ ਵੈਂਕੂਵਰ ਦਾ ਕੁਝ ਹਿੱਸਾ ਗੰਦੀ ਬਦਬੂ ਦਾ ਸ਼ਿਕਾਰ ਹੋ ਗਿਅ ਸੀ। This report was written by Simranjit Singh as part of the Local Journalism Initiative.

# ਅਮਰੀਕਾ ਵਲੋਂ ਲਗਾਏ ਟੈਕਸ ਤੋਂ ਬਾਅਦ ਬੀ.ਸੀ. ਦੀਆਂ ਦੋ ਲਕੜ ਮਿੱਲਾਂ ਬੰਦ ਕਰਨ ਦਾ ਐਲਾਨ

## 500 ਤੋਂ ਵੱਧ ਕਰਮਚਾਰੀਆਂ ਦੀ ਜਾਵੇਗੀ ਨੌਕਰੀ




ਸਰੀ, (ਸਿਮਨਰਜੀਤ ਸਿੰਘ): ਕੈਨਫੋਰ ਨੇ ਬ੍ਰਿਟਿਸ਼ ਕੋਲੰਬੀਆ ਵਿੱਚ ਆਪਣੀਆਂ ਦੋ ਆਰਾ ਮਿਲਾਂ ਨੂੰ ਬੰਦ ਕਰਨ ਦੀ ਘੋਸ਼ਣਾ ਕੀਤੀ ਹੈ, ਜਿਸ ਵਿੱਚ ਵੈਂਡਰਹੂਫ ਅਤੇ ਫੋਰਟ ਸੇਂਟ ਜੌਨ ਸ਼ਾਮਿਲ ਹਨ। ਕੈਨਫੋਰ ਨੇ ਇਸ ਫ਼ੈਸਲੇ ਦੇ ਪਿੱਛੇ ਕਮਜ਼ੋਰ ਲੱਕੜ ਬਾਜ਼ਾਰ ਅਤੇ ਵਿੱਤੀ ਘਾਟਾ ਸਮੇਤ ਕਈ ਕਾਰਨਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਕੰਪਨੀ ਦੇ ਸਤੰਬਰ 4 ਦੇ ਪ੍ਰੈਸ ਰਿਲੀਜ਼ ਵਿੱਚ ਕਿਹਾ ਗਿਆ ਹੈ ਕਿ ਪਲੇਟੋ ਅਤੇ ਫੋਰਟ ਸੇਂਟ ਜੌਨ ਮਿਲਾਂ ਦੇ ਬੰਦ ਹੋਣ ਨਾਲ ਤਕਰੀਬਨ 500 ਕਰਮਚਾਰੀ ਪ੍ਰਭਾਵਿਤ ਹੋਣਗੇ ਅਤੇ ਇਸ ਨਾਲ ਸਾਲਾਨਾ 670 ਮਿਲੀਅਨ ਬੋਰਡ ਫੀਟ ਦਾ ਉਤਪਾਦਨ ਵੀ ਘਟ ਜਾਵੇਗਾ। ਕੰਪਨੀ ਦੇ ਪ੍ਰਧਾਨ ਅਤੇ ਸੀ.ਈ.ਓ. ਡਾਨ ਕੇਨ ਨੇ ਕਿਹਾ ਕਿ 85 ਸਾਲਾਂ ਤੋਂ ਚੱਲ ਰਹੀਆਂ ਮਿਲਾਂ ਦੇ ਹੁਣ ਲਗਾਤਾਰ ਵੱਧ ਰਹੇ ਘੱਟੇ ਦੇ ਬਾਅਦ ਇਹ ਫ਼ੈਸਲਾ ਲਿਆ ਗਿਆ ਹੈ। ਇਸ ਵਿਚਾਲੇ, ਕੈਨਫੋਰ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਜਿਵੇਂ ਕਿ ਲੱਕੜ ਦੀ ਪਹੁੰਚ, ਵਿੱਤੀ ਘਾਟੇ, ਕਮਜ਼ੋਰ ਲੱਕੜ ਬਾਜ਼ਾਰ ਅਤੇ ਵਾਧੂ ਅਮਰੀਕੀ ਟੈਕਸ।

ਉਨ੍ਹਾਂ ਆਖਿਆ, "ਜਿਨ੍ਹਾਂ ਚੁਣੌਤੀਆਂ ਦਾ ਸਾਨੂੰ ਸਾਹਮਣਾ ਕਰਨਾ ਪੈ ਰਿਹਾ ਹੈ, ਉਹ ਅਮਰੀਕਾ ਦੁਆਰਾ 13 ਅਗਸਤ ਨੂੰ ਐਲਾਨੇ ਗਏ ਟੈਕਸਾਂ ਦੇ ਵਾਧੇ ਨਾਲ ਹੋਰ ਵੀ ਵੱਧ ਗਈਆਂ ਹਨ, ਜਿਸ ਨਾਲ ਅਗਲੇ ਸਾਲ ਤੱਕ ਖਰਚੇ ਦੁੱਗਣੇ ਹੋਣ ਦੀ ਸੰਭਾਵਨਾ ਹੈ। ਕੇਨ ਨੇ ਸਪੱਸ਼ਟ ਕੀਤਾ ਕਿ ਇਸ ਤਰ੍ਹਾਂ ਦੀਆਂ ਸਥਿਤੀਆਂ ਵਿੱਚ ਕੰਪਨੀ ਦੀਆਂ ਹੋਰ ਮਿਲਾਂ ਨੂੰ ਵੀ ਖ਼ਤਰੇ ਦੀ ਕਾਗਾਰ 'ਤੇ ਆ ਗਈਆਂ ਹਨ ਜਿਸ ਕਾਰਨ ਇਹ ਬਹੁਤ ਮੁਸ਼ਕਲ ਫ਼ੈਸਲਾ ਲੈਣਾ ਪਿਆ ਕਿ ਵੈਂਡਰਹੂਫ ਅਤੇ ਫੋਰਟ ਸੇਂਟ ਜੌਨ ਮਿਲਾਂ ਨੂੰ ਬੰਦ ਕੀਤਾ ਜਾ ਰਿਹਾ ਹੈ।

ਇਹ ਬੰਦ ਕਰਨਾ ਸਿਰਫ਼ ਕੰਪਨੀ ਦੇ ਕਰਮਚਾਰੀਆਂ ਤੇ ਹੀ ਨਹੀਂ, ਸਗੋਂ ਫਰਸਟ ਨੇਸ਼ਨਜ਼ ਭਾਈਦਾਰਾਂ, ਠੇਕੇਦਾਰਾਂ, ਸਪਲਾਇਰਾਂ ਅਤੇ ਸਥਾਨਕ ਕਮਿਊਨਿਟੀਆਂ 'ਤੇ ਵੀ ਗਹਿਰਾ ਪ੍ਰਭਾਵ ਪਾਏਗਾ। ਕੇਨ ਨੇ ਕਿਹਾ ਕਿ ਕੰਪਨੀ ਯੂਨੀਅਨ ਦੇ ਸਾਥੀਆਂ ਨਾਲ ਮਿਲ ਕੇ ਇੱਕ ਕਰਮਚਾਰੀ ਟ੍ਰਾਂਜ਼ੀਸ਼ਨ ਯੋਜਨਾ ਤੇ ਕੰਮ ਕਰਨ ਦੀ ਯੋਜਨਾ ਬਣਾ ਰਹੀ ਹੈ, ਜਿਸ ਵਿੱਚ ਤਨਖਾਹਾਂ ਅਤੇ ਹੋਰ ਸਹਾਇਤਾ ਸ਼ਾਮਲ ਹੋਵੇਗੀ। ਇਹ ਮਿਲਾਂ ਦੇ ਬੰਦ ਹੋਣ ਦੀ ਕਾਰਵਾਈ ਇਸ ਸਾਲ ਦੇ ਅਖੀਰ ਤੱਕ ਮੁਕੰਮਲ ਕੀਤੀ ਜਾਣੀ ਹੈ। ਕੇਨ ਨੇ ਇਹ ਵੀ ਕਿਹਾ ਕਿ ਕੰਪਨੀ ਉੱਤਰੀ ਬੀ.ਸੀ. ਵਿੱਚ ਘਟੀ ਲੱਕੜ ਦੀ ਸਪਲਾਈ ਦੇ ਪ੍ਰਭਾਵਾਂ ਨੂੰ ਦੇਖਦਿਆਂ ਕੁਝ ਸਥਾਨਕ ਕੰਪਨੀਆਂ ਨੂੰ ਆਪਣੇ ਕੁਝ ਪੱਧਰ ਵਿਸਤਾਰ ਦੀ ਵੀ ਭਾਲ ਕਰ ਰਹੀ ਹੈ। ਉਨ੍ਹਾਂ ਅੰਤ ਵਿੱਚ ਕਿਹਾ ਕਿ ਕੰਪਨੀ ਭਵਿੱਖ ਵਿੱਚ ਬੀ.ਸੀ. ਦੀ ਲੱਕੜ ਉਦਯੋਗ ਨੂੰ ਮੁੜ ਖੜ੍ਹਾ ਕਰਨ ਲਈ ਜ਼ਰੂਰੀ ਬਦਲਾਅ ਲਈ ਲਗਾਤਾਰ ਕੰਮ ਕਰੇਗੀ। This report was written by Simranjit Singh as part of the Local Journalism Initiative.


# TRIPLE N BERRY FARM LTD

## ਸਾਨੂੰ ਬੇਰੀ ਤੋੜਨ ਵਾਲੇ ਵਰਕਰਾਂ ਦੀ ਲੋੜ ਹੈ।



- ਬੇਰੀ ਤੋੜਨ ਵਾਲੇ ਵਰਕਰਾਂ ਨੂੰ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਦਿੱਤੀ ਜਾਵੇਗੀ।
- ਫਾਰਮ ਸਾਫ਼ ਸੁਥਰੇ ਅਤੇ ਸਰੀ, ਕਲੌਵਰਡੇਲ ਅਤੇ ਰਿਚਮੰਡ ਵਿੱਚ ਹਨ।

-: ਸੰਪਰਕ ਕਰੋ :-

604-594-0616

# ਅਬੋਟਸਫੋਰਡ 'ਚ 85 ਸਾਲਾ ਆਦਮੀ 'ਤੇ ਦੋ ਨੌਜਵਾਨਾਂ ਨੂੰ ਟੱਕਰ ਮਾਰਨ ਦੇ ਸਬੰਧੀ ਲੱਗੇ ਦੋਸ਼

ਅਬੋਟਸਫੋਰਡ (ਸਿਮਰਨਜੀਤ ਸਿੰਘ): ਅਬੋਟਸਫੋਰਡ ਦੇ ਰਹਿਣ ਵਾਲੇ 85 ਸਾਲਾ ਆਦਮੀ ਮਾਈਕਲ ਬ੍ਰਾਇਨ 'ਤੇ ਦੋ ਨੌਜਵਾਨਾਂ ਨੂੰ ਉਸਦੇ ਵਾਹਨ ਨਾਲ ਟੱਕਰ ਮਾਰਨ ਦਾ ਦੋਸ਼ ਲੱਗਾ ਹੈ। ਇਹ ਘਟਨਾ ਫਰਵਰੀ ਮਹੀਨੇ ਵਿੱਚ ਵਾਪਰੀ ਸੀ ਅਤੇ ਹੁਣ ਸੂਬਾਈ ਅਦਾਲਤ 'ਚ ਮਾਈਕਲ ਬ੍ਰਾਇਨ ਖ਼ਤਰਨਾਕ ਡਰਾਇਵਿੰਗ ਅਤੇ ਹਥਿਆਰ ਨਾਲ ਹਮਲਾ ਕਰਨ ਦਾ ਦੋਸ਼ੀ ਪਾਇਆ ਗਿਆ ਹੈ।




ਅਬੋਟਸਫੋਰਡ ਪੁਲਿਸ ਵਿਭਾਗ ਵਲੋਂ ਪਹਿਲਾਂ ਹੀ ਇਹ ਰਿਪੋਰਟ ਕੀਤੀ ਗਈ ਸੀ ਕਿ 14 ਫਰਵਰੀ ਨੂੰ ਦੁਪਹਿਰ 2:44 ਵਜੇ ਕਾਲਸਰੂ ਐਵੇਨਿਊ 'ਚ ਦੋ ਵਿਅਕਤੀਆਂ ਨੂੰ ਜਾਨ-ਬੁਝ ਕੇ ਆਪਣੀ ਗੱਡੀਨਾਲ ਟੱਕਰ ਮਾਰੀ ਸੀ। ਪੁਲਿਸ ਵਲੋਂ ਦੋ ਲੋਕਾਂ ਨੂੰ ਹਸਪਤਾਲ 'ਚ ਭਰਤੀ ਕਰਵਾਉਣ ਦੀ ਪੁਸ਼ਟੀ ਕੀਤੀ ਗਈ ਸੀ।

ਜਾਰੀ ਕੀਤੇ ਗਏ ਵੇਰਵਿਆਂ ਅਨੁਸਾਰ, ਇਸ ਘਟਨਾ ਵਿੱਚ ਤਿੰਨ ਨੌਜਵਾਨ ਸ਼ਾਮਲ ਸਨ ਜੋ "ਨਿਕੀ ਨਿਕੀ ਨਾਈਨ ਡੋਰਸ" ਖੇਡ ਰਹੇ ਸਨ – ਇਸ ਖੇਡ 'ਚ ਬੱਚੇ ਕਿਸੇ ਦੇ ਦਰਵਾਜ਼ੇ 'ਤੇ ਵਾਜ ਮਾਰਦੇ ਜਾਂ ਘੰਟੀ ਵਜਾਉਂਦੇ ਹਨ ਅਤੇ ਭੱਜ ਜਾਂਦੇ ਹਨ। ਮੌਕੇ 'ਤੇ ਘਟਨਾ ਦੀ ਹੋਮ-ਸੁਰੱਖਿਆ ਵੀਡੀਓ ਵੀ ਮੀਡੀਆ ਵਿੱਚ ਆਈ, ਜਿਸ ਵਿੱਚ ਤਿੰਨ ਨੌਜਵਾਨ ਭੱਜ ਰਹੇ ਸਨ, ਅਤੇ ਇੱਕ ਕਾਰ ਉਨ੍ਹਾਂ ਵੱਲ ਬੇਰਹਿਮੀ ਨਾਲ ਬੇਕਾਬੂ ਦੌੜਦੀ ਦਿਖਾਈ ਦਿੰਦੀ ਹੈ।

ਵੀਡੀਓ 'ਚ ਕਾਰ ਦੀ ਟੱਕਰ ਹੁੰਦੀ ਕੈਪਚਰ ਨਹੀਂ ਹੋਈ ਪਰ ਧਮਾਕੇ ਦੀ ਆਵਾਜ਼ ਸਪਸ਼ਟ ਤੌਰ 'ਤੇ ਸੁਣੀ ਦਿੰਦੀ ਹੈ। ਪੁਲਿਸ ਦਾ ਕਹਿਣਾ ਹੈ ਕਿ ਉਸੇ ਕਾਰਨ ਨੇ ਤਿੰਨ ਵਿਚੋਂ ਦੋ ਨੌਜਵਾਨਾਂ ਨੂੰ ਟੱਕਰ ਮਾਰੀ, ਜਿਨ੍ਹਾਂ ਨੂੰ ਜ਼ਖਮੀ ਹਾਲਤ 'ਚ ਹਸਪਤਾਲ ਲਿਜਾਇਆ ਗਿਆ।

ਅਦਾਲਤ 'ਚ 85 ਸਾਲਾ ਮਾਈਕਲ ਬ੍ਰਾਇਨ ਉੱਤੇ ਖ਼ਤਰਨਾਕ ਡਰਾਇਵਿੰਗ ਦਾ ਦੋਸ਼ ਅਤੇ ਕਾਰ ਨਾਲ ਟੱਕਰ ਮਾਰਨ, ਹਮਲਾ ਕਰਨ ਦੇ ਦੋਸ਼ ਲਗਾਏ ਗਏ ਹਨ। ਮਾਈਕਲ ਨੂੰ ਘਟਨਾ ਦੇ ਮੌਕੇ 'ਤੇ ਗ੍ਰਿਫ਼ਤਾਰ ਕੀਤਾ ਗਿਆ ਸੀ, ਪਰ ਜਦੋਂ ਤਕ ਜਾਂਚ ਚੱਲਦੀ ਰਹੀ, ਉਹਨੂੰ ਰਿਹਾਅ ਕਰ ਦਿੱਤਾ ਗਿਆ ਸੀ। ਹੁਣ, ਤਿੰਨ ਮਹੀਨਿਆਂ ਦੀ ਜਾਂਚ ਤੋਂ ਬਾਅਦ, ਇਸ ਮਾਮਲੇ ਵਿੱਚ ਕਾਨੂੰਨੀ ਕਾਰਵਾਈ ਅਗੇ ਵਧੀ ਹੈ। ਇਸ ਮਾਮਲੇ ਵਿੱਚ ਘਰ ਦੇ ਸੀ.ਸੀ.ਟੀ.ਵੀ. ਕੈਮਰਾ ਸਿਸਟਮ ਦੇ ਰਾਹੀਂ ਵੱਡਾ ਸਬੂਤ ਮਿਲਿਆ, ਜਿਸ ਵਿੱਚ ਦਿਖਾਇਆ ਗਿਆ ਹੈ ਕਿ ਕਾਰ ਨੇ ਤਿੰਨ ਨੌਜਵਾਨਾਂ ਦੀ ਪਿੱਛਾ ਕੀਤਾ। ਇਹ ਵੀਡੀਓ ਸਾਰੀਆਂ ਮੀਡੀਆ ਰਿਪੋਰਟਾਂ 'ਚ ਫੈਲੀ ਅਤੇ ਲੋਕਾਂ 'ਚ ਇਸ ਘਟਨਾ ਦੀ ਗੰਭੀਰਤਾ ਨੂੰ ਹਾਈਲਾਈਟ ਕੀਤਾ। ਪਰ ਇਸ ਘਟਨਾ ਦੀ ਸਪੱਸ਼ਟ ਕਾਰਨ ਜਾਂ ਮੂਲ ਵਜ੍ਹਾ ਦਾ ਖੁਲਾਸਾ ਅਜੇ ਹੋਣਾ ਬਾਕੀ ਹੈ। ਕਈ ਲੋਕਾਂ ਲਈ ਇਹ ਸਵਾਲ ਖੜ੍ਹਾ ਕਰਦਾ ਹੈ ਕਿ ਇੱਕ ਵੱਡੇ ਉਮਰ ਦੇ ਆਦਮੀ ਨੇ ਅਜਿਹਾ ਸਖ਼ਤ ਕਦਮ ਕਿਉਂ ਚੁੱਕਿਆ।

ਪੁਲਿਸ ਪੜਤਾਲ ਕਰ ਰਹੀ ਹੈ ਕਿ ਕੀ ਇਹ ਘਟਨਾ ਜਾਨ-ਬੁੱਝ ਕੇ ਕੀਤੀ ਗਈ ਕਾਰਵਾਈ ਸੀ ਜਾਂ ਉਸ ਸਮੇਂ ਮੌਕੇ 'ਤੇ ਮਾਈਕਲ ਗੁੱਸੇ ਦਾ ਸ਼ਿਕਾਰ ਸੀ। ਜਾਂਚ ਅਧਿਕਾਰੀਆਂ ਅਜੇ ਵੀ ਮਜ਼ੀਦ ਸਬੂਤ ਇਕੱਠੇ ਕਰ ਰਹੇ ਹਨ ਅਤੇ ਮਾਮਲੇ ਦੇ ਸਾਰੇ ਪਹਿਲੂਆਂ ਦੀ ਜਾਂਚ ਕਰ ਰਹੇ ਹਨ। This report was written by Simranjit Singh as part of the Local Journalism Initiative.

# ਯੂ.ਬੀ.ਸੀ. ਵਿਖੇ ਨਿੱਜੀ ਰਿਹਾਇਸ਼ ਦੇ ਗੇਟ 'ਤੇ ਟੰਗਿਆ ਮਿਲਿਆ ਸੂਰ ਦੇ ਕੱਟਿਆ ਸਿਰ

ਸਰੀ, (ਸਿਮਰਨਜੀਤ ਸਿੰਘ): ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ (ਯੂ.ਬੀ.ਸੀ.) ਵਿਖੇ ਇੱਕ ਨਿੱਜੀ ਰਿਹਾਇਸ਼ ਦੇ ਗੇਟ 'ਤੇ ਸੂਰ ਦੇ ਕੱਟੇ ਸਿਰ ਨੂੰ ਟੰਗਣ ਦੀ ਘਟਨਾ ਸਾਹਮਣੇ ਆਈ ਹੈ। ਇਸ ਘਟਨਾ ਦੀ ਜਾਂਚ ਆਰ.ਸੀ.ਐਮ.ਪੀ. ਵਲੋਂ ਕੀਤੀ ਜਾ ਰਹੀ ਹੈ।

ਇੱਕ ਪ੍ਰੋ-ਪੈਲੇਸਟਾਈਨ ਵਿਦਿਆਰਥੀ ਸਮੂਹ, ਜਿਸ ਦਾ ਨਾਮ "ਪੀਪਲਜ਼ ਯੂਨੀਵਰਸਿਟੀ ਫੋਰ ਗਾਜ਼ਾ ਐਟ ਯੂਬੀਸੀ" ਹੈ, ਨੇ ਇਸ ਘਟਨਾ ਦੀ ਜ਼ਿੰਮੇਵਾਰੀ ਇੱਕ ਇੰਸਟਾਗ੍ਰਾਮ ਪੋਸਟ ਰਾਹੀਂ ਕਬੂਲੀ ਹੈ। ਸਮੂਹ ਨੇ ਸੂਰ ਦੇ ਸਿਰ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ, ਜਿਸ 'ਤੇ ਇੱਕ ਬੈਨਰ ਵੀ ਲਗਿਆ ਹੋਇਆ ਸੀ, ਜਿਸ 'ਤੇ ਲਿਖਿਆ ਸੀ, "Pigs Off Campus" (ਕੈਂਪਸ ਤੋਂ ਪੁਲਿਸ ਬਾਹਰ ਰਹੇ)। "ਫਗਿਸ" ਸ਼ਬਦ ਕਾਫ਼ੀ ਸਮੇਂ ਤੋਂ ਪੁਲਿਸ ਦੇ ਪ੍ਰਤੀ ਤੌਹੀਨਜਨਕ ਸ਼ਬਦਵਾਲੀ ਵਜੋਂ ਵਰਤਿਆ ਜਾ ਰਿਹਾ ਹੈ।



ਇਸ ਸਮੂਹ ਨੇ ਮੰਗਲਵਾਰ ਨੂੰ ਆਪਣੀ ਇੰਸਟਾਗ੍ਰਾਮ ਪੋਸਟ ਵਿੱਚ ਕਿਹਾ, "We're back" (ਅਸੀਂ ਵਾਪਸ ਆ ਗਏ ਹਾਂ)। ਇਹ ਪੋਸਟ ਯੂ.ਬੀ.ਸੀ. ਦੇ ਪ੍ਰਧਾਨ ਬੇਨੋਇਤ-ਐਂਟੋਨ ਬੇਕਨ ਨੂੰ ਇੱਕ ਚੇਤਾਵਨੀ ਦੇ ਤੌਰ ਤੇ ਦਿੱਤੀ ਗਈ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਵਿਦਿਆਰਥੀ ਸਮੂਹ ਯੂਨੀਵਰਸਿਟੀ ਨੂੰ ਇਸਦੀ ਭੂਮਿਕਾ ਲਈ ਜ਼ਿੰਮੇਵਾਰ ਠਹਿਰਾਉਣਾ ਜਾਰੀ ਰੱਖੇਗਾ, ਕਿਉਂਕਿ ਉਹ ਇਜ਼ਰਾਇਲ ਅਤੇ ਹਮਾਸ ਦੇ ਵਿਚਾਲੇ ਚਲ ਰਹੇ ਟਕਰਾਅ ਵਿੱਚ ਯੂਨੀਵਰਸਿਟੀ ਦੀ ਭੂਮਿਕਾ ਨੂੰ ਨਿੰਦ ਰਹੇ ਹਨ।

ਇਹ ਵਿਦਿਆਰਥੀ ਸਮੂਹ ਪਿਛਲੇ ਅਪਰੈਲ ਵਿੱਚ ਵੀ ਯੂਨੀਵਰਸਿਟੀ ਵਿੱਚ ਆਪਣੇ ਮੰਗਾਂ ਨੂੰ ਲੈ ਕੇ ਪੱਕਾ ਧਰਨਾ ਲਗਾ ਕੇ ਬੈਠੇ ਸਨ ਅਤੇ ਉਨ੍ਹਾਂ ਦੀਆਂ ਮੰਗਾਂ ਵਿੱਚੋਂ ਇੱਕ ਸੀ ਕਿ ਯੂਨੀਵਰਸਿਟੀ ਨੂੰ ਉਹਨਾਂ ਸਟਾਕਾਂ ਵਿੱਚੋਂ ਪੈਸਾ ਕੱਢਣਾ ਚਾਹੀਦਾ ਹੈ, ਜੋ ਕਿ ਇਜ਼ਰਾਇਲ ਦੀ ਮਦਦ ਕਰ ਰਹੇ ਹਨ। ਇਸਦੇ ਜਵਾਬ ਵਿੱਚ ਯੂ.ਬੀ.ਸੀ. ਦੇ ਪ੍ਰਧਾਨ ਬੇਕਨ ਨੇ ਕਿਹਾ ਸੀ ਕਿ ਯੂਨੀਵਰਸਿਟੀ ਦੇ ਫੰਡ ਵਿੱਚ ਕੋਈ ਵੀ ਅਜਿਹੇ ਸਟਾਕ ਸਿੱਧੇ ਤੌਰ 'ਤੇ ਨਹੀਂ ਹਨ।

ਸੂਰ ਦੇ ਸਿਰ ਨੂੰ ਕਿਸ ਥਾਂ 'ਤੇ ਲਾਇਆ ਗਿਆ ਸੀ, ਇਸ ਬਾਰੇ ਨਾਂ ਹੀ ਆਰ.ਸੀ.ਐਮ.ਪੀ. ਅਤੇ ਨਾ ਹੀ ਯੂ.ਬੀ.ਸੀ. ਵਲੋਂ ਕੋਈ ਸਪਸ਼ਟ ਜਾਣਕਾਰੀ ਦਿੱਤੀ ਗਈ ਹੈ, ਪਰ ਮੀਡੀਆ ਵਿੱਚ ਆਈਆਂ ਤਸਵੀਰਾਂ ਤੋਂ ਇਹ ਸੂਚਨਾ ਮਿਲੀ ਕਿ ਇਹ ਸਿਰ ਇੱਕ ਗੇਟ 'ਤੇ ਲਾਇਆ ਗਿਆ ਸੀ।

ਇਸ ਵਿਦਿਆਰਥੀ ਸਮੂਹ ਨੇ ਆਪਣੇ ਇੰਸਟਾਗ੍ਰਾਮ ਪੋਸਟ ਵਿੱਚ ਕਿਹਾ ਕਿ ਇਹ ਕਾਰਵਾਈ ਬੇਕਨ ਨੂੰ ਇਹ ਯਾਦ ਦਿਵਾਉਣ ਲਈ ਕੀਤੀ ਹੈ। ਕੈਨੇਡਾ ਦੇ ਰਿਸਰਚ ਅਤੇ ਐਡਵੋਕੇਸੀ ਨਿਰਦੇਸ਼ਕ ਰਿਚਰਡ ਰੋਬਰਟਸਨ ਨੇ ਇਸ ਘਟਨਾ 'ਤੇ ਨਿੰਦਿਆ ਪ੍ਰਗਟ ਕੀਤੀ ਅਤੇ ਕਿਹਾ ਕਿ ਇਹ ਯਹੂਦੀ ਭਾਈਚਾਰੇ ਅਤੇ ਕਾਨੂੰਨ ਦੀ ਰੱਖਿਆ ਕਰਨ ਵਾਲੇ ਅਧਿਕਾਰੀਆਂ ਨੂੰ ਡਰਾਉਣ ਅਤੇ ਤੰਗ-ਪ੍ਰੇਸ਼ਾਨ ਕਰਨ ਦੇ ਯਤਨ ਕੀਤੇ ਜਾ ਰਹੇ ਹਨ। This report was written by Simranjit Singh as part of the Local Journalism Initiative.

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ
REPAIR & SERVICES
ਸੰਪਰਕ ਕਰੋ
604-773-7258 (ਸਰੀ)

NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ। ਮੁਫ਼ਤ ਸਲਾਹ
"Over 20 years experience as Denturist"
- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।

BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

Diamond
Sweets & Restaurant
3 LOCATIONS
» SURREY
#102-15933 Fraser Hwy, Surrey, BC
604-593-5566
» LANGLEY
#102-7228 192 St. Langley, BC
604-372-4949
» DELTA
#160-8047 120St. Delta, BC
604-5917277
Specialised in all kinds of Indian Sweets & Foods
We do Catering for all Occassions
Open 7 days a Week
10:00am to 10:00pm

Gaba Tire
All TIRES AVAILABLE (AS, AT & MT)
CAR DETAILING
Starting at
$100
Free Delivery in Surrey
» 185/65/15 All-season
» 195/65/15
» 205/55/16
» 205/60/16
» 235/45/18 4 Tire 499$ Free install + Tax
» 4 Tire 299$ Free install + Tax
» 33/15/20 4 Mud Tire 10 ply
» 35/12.50/20 4 Mud Tire 10 ply
» 999$ Free install + Tax
2 YEARS
50000 KM
WARRANTY
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
CHILLIWACK
45877-HOCKING AVE
604-316-3643
BACK SIDE OF CHILLIWACK TAXI :
ABBOTSFORD
31324 - 107
Peardonville Rd
604-897-3235
604-746-4222
www.gabaautodetailing.com

# ਕਿਉਂ ਅੱਕ ਰਹੇ ਨੇ ਪ੍ਰਵਾਸੀ ਲੋਕ ਪ੍ਰਵਾਸ ਦੀ ਜ਼ਿੰਦਗੀ ਤੋਂ?

ਲਿਖਤ ਪ੍ਰਿੰ. ਵਿਜੈ ਕੁਮਾਰ
ਸੰਪਰਕ : 98726 - 27136

ਇਹ ਗੱਲ ਕਹਿਣ 'ਤੇ ਸੁਣਨ ਨੂੰ ਕਾਫੀ ਚੰਗੀ ਲਗਦੀ ਹੈ ਕਿ ਅਸੀਂ ਕੈਨੇਡਾ ਦੇ ਪੱਕੇ ਨਾਗਰਿਕ ਹੋ ਗਏ ਹਾਂ। ਅਸੀਂ ਕੈਨੇਡਾ ਵਿੱਚ ਤਿੰਨ ਘਰ ਖਰੀਦ ਲਏ ਹਨ, ਸਾਡਾ ਇੱਕ ਮੁੰਡਾ ਅਮਰੀਕਾ ਦਾ ਗਰੀਨ ਕਾਰਡ ਹੋਲਡਰ ਹੈ, ਦੂਜਾ ਆਸਟ੍ਰੇਲੀਆ ਵਿੱਚ ਹੈ ਅਤੇ ਕੁੜੀ ਨਿਊਜ਼ੀਲੈਂਡ ਵਿੱਚ ਹੈ। ਪਰ ਜ਼ਮੀਨੀ ਹਕੀਕਤ ਉਦੋਂ ਸਾਹਮਣੇ ਆਉਂਦੀ ਹੈ ਜਦੋਂ ਪਾਰਕਾਂ ਵਿੱਚ ਬੈਠੇ ਲੋਕ ਇੱਕ ਦੂਜੇ ਨਾਲ ਆਪਣੇ ਦੁੱਖ ਸਾਂਝੇ ਕਰਦੇ ਹੋਏ ਇਹ ਕਹਿੰਦੇ ਸੁਣੇ ਜਾਂਦੇ ਹਨ - ਕੀ ਕਰੀਏ, ਇੱਥੇ ਆ ਕੇ ਤਾਂ ਫਸ ਗਏ ਹਾਂ। ਪਿਛਲੇ ਦੋ ਸਾਲ ਤੋਂ ਸਾਡਾ ਬੰਦ ਪਿਆ ਘਰ ਖਰਾਬ ਹੋ ਰਿਹਾ ਹੈ। ਗੁਆਂਢੀਆਂ ਨੂੰ ਚਾਬੀ ਫੜਾਕੇ ਆਏ ਹੋਏ ਹਾਂ। ਜਿਸ ਨੂੰ ਜ਼ਮੀਨ ਚਗੋਤੇ ਉੱਤੇ ਦਿੱਤੀ ਹੋਈ ਸੀ, ਉਸਨੇ ਜ਼ਮੀਨ ਉੱਤੇ ਕਬਜ਼ਾ ਕਰ ਲਿਆ ਹੈ। ਉਸ ਨਾਲ ਪੰਜ ਸਾਲ ਤੋਂ ਅਦਾਲਤ ਵਿੱਚ ਕੇਸ ਚੱਲ ਰਿਹਾ ਹੈ।

ਕਿਸੇ ਦੀ ਸ਼ਿਕਾਇਤ ਇਹ ਹੁੰਦੀ ਹੈ ਕਿ ਸਾਰਾ ਕੁਝ ਵੇਚਕੇ ਪੁੱਤਰਾਂ ਕੋਲ ਆ ਤਾਂ ਗਏ ਹਾਂ ਪਰ ਹੁਣ ਦੋਹਾਂ ਦੀਆਂ ਘਰ ਵਾਲੀਆਂ ਸਾਨੂੰ ਝੱਲਣ ਨੂੰ ਤਿਆਰ ਨਹੀਂ। ਕਿਰਾਏ ਦੀ ਬੇਸਮੈਂਟ ਵਿੱਚ ਰਹਿੰਦੇ ਹਾਂ। ਕੋਈ ਇਹ ਕਹਿੰਦਾ ਸੁਣਿਆ ਜਾਂਦਾ ਹੈ ਕਿ ਮੁੰਡਾ ਅਤੇ ਨੂੰਹ ਸਾਰਾ ਦਿਨ ਨਿਆਣੇ ਸਾਡੇ ਕੋਲ ਛੱਡਕੇ ਡਿਊਟੀ 'ਤੇ ਚਲੇ ਜਾਂਦੇ ਹਨ, ਨਿਆਣੇ ਸਾਰਾ ਦਿਨ ਸਾਂਭਣੇ ਔਖੇ ਹੋ ਜਾਂਦੇ ਹਨ। ਨਾਲੇ ਉਨ੍ਹਾਂ ਦੇ ਨਿਆਣੇ ਸਾਂਭੋ ਤੇ ਨਾਲੇ ਉਨ੍ਹਾਂ ਦੀਆਂ ਰੋਟੀਆਂ ਪਕਾਓ, ਜਾਨ ਸਾਡੀ ਚਲਦੀ ਨਹੀਂ। ਡਿਊਟੀ ਤੋਂ ਆਕੇ ਪੁੱਤਰ ਅਤੇ ਨੂੰਹ ਆਪਣੇ ਕਮਰੇ ਵਿੱਚ ਵੜ ਜਾਂਦੇ ਹਨ, ਉਨ੍ਹਾਂ ਕੋਲ ਨਾ ਸਾਡੇ ਨਾਲ ਗੱਲ ਕਰਨ ਦਾ ਸਮਾਂ ਹੁੰਦਾ ਹੈ ਤੇ ਨਾ ਸਾਨੂੰ ਦਵਾਈ ਦਿਵਾਉਣ ਦਾ।

ਕਿਸੇ ਦਾ ਦੁੱਖ ਇਹ ਹੁੰਦਾ ਹੈ ਕਿ ਪੁੱਤਰਾਂ ਤੇ ਨੂੰਹਾਂ ਦਾ ਜਿੰਨਾ ਮਰਜ਼ੀ ਕਰੀ ਜਾਓ, ਫਿਰ ਵੀ ਉਹ ਕਦੇ ਖੁਸ਼ ਨਹੀਂ ਹੁੰਦੇ। ਜੇਕਰ ਬਜ਼ੁਰਗ ਧੀ ਕੋਲ ਚਲੇ ਜਾਣ ਤਾਂ ਪੁੱਤ ਅਤੇ ਨੂੰਹ ਦਾ ਮੂੰਹ ਵਿੰਗਾ ਹੋ ਜਾਂਦਾ ਹੈ ਤੇ ਜੇਕਰ ਪੁੱਤ ਤੇ ਨੂੰਹ ਕੋਲ ਚਲੇ ਜਾਣ ਤਾਂ ਧੀ ਉਲਾਂਭੇ ਦਿੰਦੀ ਨਹੀਂ ਥੱਕਦੀ। ਜਿਨ੍ਹਾਂ ਪੁੱਤਰਾਂ ਧੀਆਂ ਦੇ ਬਜ਼ੁਰਗ ਉਨ੍ਹਾਂ ਕੋਲ ਉਨ੍ਹਾਂ ਦੇ ਬੱਚਿਆਂ ਨੂੰ ਸੰਭਾਲਣ ਨਾ ਆਉਣ ਤਾਂ ਉਨ੍ਹਾਂ ਦੀ ਹਾਲਤ ਵੇਖਣ ਵਾਲੀ ਹੁੰਦੀ ਹੈ। ਬੱਚੇ ਪਾਲਣ ਲਈ ਕਦੇ ਮੁੰਡੇ ਨੂੰ ਆਪਣੇ ਮਾਪਿਆਂ ਨੂੰ ਬੁਲਾਉਣਾ ਪੈਂਦਾ ਹੈ ਤੇ ਕਦੇ ਉਸਦੀ ਪਤਨੀ ਨੂੰ ਆਪਣੇ ਮਾਪਿਆਂ ਨੂੰ ਬੁਲਾਉਣਾ ਪੈਂਦਾ ਹੈ। ਜਦੋਂ ਬਜ਼ੁਰਗ ਉਨ੍ਹਾਂ ਦੇ ਬੱਚੇ ਪਾਲਣ ਆ ਜਾਂਦੇ ਹਨ ਤਾਂ ਪਰਿਵਾਰ ਵਿੱਚ ਅੱਡ ਤਰ੍ਹਾਂ ਦੀਆਂ ਸਮੱਸਿਆਵਾਂ ਖੜ੍ਹੀਆਂ ਹੋ ਜਾਂਦੀਆਂ ਹਨ। ਪੁੱਤਾਂ, ਨੂੰਹਾਂ ਅਤੇ ਬਜ਼ੁਰਗਾਂ ਵਿੱਚ ਕਈ ਗੱਲਾਂ ਨੂੰ ਲੈਕੇ ਟਕਰਾਅ ਹੋ ਜਾਂਦਾ ਹੈ। ਪਰਿਵਾਰ ਵਿੱਚ ਅਸ਼ਾਂਤੀ ਦਾ ਮਾਹੌਲ ਬਣ ਜਾਂਦਾ ਹੈ। ਦੋਵੇਂ ਧਿਰਾਂ ਵਿੱਚ ਸੰਵਾਦ ਬੰਦ ਹੋਣ ਦੀ ਨੌਬਤ ਵੀ ਆ ਜਾਂਦੀ ਹੈ।

ਆਪਣਿਆਂ ਦੇ ਦੁੱਖ ਸੁਖ ਵਿੱਚ ਸ਼ਰੀਕ ਨਾ ਹੋਣ ਸਕਣ ਦੀ ਬੇਵਸੀ ਵਿੱਚ ਬੱਚਿਆਂ ਅਤੇ ਬਜ਼ੁਰਗਾਂ ਦੀ ਜ਼ਿੰਦਗੀ ਆਪਣੇ ਆਪ ਨਾਲ ਸਮਝੌਤੇ ਕਰਦਿਆਂ ਹੀ ਲੰਘ ਜਾਂਦੀ ਹੈ। ਬਜ਼ੁਰਗ ਅਤੇ ਉਨ੍ਹਾਂ ਦੇ ਬੱਚੇ ਇੱਕ ਦੂਜੇ ਤੋਂ ਲੱਖਾਂ ਮੀਲ ਦੂਰ ਬੈਠੇ ਇੱਕ ਦੂਜੇ ਨੂੰ ਮਿਲਣ ਲਈ ਤਰਸਦੇ ਰਹਿੰਦੇ ਹਨ। ਪ੍ਰਵਾਸ ਦੇ ਸੱਭਿਆਚਾਰ ਕਾਰਨ ਮੁੰਡੇ ਕੁੜੀਆਂ ਦੇ ਰਿਸ਼ਤੇ ਨਾ ਹੋਣਾ ਦੋਹਾਂ ਧਿਰਾਂ ਲਈ ਬਹੁਤ ਵੱਡੀ ਚੁਣੌਤੀ ਬਣਕੇ ਰਹਿ ਗਿਆ ਹੈ ਕਿਉਂਕਿ ਦੋਹਾਂ ਦੇ ਮਨਾਂ ਵਿੱਚ ਅਵਿਸ਼ਵਾਸ ਦੀ ਭਾਵਨਾ ਪੈਦਾ ਹੁੰਦੀ ਜਾ ਰਹੀ ਹੈ। ਪਤਾ ਨਹੀਂ ਦੋਹਾਂ ਵਿੱਚੋਂ ਕਦੋਂ ਕਿਸਨੇ ਧੋਖਾ ਦੇ ਜਾਣਾ ਹੈ। ਆਪਣੇ ਹੀ ਰਿਸ਼ਤੇਦਾਰ ਇਹ ਸੋਚ ਕੇ ਕਿ ਪਤਾ ਨਹੀਂ ਮੁੰਡੇ ਕੁੜੀ ਨੇ ਪਹਿਲਾਂ ਹੀ ਕੋਈ ਸੰਬੰਧ ਨਾ ਬਣਾਏ ਹੋਣ, ਮੁੰਡੇ ਕੁੜੀ ਦਾ ਰਿਸ਼ਤਾ ਕਰਵਾਉਣ ਲਈ ਤਿਆਰ ਨਹੀਂ ਹੁੰਦੇ। ਆਪਣੇ ਦੇਸ਼ ਦੇ ਰੁਪਇਆਂ ਨੂੰ ਡਾਲਰਾਂ ਨਾਲ ਗੁਣਾ ਕਰਕੇ ਨੌਜਵਾਨ ਮੁੰਡੇ ਅਤੇ ਕੁੜੀਆਂ ਚਾਅ ਚਾਅ ਵਿੱਚ ਆ ਤਾਂ ਜਾਂਦੇ ਹਨ ਪਰ ਜਦੋਂ ਆਪਣਿਆਂ ਤੋਂ ਦੂਰ ਰਹਿੰਦਿਆਂ ਬੀਮੇ, ਘਰਾਂ, ਗੱਡੀਆਂ ਅਤੇ ਹੋਰ ਸਮਾਨ ਦੀਆਂ ਕਿਸ਼ਤਾਂ ਉਤਾਰਦਿਆਂ ਉਨ੍ਹਾਂ ਦੀ ਜ਼ਿੰਦਗੀ ਕੋਹਲੂ ਦੇ ਬੈਲ ਵਾਂਗ ਬਣ ਜਾਂਦੀ ਹੈ ਤਾਂ ਮਨ ਵਿੱਚ ਇਹੋ ਵਲਵਲਾ ਉੱਠਦਾ ਹੈ ਕਿ ਕਿੱਥੇ ਆ ਕੇ ਫਸ ਗਏ ਹਾਂ, ਇਸਦੇ ਨਾਲੋਂ ਤਾਂ ਉੱਥੇ ਹੀ ਚੰਗੇ ਸੀ। ਘੱਟੋ ਘੱਟ ਕੋਈ ਦੁੱਖ ਸੁੱਖ ਸੁਣਨ ਵਲਾ ਤਾਂ ਸੀ ਉੱਥੇ, ਇੱਥੇ ਤਾਂ ਕੋਈ ਬੁਲਾਉਂਦਾ ਵੀ ਨਹੀਂ।

ਪਾਰਕਾਂ ਪਲਾਜ਼ਿਆਂ, ਸੈਰਗਾਹਾਂ ਤੇ ਜਨਤਕ ਥਾਵਾਂ 'ਤੇ ਘੁੰਮਦੇ ਲੋਕਾਂ ਦੇ ਉਦਾਸ ਅਤੇ ਉੱਤਰੇ ਹੋਏ ਚਿਹਰੇ ਉਨ੍ਹਾਂ ਦੀ ਮਨਾਂ ਦੀ ਦਾਸਤਾਂ ਬਿਆਨ ਕਰ ਰਹੇ ਹੁੰਦੇ ਹਨ ਪਰ ਇੱਕ ਦੂਜੇ ਨੂੰ ਵੇਖੋ ਵੇਖੀ ਜੀਅ ਰਹੇ ਹੁੰਦੇ ਹਨ। ਪਾਰਕਾਂ ਵਿੱਚ ਅਤੇ ਹੋਰ ਥਾਵਾਂ 'ਤੇ ਬੈਠੇ ਬਜ਼ੁਰਗ ਪਤੀ ਪਤਨੀ ਅਤੇ ਨੌਜਵਾਨ ਪਤੀ ਪਤਨੀ ਉਸ ਥਾਂ ਦਾ ਆਨੰਦ ਘੱਟ ਮਾਣ ਰਹੇ ਹੁੰਦੇ ਹਨ, ਆਪਣੀਆਂ ਸਮੱਸਿਆਵਾਂ ਦੀ ਚਰਚਾ ਵੱਧ ਕਰ ਰਹੇ ਹੁੰਦੇ ਹਨ। ਪਾਰਕਾਂ ਵਿੱਚ ਬੱਚਿਆਂ ਨੂੰ ਖਿਡਾਉਣ ਆਏ ਬਜ਼ੁਰਗਾਂ ਅਤੇ ਪਤੀਆਂ ਪਤਨੀਆਂ ਦੇ ਕੰਨਾਂ ਤੋਂ ਫੋਨ ਨਹੀਂ ਉੱਤਰਦਾ ਕਿਉਂਕਿ ਉਹ ਆਪਣੇ ਰਿਸ਼ਤੇਦਾਰਾਂ ਕੋਲ ਆਪਣੀਆਂ ਸਮੱਸਿਆਵਾਂ ਸਾਂਝੀਆਂ ਕਰ ਰਹੇ ਹੁੰਦੇ ਹਨ। ਫੋਨ ਕਰਦੇ ਸਮੇਂ ਤਾਂ ਉਹ ਆਪਣੇ ਨਾਲ ਲਿਆਂਦੇ ਬੱਚਿਆਂ ਨੂੰ ਵੀ ਭੁੱਲ ਜਾਂਦੇ ਹਨ।

ਕੈਨੇਡਾ ਵਿੱਚ ਵਸਦੇ ਇੱਕ ਅਧਿਆਪਕ ਵੱਲੋਂ ਆਪਣੇ ਮਰੇ ਹੋਏ ਬਾਪ ਦੇ ਦਾਹ ਸੰਸਕਾਰ ਤੇ ਉਸ ਨੂੰ ਆਪਣੇ ਮੋਬਾਇਲ 'ਤੇ ਦਿੱਤੀ ਜਾ ਰਹੀ ਸ਼ਰਧਾਂਜਲੀ ਦੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਵੀਡੀਓ ਨੇ ਪ੍ਰਵਾਸ ਦੀ ਜ਼ਿੰਦਗੀ ਦਾ ਪੋਲ ਚੰਗੀ ਤਰ੍ਹਾਂ ਖੋਲ੍ਹਕੇ ਰੱਖ ਦਿੱਤਾ ਸੀ। ਪੱਛਮੀ ਦੇਸ਼ਾਂ ਵਿੱਚ ਬੇਰੁਜ਼ਗਾਰੀ ਦਾ ਸੰਤਾਪ ਭੋਗ ਰਹੇ, ਰੁਜ਼ਗਾਰ ਲੱਭ ਰਹੇ, ਬੇਸਮੈਂਟਾਂ ਵਿੱਚ ਜ਼ਿੰਦਗੀ ਗੁਜ਼ਾਰ ਰਹੇ, ਨਾ ਇੱਥੇ ਰਹਿਣ ਜੋਗੇ ਤੇ ਨਾ ਹੀ ਮੁੜ ਵਾਪਸ ਜਾਣ ਜੋਗੇ। ਮੁੰਡਿਆਂ ਕੁੜੀਆਂ ਦੀ ਪ੍ਰਵਾਸ ਦੀ ਜ਼ਿੰਦਗੀ ਦੀ ਤਰਾਸਦੀ ਨੂੰ ਇਹ ਵੀਡੀਓ ਬਹੁਤ ਚੰਗੀ ਤਰ੍ਹਾਂ ਬਿਆਨ ਕਰਦੀ ਹੈ।

ਕੈਨੇਡਾ ਸਰਕਾਰ ਵੱਲੋਂ ਨਿੱਤ ਨਵੇਂ ਲਗਾਏ ਜਾ ਰਹੇ ਟੈਕਸਾਂ, ਤੇਜ਼ੀ ਨਾਲ ਵਧ ਰਹੀ ਮਹਿੰਗਾਈ, ਨੌਕਰੀ ਤੋਂ ਕੱਢੇ ਜਾਣ ਦਾ ਡਰ, ਜੁਰਮਾਂ, ਫ਼ਿਰੌਤੀਆਂ, ਚੋਰੀਆਂ, ਅੱਤਵਾਦ ਦੀਆਂ ਵਧ ਰਹੀਆਂ ਵਾਰਦਾਤਾਂ, ਖਾਮੀਆਂ ਭਰਪੂਰ ਕਾਨੂੰਨਾਂ ਅਤੇ ਮਾਲਕ ਮਕਾਨਾਂ ਅਤੇ ਕਿਰਾਏਦਾਰਾਂ ਦੇ ਵਧ ਰਹੇ ਝਗੜਿਆਂ ਨੇ ਪ੍ਰਵਾਸੀ ਲੋਕਾਂ ਦੇ ਮਨਾਂ ਵਿੱਚ ਇਸ ਪ੍ਰਵਾਸ ਦੀ ਜ਼ਿੰਦਗੀ ਪ੍ਰਤੀ ਅਕੇਵਾਂ ਪੈਦਾ ਕਰ ਦਿੱਤਾ ਹੈ। ਪੱਛਮੀ ਦੇਸ਼ਾਂ ਵਿੱਚ ਪੜ੍ਹਨ ਆਏ ਬੱਚਿਆਂ ਦਾ ਨਸ਼ਿਆਂ ਵਿੱਚ ਗਲਤਾਨ ਹੋਣਾ, ਉਨ੍ਹਾਂ ਦੇ ਕਤਲ ਹੋਣਾ ਤੇ ਉਨ੍ਹਾਂ ਵੱਲੋਂ ਖੁਦਕੁਸ਼ੀਆਂ ਕਰਨਾ ਪ੍ਰਵਾਸ ਦੀ ਜ਼ਿੰਦਗੀ ਪ੍ਰਤੀ ਕਈ ਖਦਸ਼ੇ ਪੈਦਾ ਕਰ ਰਿਹਾ ਹੈ। ਸਿਹਤ ਸੇਵਾਵਾਂ ਦਾ ਮੰਦਾ ਹਾਲ, ਖਾਮੀਆਂ ਭਰਪੂਰ ਸਿੱਖਿਆ ਪ੍ਰਣਾਲੀ, ਪੱਛਮੀ ਸੱਭਿਆਚਾਰ ਵਿੱਚ ਫਸਕੇ ਬਾਗੀ ਹੁੰਦੇ ਜਾ ਰਹੇ ਬੱਚੇ ਕਮਜ਼ੋਰ ਕਾਨੂੰਨ, ਨਸ਼ਿਆਂ ਦਾ ਵਧ ਰਿਹਾ ਰੁਝਾਨ ਪ੍ਰਵਾਸ ਦੀ ਜ਼ਿੰਦਗੀ ਬਸਰ ਕਰ ਰਹੇ ਲੋਕਾਂ ਦੇ ਮਨਾਂ ਵਿੱਚ ਕਈ ਤਰ੍ਹਾਂ ਦੇ ਸ਼ੰਕੇ ਖੜ੍ਹੇ ਕਰ ਰਿਹਾ ਹੈ। ਕੈਨੇਡਾ ਵਿੱਚ ਪਿਛਲੇ 40 ਸਾਲ ਤੋਂ ਪੱਕੇ ਤੌਰ ਵਸ ਰਹੇ ਲੁਧਿਆਣੇ ਜ਼ਿਲ੍ਹੇ ਦੇ ਪਰਿਵਾਰ ਦੇ ਬਜ਼ੁਰਗਾਂ ਨੇ ਇਸ ਪ੍ਰਵਾਸ ਦੀ ਜ਼ਿੰਦਗੀ ਤੋਂ ਅੱਕਕੇ ਆਪਣੇ ਪੁੱਤਰਾਂ ਧੀਆਂ ਨੂੰ ਕਿਹਾ ਕਿ ਤੁਸੀਂ ਇੱਥੇ ਰਹਿਣਾ ਹੈ ਤੋਂ ਰਹੋ, ਅਸੀਂ ਤਾਂ ਆਪਣਾ ਬੁਢਾਪਾ ਆਪਣੇ ਮੁਲਕ ਵਿੱਚ ਹੀ ਗੁਜ਼ਾਰਾਂਗੇ। ਅਮਰੀਕਾ ਵਿੱਚ ਵਸਦੇ ਮੇਰੇ ਇੱਕ ਜਾਣਕਾਰ ਦੋਸਤ ਦਾ ਕਹਿਣਾ ਹੈ ਕਿ ਇਹ ਵੱਡੇ ਘਰ, ਸ਼ਾਨਦਾਰ ਗੱਡੀਆਂ ਅਤੇ ਡਾਲਰਾਂ ਦੀ ਕਮਾਈ ਕਿਸ ਕੰਮ ਦੀ ਜੇਕਰ ਬੰਦਾ ਆਪਣਿਆਂ ਦੇ ਰਿਸ਼ਤਿਆਂ ਦੇ ਨਿੱਘ ਨੂੰ ਮਾਨਣ ਲਈ ਸਾਰੀ ਉਮਰ ਤਰਸਦਾ ਰਹੇ। ਪ੍ਰਵਾਸ ਦੀ ਇਹ ਜ਼ਿੰਦਗੀ ਮ੍ਰਿਗ ਤ੍ਰਿਸ਼ਨਾ ਤੋਂ ਵਧਕੇ ਕੁਝ ਵੀ ਨਹੀਂ ਹੈ।

# ਮੀਡੀਆ 'ਚ ਆਏ ਪ੍ਰਵਾਸ ਦੇ ਤਾਜ਼ਾ ਅੰਕੜੇ

ਲੇਖਕ : ਪ੍ਰੋ. ਕੁਲਬੀਰ ਸਿੰਘ, 94171-53513

ਬੀਤੇ ਦਿਨੀਂ ਅੰਕੜੇ ਸਾਹਮਣੇ ਆਏ ਸਨ ਕਿ ਸਾਲ 2024 ਦੌਰਾਨ 4300 ਅਮੀਰ ਲੋਕ ਭਾਰਤ ਛੱਡ ਕੇ ਹੋਰਨਾਂ ਦੇਸ਼ਾਂ ਵਿਚ ਵੱਸ ਜਾਣਗੇ। ਹਰੇਕ ਸਾਲ ਇਹ ਗਿਣਤੀ ਵੱਧਦੀ ਘੱਟਦੀ ਰਹਿੰਦੀ ਹੈ। ਸਾਲ 2019 ਵਿਚ 7000 ਕਰੋੜਪਤੀਆਂ ਨੇ ਭਾਰਤ ਛੱਡਿਆ ਸੀ। ਅੰਕੜੇ ਪੜ੍ਹਦੇ ਹੋਏ ਮੈਨੂੰ ਹੈਰਾਨੀ ਹੋਈ ਕਿ ਜਿਹੜੇ ਮੁਲਕਾਂ ਵਿਚ ਇਹ ਅਮੀਰ ਭਾਰਤੀ ਜਾ ਰਹੇ ਹਨ, ਉਥੋਂ ਦੇ ਅਮੀਰ ਲੋਕ ਅੱਗੇ ਹੋਰਨਾਂ ਮੁਲਕਾਂ ਵੱਲ ਜਾ ਰਹੇ ਹਨ। ਸਾਲ 2024 'ਚ 9500 ਇੰਗਲੈਂਡ ਵਾਸੀ, 15200 ਚੀਨੀ, 1200 ਕੋਰੀਆਈ, 1000 ਰੂਸੀ ਆਪਣੇ ਦੇਸ਼ ਛੱਡ ਜਾਣਗੇ। ਜਲੰਧਰ ਜਿਸ ਇਲਾਕੇ ਵਿਚ ਮੈਂ ਰਹਿੰਦਾ ਹਾਂ, ਉਸਦੇ ਰਸਤੇ ਵਿਚ ਲੰਮੇ ਸਮੇਂ ਤੋਂ ਇਕ ਸਰਮਾਏਦਾਰ ਪਰਿਵਾਰ ਰਹਿੰਦਾ ਸੀ। ਸ਼ਹਿਰ ਕੰਢੇ ਜੱਦੀ ਪੁਸ਼ਤੀ ਕਈ ਕਿੱਲੇ ਜ਼ਮੀਨ ਸੀ, ਜਿਹੜੀ ਹੁਣ ਸ਼ਾਹਿਰ ਵਿਚ ਆ ਚੁੱਕੀ ਹੈ ਅਤੇ ਉਸਦੇ ਇਰਦ-ਗਿਰਦ ਪੌਸ਼ ਏਰੀਆ ਹੈ। ਸ਼ਹਿਰ ਵਿਚ ਵੱਡੇ-ਵੱਡੇ ਕਾਰੋਬਾਰ ਸਨ। ਇਕ ਦਿਨ ਪਤਾ ਲੱਗਾ ਕਿ ਉਹ ਸਾਰਾ ਕੁਝ ਵੇਚ-ਵੱਟ ਕੇ ਕੈਨੇਡਾ ਚਲੇ ਗਏ ਹਨ। ਮੈਂ ਅਕਸਰ ਸੋਚਦਾ ਹਾਂ ਕਿ ਜੇ ਅਜਿਹੇ ਲੋਕ ਵੀ ਸਾਰਾ ਕੁਝ ਛੱਡ ਛੁਡਾ ਕੇ ਵਿਦੇਸ਼ ਜਾ ਕੇ ਵੱਸਣ ਨੂੰ ਤਰਜੀਹ ਦੇ ਰਹੇ ਹਨ, ਤਾਂ ਕੋਈ ਗੱਲ ਤਾਂ ਜ਼ਰੂਰ ਹੋਵੇਗੀ। ਮੈਂ ਅਕਸਰ ਪਰਵਾਸ ਦੇ ਪਲੱਸ ਮਾਈਨਸ ਸੋਚਣ ਬੈਠ ਜਾਂਦਾ ਹਾਂ ਪਰ ਕਿਸੇ ਨਤੀਜੇ 'ਤੇ ਨਹੀਂ ਪੁੱਜਾ। ਬਹੁਤ ਸਾਰਿਆਂ ਨੇ ਵਿਦੇਸ਼ਾਂ ਵਿਚ ਢੇਰ ਤਰੱਕੀਆਂ ਕੀਤੀਆਂ ਹਨ। ਕੁਝ ਇਸਨੂੰ ਮਿੱਠੀ ਜੇਲ੍ਹ ਆਖਦੇ ਹਨ। ਮੈਂ ਮੰਨਦਾ ਹਾਂ, ਜੇ ਕੁਝ ਪ੍ਰਾਪਤ ਕਰਨਾ ਹੈ, ਤਾਂ ਕੁਝ ਗਵਾਉਣਾ ਵੀ ਪੈਣਾ ਹੈ। ਪੰਜਾਬ ਤੋਂ ਪਰਵਾਸ ਅਤੇ ਪੰਜਾਬ ਵੱਲ ਪਰਵਾਸ ਲਗਾਤਾਰ ਜਾਰੀ ਹੈ। ਸੋਸ਼ਲ ਮੀਡੀਆ ਅਤੇ ਆਲੇ-ਦੁਆਲੇ 'ਚੋਂ ਅਜਿਹੀਆਂ ਖ਼ਬਰਾਂ ਵੀ ਪੜ੍ਹਨ-ਸੁਣਨ ਨੂੰ ਮਿਲਦੀਆਂ ਹਨ ਕਿ ਲੰਮੇ ਸਮੇਂ ਤੋਂ ਵਿਦੇਸ਼ ਰਹਿੰਦੇ ਕੁਝ ਪਰਿਵਾਰ ਵਾਪਸ ਪੰਜਾਬ ਆ ਵੱਸੇ ਹਨ। ਇਸਦੇ ਕੁਝ ਨਿੱਜੀ ਕਾਰਨ ਹੁੰਦੇ ਹਨ ਅਤੇ ਕੁਝ ਸਾਂਝੇ। ਕਿਸੇ ਦਾ ਦਿਲ ਨਹੀਂ ਲੱਗਦਾ, ਕਿਸੇ ਨੂੰ ਆਪਣੀ ਧਰਤੀ, ਆਪਣੇ ਲੋਕਾਂ, ਆਪਣੇ ਘਰ-ਪਰਿਵਾਰ ਦਾ ਹੇਰਵਾ ਸਤਾਉਂਦਾ ਹੈ। ਕਿਸੇ ਦਾ ਮਨ ਅਜਨਬੀ ਮਾਹੌਲ, ਅਜਨਬੀ ਲੋਕਾਂ ਵਿਚ ਨਹੀਂ ਭਿੱਜਦਾ। ਕਿਸੇ ਨੂੰ ਚੱਜ ਦੀ ਨੌਕਰੀ ਨਹੀਂ ਮਿਲਦੀ, ਕਿਸੇ ਦਾ ਕੰਮਕਾਰ ਨਹੀਂ ਚੱਲਦਾ। ਤਬਦੀਲੀ ਕੁਦਰਤ ਦਾ, ਜੀਵਨ ਦਾ ਨਿਯਮ ਹੈ। ਕੁਝ ਵੀ ਸਥਿਰ ਨਹੀਂ ਹੈ। ਹਰ ਪਲ ਸਭ ਕੁਝ ਬਦਲ ਰਿਹਾ ਹੈ। ਮਨੁੱਖੀ ਮਨ ਕਦੇ ਸੰਤੁਸ਼ਟ ਨਹੀਂ ਹੁੰਦਾ। ਮਨੁੱਖ ਜਿੱਥੇ ਹੈ, ਉਥੋਂ ਹੋਰ



ਕਿਤੇ ਚਲਾ ਜਾਣਾ ਚਾਹੁੰਦਾ ਹੈ। ਕਾਰਨ ਜੁਦਾ-ਜੁਦਾ ਹੋ ਸਕਦੇ ਹਨ। ਸਮਰਾਜ ਚੌਹਾਨ ਦਾ ਇਕ ਛੋਟਾ ਜਿਹਾ ਆਰਟੀਕਲ ਪੜ੍ਹ ਰਿਹਾ ਸਾਂ। ਲਿਖਿਆ ਸੀ ਦੁਨੀਆਂ ਵਿਚ ਹਰ ਚੀਜ਼ ਪਰਿਵਰਤਨਸ਼ੀਲ ਹੈ। ਬਦਲਾਅ ਤੋਂ ਇਲਾਵਾ ਕੁਝ ਵੀ ਸਥਾਈ ਨਹੀਂ ਹੈ। ਨਿਰੰਤਰਤਾ ਬਦਲਾਅ ਨਾਲ ਜੁੜੀ ਹੋਈ ਹੈ। ਬਦਲਾਅ ਨਾਲ ਹੀ ਵਿਕਾਸ ਅਤੇ ਵਿਕਾਸ ਨਾਲ ਹੀ ਲੋਕਾਂ ਦਾ ਜੀਵਨ ਬਿਹਤਰ ਹੁੰਦਾ ਹੈ। ਅਸੀਂ ਇਕ ਨਿਰੰਤਰ ਬਦਲਦੀ ਹੋਈ ਦੁਨੀਆਂ ਵਿਚ ਰਹਿ ਰਹੇ ਹਾਂ। ਮਨੁੱਖਾ ਜੀਵਨ ਵੀ ਇਸੇ ਬਦਲਾਅ ਦਾ ਹਿੱਸਾ ਹੈ। ਮਨੁੱਖ ਕਦੇ ਰੁੱਕਦਾ ਨਹੀਂ ਹੈ। ਸਦੀਆਂ ਪਹਿਲਾਂ ਕਿਥੋਂ ਚੱਲਿਆ ਸੀ, ਅੱਜ ਕਿੱਥੇ ਪੁੱਜ ਗਿਆ ਹੈ। ਸਮੇਂ ਅਤੇ ਹਾਲਾਤ ਅਨੁਸਾਰ ਸਾਨੂੰ ਬਦਲਣਾ ਚਾਹੀਦਾ ਹੈ। ਬਦਲਣਾ ਹੀ ਪੈਣਾ ਹੈ। ਨਦੀ ਦੇ ਵਹਾਅ ਵਾਂਗ। ਨਦੀ ਜਿਸ ਤਰ੍ਹਾਂ ਦੇ ਸਥਾਨ ਤੋਂ ਗੁਜ਼ਰਦੀ ਹੈ, ਉਵੇਂ ਦਾ ਆਚਰਣ ਧਾਰਨ ਕਰ ਲੈਂਦੀ ਹੈ। ਪਹਾੜਾਂ 'ਚੋਂ ਲੰਘਦੀ ਹੈ, ਤਾਂ ਸ਼ੂਕਦੀ ਹੋਈ, ਮੈਦਾਨਾਂ 'ਚੋਂ ਗੁਜ਼ਰਦੀ ਹੈ, ਤਾਂ ਸ਼ਾਂਤ ਜਿਹੀ, ਸਮੁੰਦਰ ਵਿਚ ਜਾ ਮਿਲਦੀ ਹੈ, ਤਾਂ ਉਹਦਾ ਰੂਪ ਹੋ ਜਾਂਦੀ ਹੈ। ਜੀਵਨ ਵੀ ਇਸੇ ਤਰ੍ਹਾਂ ਹੈ। ਅਖ਼ਬਾਰਾਂ ਵਿਚ ਪਰਵਾਸ ਬਾਰੇ ਲਗਾਤਾਰ ਲੇਖ ਪ੍ਰਕਾਸ਼ਿਤ ਹੋ ਰਹੇ ਹਨ। ਟੈਲੀਵਿਜ਼ਨ ਚੈਨਲਾਂ 'ਤੇ ਚਰਚਾ ਹੋ ਰਹੀ ਹੈ। ਪ੍ਰਵਾਸੀ ਪੰਜਾਬੀਆਂ ਨਾਲ ਲੰਮੀਆਂ ਇੰਟਰਵਿਊ ਪ੍ਰਸਾਰਿਤ ਹੋ ਰਹੀਆਂ ਹਨ। ਦਰਅਸਲ ਹਾਲਾਤ ਪਹਿਲਾਂ ਵਾਲੇ ਨਹੀਂ ਰਹੇ ਸਮਾਂ ਬਦਲ ਗਿਆ ਹੈ। ਮਹਿੰਗਾਈ ਬਹੁਤ ਵਧ ਗਈ ਹੈ। ਨੌਕਰੀ ਦੇ ਮੌਕੇ ਘੱਟ ਗਏ ਹਨ। ਮੈਰਿਟ ਵਾਲੇ, ਚੰਗੀਆਂ ਡਿਗਰੀਆਂ ਵਾਲੇ ਨੌਜਵਾਨਾਂ ਨੂੰ ਅੱਜ ਵੀ ਕੋਈ ਦਿੱਕਤ ਨਹੀਂ। ਮੁਸ਼ਕਲਾਂ ਪਹਿਲਾਂ ਵੀ ਸਨ, ਮੁਸ਼ਕਲਾਂ ਅੱਜ ਵੀ ਹਨ। ਸੋਸ਼ਲ ਮੀਡੀਆ ਕਾਰਨ ਅੱਜ ਗੱਲ ਝੱਟਪਟ ਸਭ ਤੱਕ ਪਹੁੰਚ ਜਾਂਦੀ ਹੈ। ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਵੀ ਬਦਲ ਰਹੀ ਸਥਿਤੀ ਦੇ ਮੱਦੇਨਜ਼ਰ ਸਖ਼ਤ ਰੁਖ਼ ਅਪਣਾ ਰਹੀਆਂ ਹਨ। ਬੀਤੇ ਦਿਨੀਂ ਕੈਨੇਡਾ ਵਿਖੇ 'ਵਿਸ਼ਵ ਵਿਆਪੀ ਪਰਵਾਸ: ਕਾਰਨ ਅਤੇ ਚੁਣਤੀਆਂ' ਵਿਸ਼ੇ 'ਤੇ ਚਰਚਾ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਸਪੱਸ਼ਟ ਕਿਹਾ ਗਿਆ ਕਿ ਪਹਿਲੀ ਪੀੜ੍ਹੀ ਖੁਦ ਵਿਦੇਸ਼ ਜਾਣ ਲਈ ਤਿਆਰ ਨਹੀਂ ਸੀ ਪਰ ਹੁਣ ਆਪਣੇ ਬੱਚਿਆਂ ਨੂੰ ਧੜਾਧੜ ਵਿਦੇਸ਼ ਭੇਜ ਰਹੀ ਹੈ। ਵਿਦੇਸ਼ਾਂ ਵਿਚ ਸਥਾਪਤ ਹੋਣ ਲਈ ਹਮੇਸ਼ਾ ਸਰੀਰਕ, ਮਾਨਸਿਕ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਨਵੇਂ ਮਾਹੌਲ, ਨਵੀਂ ਸਮਾਜਿਕ ਬਣਤਰ ਵਿਚ ਘੁਲਣਮਿਲਣ ਲਈ ਲੰਮਾ ਸੰਘਰਸ਼ ਕਰਨਾ ਪੈਂਦਾ ਹੈ। ਸਮਾਂ ਪਾ ਕੇ ਵਧੇਰੇ ਲੋਕ ਸਹਿਜ ਜੀਵਨ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਮੋੜਵੇਂ ਪਰਵਾਸ ਦੀ ਗੱਲ ਚੱਲੀ, ਤਾਂ ਮਾਹਿਰਾਂ ਅਤੇ ਵਿਦਵਾਨਾਂ ਦੀ ਰਾਏ ਸੀ ਕਿ ਇਹ ਕੋਈ ਕਲਪਨਾ ਹੀ ਕਹੀ ਜਾ ਸਕਦੀ ਹੈ। ਵਿਦੇਸ਼ਾਂ ਵਿਚ ਪੀ.ਆਰ. ਲੈਣ ਬਾਅਦ ਵਾਪਸ ਭਾਰਤ ਆਉਣ ਵਾਲਿਆਂ ਦਾ ਅੰਕੜਾ ਨਾਮਾਤਰ ਹੈ।

ਕੈਨੇਡੀਅਨ ਪੰਜਾਬ ਟਾਈਮਜ਼
Canadian Punjab Times

- Brar Bhagta Bhai Ka
  Editor
  604-751-1113

Funded by the Government of Canada | Financé par le gouvernement du Canada | Canada

ADVISORY BOARD

- Dr. Puran Singh
  Vancouver, Canada
- S. Jarnail Singh
  Surrey, Canada
- Simranjit Singh
  News Reporter
- Gora Sandhu Khurd
  News Reporter (Punjab)
- Paramjit Singh
  Graphic Designer

Ishpreet Kaur as part of the Local Journalism Initiative.

Distributed in B.C., Greater Vancouver, Fraser Valley,
Contact for Advertisement
**604-338-7310**

ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**
**(Punjabi Newspaper)**
Contact :
**604-338-7310**
Fax :
**604-572-3638**
Website :
**www.thepunjabtimes.ca**
E-mail :
**canadianpunjabtimes@gmail.com**

**Please Note:**
The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed. Publisher is not responsible in any mishappening between the customer and Advertiser.

ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ਼ ਹੈ ਤਾਂ ਉਹ ਸਿਰਫ 'ਤੇ ਸਿਰਫ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।

# ਯੂਕੇ ਵਿੱਚ ਵਿਦਿਆਰਥੀਆਂ ਨਾਲ ਵੱਡੀ ਧੋਖਾਧੜੀ, ਫਰਜ਼ੀ ਦਸਤਾਵੇਜ਼ਾਂ ਰਾਹੀਂ ਹਜ਼ਾਰਾਂ ਪੌਂਡ ਦੀ ਲੁੱਟੇ

ਲੰਡਨ : ਵਲਵਰਹੈਂਪਟਨ ਅਤੇ ਬਰਮਿੰਘਮ ਦੇ ਇਲਾਕਿਆਂ ਵਿੱਚ ਰਹਿ ਰਹੇ ਪਾਕਿਸਤਾਨੀ ਨਾਗਰਿਕ ਤੈਮੂਰ ਰਜ਼ਾ ਅਤੇ ਉਸਦੇ ਏਜੰਟਾਂ ਨੇ ਯੂਕੇ ਵਿੱਚ ਕੰਮ ਕਰਨ ਦੇ ਅਧਿਕਾਰ ਨਾਲ ਸਬੰਧਿਤ ਜਾਅਲੀ ਦਸਤਾਵੇਜ਼ਾਂ ਦੇ ਜਰੀਏ ਕੌਮਾਂਤਰੀ ਵਿਦਿਆਰਥੀਆਂ ਤੋਂ ਹਜ਼ਾਰਾਂ ਪੌਂਡ ਦੀ ਠੱਗੇ ਹਨ। ਜਾਂਚ ਦੌਰਾਨ ਪਤਾ ਲੱਗਾ ਹੈ 141 ਵਿਦਿਆਰਥੀਆਂ ਨੂੰ ਗ੍ਰਹਿ ਮੰਤਰਾਲੇ ਵੱਲੋਂ ਮਨਜ਼ੂਰ ਨਹੀਂ ਕੀਤੇ ਜਾਣ ਵਾਲੇ ਦਸਤਾਵੇਜ਼ 1.2 ਮਿਲੀਅਨ ਪੌਂਚ ਵੇਚੇ ਗਏ।

ਤੈਮੂਰ ਰਜ਼ਾ ਨੇ ਵਿਦਿਆਰਥੀਆਂ ਨੂੰ "ਕੇਅਰ ਇੰਡਸਟ੍ਰੀ" ਵਿੱਚ ਨੌਕਰੀਆਂ ਦੀ ਪੇਸ਼ਕਸ਼ ਕੀਤੀ। ਰਜ਼ਾ ਅਤੇ ਉਸਦੇ ਏਜੰਟਾਂ ਨੇ ਵਿਦਿਆਰਥੀਆਂ ਨੂੰ ਗਲਤ ਦਸਤਾਵੇਜ਼ ਜਾਰੀ ਕੀਤੇ ਅਤੇ ਉਨ੍ਹਾਂ ਨਾਲ ਧੋਖਾਧੜੀ ਕੀਤੀ। ਕਈ ਵਿਦਿਆਰਥੀਆਂ ਨੇ 17,000 ਪੌਂਡ ਤੱਕ ਦਿੱਤੇ, ਜਦੋਂ ਕਿ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਦਸਤਾਵੇਜ਼ ਮੁਫ਼ਤ ਮਿਲਣੇ ਚਾਹੀਦੇ ਸਨ। ਇਸ ਦੇ ਬਾਵਜੂਦ, ਉਨ੍ਹਾਂ ਦੇ ਦਸਤਾਵੇਜ਼ ਗ੍ਰਹਿ ਮੰਤਰਾਲੇ ਵੱਲੋਂ ਸਵੀਕਾਰ ਨਹੀਂ ਕੀਤੇ ਗਏ।




ਨਾਦੀਆ, ਜੋ ਭਾਰਤ ਦੀ ਰਹਿਣ ਵਾਲੀ ਹੈ, ਨੇ 8,000 ਪੌਂਡ ਦੇ ਕੇ ਇੱਕ ਜਾਅਲੀ ਦਸਤਾਵੇਜ਼ ਖਰੀਦਿਆ ਜੋ ਉਸਨੂੰ "ਕੇਅਰ ਵਰਕਰ" ਦੇ ਰੂਪ ਵਿੱਚ ਨੌਕਰੀ ਦੇਣ ਦੀ ਪੇਸ਼ਕਸ਼ ਕਰਦਾ ਸੀ। ਪਰ ਜਦੋਂ ਉਨ੍ਹਾਂ ਨੇ ਆਪਣੇ ਵੀਜ਼ਾ ਬਾਰੇ ਪੁੱਛਿਆ, ਤਾਂ ਪਤਾ ਲੱਗਾ ਕਿ ਸਪੌਂਸਰਸ਼ਿਪ ਦਾ ਕੋਈ ਸਰਟੀਫਿਕੇਟ ਉਨ੍ਹਾਂ ਨੂੰ ਨਹੀਂ ਮਿਲਿਆ। ਨਾਦੀਆ ਦੀ ਤਰ੍ਹਾਂ ਬਹੁਤ ਸਾਰੇ ਵਿਦਿਆਰਥੀਆਂ ਨੇ ਆਪਣੇ ਪਰਿਵਾਰਾਂ ਦੇ ਸੁਪਨੇ ਤਬਾਹ ਹੁੰਦੇ ਵੇਖੇ।

ਇਸ ਤੋਂ ਬਾਅਦ ਗੁਰਦੁਆਰਾ ਬਾਬਾ ਸੰਗ ਜੀ ਅਤੇ ਹੋਰ ਸਥਾਨਕ ਸਹਾਇਤਾ ਕੇਂਦਰਾਂ ਨੇ ਇਨ੍ਹਾਂ ਪੀੜਤਾਂ ਨੂੰ ਮਦਦ ਕਰਨ ਦੀ ਕੋਸ਼ਿਸ਼ ਕੀਤੀ ਹੈ। ਬਹੁਤ ਸਾਰੇ ਲੋਕਾਂ ਦੇ ਪੈਸੇ ਵਾਪਸ ਕਰਵਾਏ ਗਏ ਹਨ ਅਤੇ ਮਦਦ ਲਈ ਤਤਪਰ ਸੰਸਥਾਵਾਂ ਨੇ ਠੱਗੀ ਮਾਰਨ ਵਾਲੇ ਲੋਕਾਂ ਦੇ ਖਿਲਾਫ ਮੁਹਿੰਮ ਚਲਾਈ ਹੈ। ਮੌਂਟੀ ਸਿੰਘ ਅਤੇ ਉਨ੍ਹਾਂ ਦੀ ਟੀਮ ਨੇ ਸੋਸ਼ਲ ਮੀਡੀਆ ਤੇ ਧੋਖੇਬਾਜ਼ਾਂ ਨੂੰ ਸ਼ਰਮਸਾਰ ਕਰਨਾ ਸ਼ੁਰੂ ਕੀਤਾ ਅਤੇ ਲੋਕਾਂ ਨੂੰ ਚੇਤਾਵਨੀ ਦਿੱਤੀ ਕਿ ਉਹ ਆਵਾਜਾਈ ਲਈ ਅਜੇਟਾਂ 'ਤੇ ਭਰੋਸਾ ਨਾ ਕਰਨ।

ਸਰਕਾਰ ਨੇ ਝੂਠੇ ਵੀਜ਼ਾ ਅਰਜ਼ੀਆਂ ਨੂੰ ਰੋਕਣ ਲਈ ਸਖ਼ਤ ਨੀਤੀਆਂ ਦਾ ਪ੍ਰਤਿਬੱਧਤਾ ਦਿਖਾਈ ਹੈ, ਪਰ ਪੀੜਤਾਂ ਨੂੰ ਆਪਣੇ ਮਾਲਕਾਂ ਵਿਰੁੱਧ ਸੁਰੱਖਿਅਤ ਰਿਪੋਰਟਿੰਗ ਪ੍ਰਣਾਲੀ ਦੀ ਲੋੜ ਹੈ।

ਇਹ ਘਟਨਾ ਵਿਦਿਆਰਥੀਆਂ ਦੇ ਬ੍ਰਿਟਿਸ਼ ਜਾਂ ਅਮਰੀਕੀ ਸੁਪਨੇ ਨੂੰ ਲੈ ਕੇ ਸਵਾਲ ਚੁੱਕਦੀ ਹੈ। ਪੀੜਤਾਂ ਨੇ ਸੁਪਨੇ ਨੂੰ ਸੱਚ ਕਰਨ ਲਈ ਇੰਗਲੈਂਡ ਵਿੱਚ ਨਿਵਾਸ ਲਈ ਆਪਣੀ ਸਾਰੀ ਕਮਾਈ ਦਾਅ 'ਤੇ ਲਗਾਈ ਪਰ ਅਸਲ ਵਿੱਚ ਉਨ੍ਹਾਂ ਨੂੰ ਸਿਰਫ਼ ਠੱਗੀ ਦਾ ਸਾਹਮਣਾ ਕਰਨਾ ਪਿਆ। ਹੁਣ ਗੁਰਦੁਆਰਿਆਂ ਵਿੱਚ ਆਪਣੀਆਂ ਸੇਵਾਵਾਂ ਦਾ ਵਿਸਤਾਰ ਕਰਕੇ ਲੋਕਾਂ ਨੂੰ ਅੱਗੇ ਆਉਣ ਅਤੇ ਆਪਣੇ ਹੱਕਾਂ ਦੀ ਰੱਖਿਆ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

# ਜਾਰਜੀਆ ਦੇ ਇੱਕ ਸਕੂਲ 'ਚ 14 ਸਾਲ ਦੇ ਲੜਕੇ ਵਲੋਂ ਗੋਲੀਬਾਰੀ, 4 ਦੀ ਮੌਤ

ਜਾਰਜੀਆ : ਅਮਰੀਕਾ ਵਿੱਚ ਗੋਲੀਬਾਰੀ ਦੀਆਂ ਘਟਨਾਵਾਂ ਰੁਕਣ ਦਾ ਕੋਈ ਸੰਕੇਤ ਨਹੀਂ ਦੇ ਰਹੀਆਂ ਹਨ। ਹਰ ਰੋਜ਼ ਗੋਲੀਬਾਰੀ ਵਿੱਚ ਬੇਕਸੂਰ ਜਾਨਾਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਹੁਣ ਅਮਰੀਕਾ ਦੇ ਜਾਰਜੀਆ ਹਾਈ ਸਕੂਲ 'ਚ ਗੋਲੀਬਾਰੀ ਦੀ ਘਟਨਾ ਸਾਹਮਣੇ ਆਈ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜਾਰਜੀਆ ਦੇ ਅਪਲਾਚੀ ਹਾਈ ਸਕੂਲ ਵਿੱਚ ਗੋਲੀਬਾਰੀ ਤੋਂ ਬਾਅਦ ਚਾਰ ਦੀ ਮੌਤ, ਇੱਕ ਵਿਅਕਤੀ ਹਿਰਾਸਤ ਵਿੱਚ ਹੈ।

ਪੁਲਿਸ ਨੇ ਦੱਸਿਆ ਕਿ ਇਸ ਗੋਲੀਬਾਰੀ ਦੀ ਘਟਨਾ ਵਿੱਚ ਤੀਹ ਤੋਂ ਵੱਧ ਲੋਕ ਜ਼ਖ਼ਮੀ ਹੋਏ ਹਨ।

ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੇ ਕਿਹਾ ਕਿ ਸਕੂਲ ਵਿੱਚ ਕਲਾਸਾਂ ਹਾਲ ਹੀ ਵਿੱਚ ਸ਼ੁਰੂ ਹੋਈਆਂ ਸਨ। ਜਾਰਜੀਆ ਬਿਊਰੋ ਆਫ ਇਨਵੈਸਟੀਗੇਸ਼ਨ ਨੇ ਟਵਿੱਟਰ 'ਤੇ ਪੋਸਟ ਕੀਤਾ ਕਿ ਵਿੰਡਰ, ਜਾਰਜੀਆ ਦੇ ਅਪਲਾਚੀ ਹਾਈ ਸਕੂਲ ਵਿਚ ਹੋਈ ਗੋਲੀਬਾਰੀ ਵਿਚ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ ਨੌਂ ਨੂੰ ਜ਼ਖ਼ਮੀ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ।

ਜਾਰਜੀਆ ਬਿਊਰੋ ਆਫ ਇਨਵੈਸਟੀਗੇਸ਼ਨ ਨੇ ਟਵਿੱਟਰ 'ਤੇ ਪੋਸਟ ਕੀਤਾ ਕਿ ਵਿੰਡਰ, ਜਾਰਜੀਆ ਦੇ ਅਪਲਾਚੀ ਹਾਈ ਸਕੂਲ ਵਿਚ ਹੋਈ ਗੋਲੀਬਾਰੀ ਵਿਚ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ ਨੌਂ ਨੂੰ ਜ਼ਖ਼ਮੀ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ। ਬੈਰੋ ਕਾਉਂਟੀ ਸ਼ੈਰਿਫ ਦੇ ਦਫ਼ਤਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਇੱਕ ਸ਼ੱਕੀ ਹਿਰਾਸਤ ਵਿੱਚ ਹੈ। ਸੀਐਨਐਨ ਨੇ ਇੱਕ ਅਣਜਾਣ ਸਰੋਤ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ ਸ਼ੱਕੀ ਇੱਕ 14 ਸਾਲ ਦਾ ਲੜਕਾ ਸੀ। ਦੱਸਿਆ ਜਾ ਰਿਹਾ ਹੈ ਕਿ ਗੋਲੀਬਾਰੀ ਹੋਣ ਤੋਂ ਪਹਿਲਾਂ ਸਕੂਲ ਨੂੰ ਫੋਨ ਕਾਲ ਰਾਹੀਂ ਚਿਤਾਵਨੀ ਦਿੱਤੀ ਗਈ ਸੀ। ਸਕੂਲ ਡਿਸਟ੍ਰਿਕਟ ਨੇ ਕਿਹਾ ਕਿ ਇਸ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਗਈ ਕਿ ਕੀ ਅਜਿਹੀ ਕੋਈ ਕਾਲ ਆਈ ਸੀ। ਏਬੀਸੀ ਨਿਊਜ਼ ਨੇ ਇੱਕ ਚਸ਼ਮਦੀਦ ਗਵਾਹ ਸਰਜੀਓ ਕਾਲਡੇਰਾ ਦੇ ਹਵਾਲੇ ਨਾਲ ਕਿਹਾ ਕਿ ਜਦੋਂ ਉਹ ਕੈਮਿਸਟਰੀ ਕਲਾਸ ਵਿੱਚ ਸੀ ਤਾਂ ਉਸ ਨੇ ਗੋਲੀਆਂ ਚੱਲਣ ਦੀ ਆਵਾਜ਼ ਸੁਣੀ।

# ਅਮਰੀਕਾ ਵਿੱਚ ਵਾਪਰੇ ਭਿਆਨਕ ਸੜਕ ਹਾਦਸੇ 'ਚ ਚਾਰ ਭਾਰਤੀ ਜਿਊਂਦੇ ਸੜੇ

ਹਿਊਸਟਨ: ਅਮਰੀਕਾ ਦੇ ਟੈਕਸਾਸ 'ਚ ਲੰਘੇ ਹਫ਼ਤੇ ਸੜਕ ਹਾਦਸੇ 'ਚ ਚਾਰ ਭਾਰਤੀਆਂ ਦੀ ਮੌਤ ਹੋ ਗਈ, ਜਦਕਿ ਕਈ ਹੋਰ ਜ਼ਖ਼ਮੀ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਮ੍ਰਿਤਕਾਂ ਦੀ ਸ਼ਨਾਖ਼ਤ ਹੈਦਰਾਬਾਦ ਦੇ ਕੁਕਟਪੱਲੀ ਉਪ ਨਗਰ ਦੇ ਆਰੀਅਨ ਰਘੁਨਾਥ ਓਰਮਪੱਟੀ



ਅਤੇ ਉਸ ਦੇ ਦੋਸਤ ਫਾਰੂਕ ਸ਼ੇਖ, ਇੱਕ ਹੋਰ ਤੇਲਗੂ ਵਿਦਿਆਰਥੀ ਲੋਕੇਸ਼ ਪਲਾਚਰਲਾ ਤੇ ਤਾਮਿਲਨਾਡੂ ਦੀ ਦਰਸ਼ਿਨੀ ਵਾਸੁਦੇਵ ਵਜੋਂ ਹੋਈ ਹੈ। ਕੌਲਿਨ ਕਾਊਂਟੀ ਦੇ ਸ਼ੈਰਿਫ ਦਫ਼ਤਰ ਅਨੁਸਾਰ ਇਹ ਹਾਦਸਾ ਡਲਾਸ ਨੇੜੇ ਅੰਨਾ 'ਚ ਵ੍ਹਾਈਟ ਸਟ੍ਰੀਟ 'ਤੇ ਉੱਤਰ ਵਾਲੇ ਪਾਸੇ ਯੂਐੱਸ-75 ਤੋਂ ਥੋੜ੍ਹੀ ਦੂਰ ਵਾਪਰਿਆ ਤੇ ਇਸ ਹਾਦਸੇ ਦੀ ਲਪੇਟ 'ਚ ਪੰਜ ਵਾਹਨ ਆ ਗਏ। ਹਿਊਸਟਨ 'ਚ ਭਾਰਤ ਦੇ ਕੌਂਸੁਲ ਜਨਰਲ ਡੀਸੀ ਮੰਜੂਨਾਥ ਨੇ ਇਸ ਹਾਦਸੇ 'ਚ ਚਾਰ ਭਾਰਤੀਆਂ ਦੀ ਮੌਤ ਹੋ ਜਾਣ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਰਤ ਦਾ ਕੌਂਸੁਲੇਟ ਜਨਰਲ ਇਸ ਦੁੱਖ ਦੀ ਘੜੀ 'ਚ ਪੀੜਤ ਪਰਿਵਾਰਾਂ ਤੇ ਭਾਈਚਾਰੇ ਨਾਲ ਜੁੜੀਆਂ ਜਥੇਬੰਦੀਆਂ ਦੇ ਲਗਾਤਾਰ ਸੰਪਰਕ 'ਚ ਹੈ ਅਤੇ ਉਨ੍ਹਾਂ ਨੂੰ ਪੂਰੀ ਸਹਾਇਤਾ ਮੁਹੱਈਆ ਕਰਵਾ ਰਿਹਾ ਹੈ। ਮੁੱਢਲੀਆਂ ਮੀਡੀਆ ਰਿਪੋਰਟਾਂ ਤੇ ਪ੍ਰਤੱਖ ਦਰਸ਼ੀਆਂ ਅਨੁਸਾਰ ਲੰਘੇ ਸ਼ੁੱਕਰਵਾਰ ਦੁਪਹਿਰ ਨੂੰ ਜਦੋਂ ਇਹ ਹਾਦਸਾ ਵਾਪਰਿਆ ਤਾਂ ਰਾਜਮਾਰਗ 'ਤੇ ਵਾਹਨਾਂ ਦੀ ਕਤਾਰ ਲੱਗੀ ਹੋਈ ਸੀ, ਜਿਨ੍ਹਾਂ 'ਚ ਐੱਸਯੂਵੀ ਵੀ ਸ਼ਾਮਲ ਸੀ। ਪ੍ਰਤੱਖ ਦਰਸ਼ੀਆਂ ਅਨੁਸਾਰ ਇਸ ਦੌਰਾਨ ਤੇਜ਼ ਰਫ਼ਤਾਰ ਟਰੱਕ ਨੇ ਐੱਸਯੂਵੀ ਦੇ ਪਿਛਲੇ ਹਿੱਸੇ 'ਚ ਟੱਕਰ ਮਾਰ ਦਿੱਤੀ। ਟੱਕਰ ਇੰਨੀ ਜ਼ਬਰਦਸਤ ਸੀ ਕਿ ਐੱਸਯੂਵੀ ਨੂੰ ਅੱਗ ਲੱਗ ਗਈ ਤੇ ਉਸ ਵਿਚ ਸਵਾਰ ਚਾਰ ਜਣੇ ਜਿਊਂਦੇ ਸੜ ਗਏ।

# ਅਮਰੀਕਾ ਦੇ ਸ਼ਿਕਾਗੋ ਸ਼ਹਿਰ ਨੇੜੇ ਰੇਲ ਗੱਡੀ ਵਿਚ ਸੁੱਤੇ ਪਏ 4 ਯਾਤਰੀਆਂ ਦੀ ਗੋਲੀਆਂ ਮਾਰ ਕੇ ਕੀਤੀ ਹੱਤਿਆ

ਕੈਲੀਫੋਰਨੀਆ (ਹੁਸਨ ਲੜੋਆ ਬੰਗਾ): ਅਮਰੀਕਾ ਦੇ ਸ਼ਿਕਾਗੋ (ਇਲੀਨੋਇਸ) ਸ਼ਹਿਰ ਨੇੜੇ ਵਾਪਰੀ ਗੋਲੀਬਾਰੀ ਦੀ ਇਕ ਘਟਨਾ ਵਿਚ ਰੇਲ ਗੱਡੀ ਵਿਚ ਸੌਂ ਰਹੇ 4 ਵਿਅਕਤੀਆਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਫਾਰੈਸਟ ਪਾਰਕ ਡਿਪਟੀ ਚੀਫ ਕ੍ਰਿਸ ਚਿਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸਾਰੇ ਮ੍ਰਿਤਕ ਰੇਲ ਗੱਡੀ ਵਿਚ ਸਵਾਰ ਸਨ ਤੇ ਜਿਸ ਸਮੇ ਇਹ ਘਟਨਾ ਵਾਪਰੀ ਰੇਲ ਗੱਡੀ ਫਾਰੈਸਟ ਪਾਰਕ ਖੇਤਰ ਵਿਚੋਂ ਲੰਘ ਰਹੀ ਸੀ।

ਉਨਾਂ ਕਿਹਾ ਕਿ ਮਾਰੇ ਗਏ ਯਾਤਰੀਆਂ ਦੇ ਸਮਾਜਿਕ ਰੁਤਬੇ ਬਾਰੇ ਅਜੇ ਉਹ ਯਕੀਨ ਨਾਲ ਕੁਝ ਨਹੀਂ ਕਹਿ ਸਕਦੇ ਪਰੰਤੂ ਲੱਗਦਾ ਹੈ ਕਿ ਸਾਰੇ ਮ੍ਰਿਤਕ ਬੇਘਰੇ ਸਨ। ਪੁਲਿਸ ਨੇ ਇਨਾਂ ਸਮੂਹਿਕ ਹੱਤਿਆਵਾਂ ਸਬੰਧੀ ਇਕ ਸ਼ੱਕੀ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਹੈ। ਚਿਨ ਅਨੁਸਾਰ ਪੁਲਿਸ ਦਾ ਵਿਸ਼ਵਾਸ਼ ਹੈ ਕਿ ਇਹ ਅਚਾਨਕ ਵਾਪਰੀ ਘਟਨਾ ਹੈ। ਜਾਂਚਕਾਰ, ਸ਼ਿਕਾਗੋ ਟਰਾਂਜਿਟ ਅਥਾਰਟੀ ਨਾਲ ਮਿਲ ਕੇ ਨਿਗਰਾਨ ਕੈਮਰਿਆਂ ਦੀ ਮੱਦਦ ਨਾਲ ਘਟਨਾ ਦੀ



ਜਾਂਚ ਕਰ ਰਹੇ ਹਨ। ਪੁਲਿਸ ਨੇ ਕਿਹਾ ਹੈ ਕਿ ਨਿਗਰਾਨ ਕੈਮਰਿਆਂ ਵਿੱਚ ਕੈਦ ਸ਼ੱਕੀ ਦੀ ਪਛਾਣ ਕੀਤੀ ਗਈ ਹੈ ਜਿਸ ਨੂੰ ਗੋਲੀਬਾਰੀ ਦੀ ਘਟਨਾ ਤੋਂ ਬਾਅਦ ਤਕਰਬੀਨ ਡੇਢ ਘੰਟੇ ਵਿਚ ਹਿਰਾਸਤ ਵਿਚ ਲੈ ਲਿਆ ਗਿਆ ਹੈ। ਚਿਨ ਨੇ ਕਿਹਾ ਕਿ ਸ਼ਿਕਾਗੋ ਟਰਾਂਜਿਟ ਅਥਾਰਟੀ ਦੇ ਨਿਗਰਾਨ ਕੈਮਰੇ ਕਮਾਲ ਦੇ ਹਨ ਤੇ ਕੋਈ ਛੋਟੀ ਮੋਟੀ ਘਟਨਾ ਵੀ ਇਨਾਂ ਕੈਮਰਿਆਂ ਤੋਂ ਬਚ ਨਹੀਂ ਸਕਦੀ। ਉਨਾਂ ਕਿਹਾ ਕਿ ਫਾਰੈਸਟ ਪਾਰਕ ਪੁਲਿਸ, ਸ਼ਿਕਾਗੋ ਪੁਲਿਸ ਤੇ ਸ਼ਿਕਾਗੋ ਟਰਾਂਜਿਟ ਅਥਾਰਟੀ ਨੇ ਮਿਲ ਕੇ ਸ਼ੱਕੀ ਦੀ ਪਛਾਣ ਕੀਤੀ ਤੇ ਉਸ ਨੂੰ ਫੜਿਆ ਹੈ। ਉਨਾਂ ਕਿਹਾ ਕਿ ਸ਼ੱਕੀ ਹਰਲੇਮ ਸਟਾਪ 'ਤੇ ਉਤਰਿਆ ਜਿਥੇ ਉਸ ਨੂੰ ਪੁਲਿਸ ਦੁਆਰਾ ਕਾਬੂ ਕਰ ਲਿਆ ਗਿਆ। ਉਸ ਕੋਲੋਂ ਹਥਿਆਰ ਵੀ ਬਰਾਮਦ ਕਰ ਲਿਆ ਗਿਆ ਹੈ। ਚਿਨ ਨੇ ਹੋਰ ਕਿਹਾ ਕਿ ਇਸ ਵਰਗੀ ਸਮੂਹਿਕ ਹੱਤਿਆਵਾਂ ਦੀ ਘਟਨਾ ਭਾਵੇਂ ਇਕਾ ਦੁੱਕਾ ਘਟਨਾ ਹੈ ਜੋ ਕਿਤੇ ਵੀ ਵਾਪਰ ਸਕਦੀ ਹੈ ਪਰੰਤੂ ਇਹ ਬਹੁਤ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਰੇਲ ਗੱਡੀਆਂ ਵਿੱਚ ਵੀ ਲੋਕ ਜੇਕਰ ਅਸੁਰੱਖਿਅਤ ਮਹਿਸੂਸ ਕਰਨ ਤਾਂ ਇਸ ਨੂੰ ਜਾਇਜ ਕਿਵੇਂ ਕਿਹਾ ਜਾ ਸਕਦਾ ਹੈ।

DHESI
MEAT SHOP
SERVING THE COMMUNITY FOR OVER 16 YEARS.
FOR BEST & FRESH MEAT, VISIT US!
Tandoori Chicken, Lemon Chicken, Goat, Lamb & Pork Tandoori Fish, Shish-Kabab also Supply Fresh Cut Meat.
NOW SERVING IN 3 LOCATIONS
King George Blvd (Bear Creek) 106-13588-88 Avenue Surrey, BC V3W 3K8, 604-501-2277
Fleetwood Location : 104-15933 Fraser Hwy, Surrey, BC V4N 0Y3, 604-593-5222
Sullivan Heights : #102 - 14330 - 64 Ave Surrey, BC, 604-503-2880



SIDHU BROTHERS
ACCOUNTING SERVICE LTD.
- PAYROLL - PERSONAL INCOME TAX - CORPORATE INCOME TAX - GST/HST/WCB
We Also Provide Service to get Transport Authority (NSC#, DOT#, MC#, Single State Registration)
WE SPECIALIZED IN
ACCOUNTING FOR TRANSPORT COMPANIES



Jarnail Singh Sidhu
Cell : 604-808-1148
jsidhu61@gmail.com
TEL : 604-502-9988 FAX : 604-501-9900
Address : 12633-67B Ave. Surrey, BC V3W 1G2

# ਸ਼ਹੀਦ ਸ. ਜਸਵੰਤ ਸਿੰਘ ਖਾਲੜਾ
## ਸ਼ਹਾਦਤ ਦਾ ਅੱਖੀਂ ਡਿੱਠਾ ਵੇਰਵਾ



ਲੇਖਕ : ਕੁਲਦੀਪ ਸਿੰਘ

ਸ. ਜਸਵੰਤ ਸਿੰਘ ਖਾਲੜਾ ਨੂੰ ਜਦੋਂ 6 ਸਤੰਬਰ 1995 ਨੂੰ ਘਰੋਂ ਚੁੱਕਿਆ ਗਿਆ ਸੀ ਤਾਂ ਪੰਜਾਬ ਅੰਦਰ ਕੰਮ ਕਰਦੀਆਂ ਲਗਭਗ ਸਾਰੀਆਂ ਹੀ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਇਹ ਸ਼ੱਕ ਜ਼ਾਹਿਰ ਕੀਤਾ ਸੀ ਕਿ ਸ. ਖਾਲੜੇ ਨੂੰ ਕੇ.ਪੀ.ਐਸ. ਗਿੱਲ ਦੀ ਪੁਲਿਸ ਨੇ ਚੁੱਕਿਆ ਹੈ। ਦੂਸਰੇ ਦਿਨ ਹੀ ਇਸ ਕਿਸਮ ਦੇ ਬਿਆਨ ਅਖ਼ਬਾਰਾਂ ਵਿਚ ਛਪ ਗਏ ਸਨ, ਜਿਨਾਂ ਵਿਚ ਇਸ ਦੀ ਸਪੱਸ਼ਟ ਤੌਰ 'ਤੇ ਨਿਗਰਾਨੀ ਕੀਤੀ ਗਈ ਸੀ। ਇਸ ਨਿਸ਼ਾਨਦੇਹੀ ਦਾ ਠੋਸ ਆਧਾਰ ਸੀ। ਕਿਉਂਕਿ ਸ. ਜਸਵੰਤ ਸਿੰਘ ਖਾਲੜਾ ਨੇ 23 ਫਰਵਰੀ 1995 ਨੂੰ ਜਾਰੀ ਕੀਤੇ ਗਏ ਆਪਣੇ ਬਿਆਨ ਵਿਚ ਸਾਫ਼ ਐਲਾਨ ਕੀਤਾ ਸੀ ਕਿ 'ਜੇਕਰ ਪੰਜਾਬ ਸਰਕਾਰ ਤੇ ਪੁਲਿਸ ਇਹ ਸਮਝਦੀ ਹੈ ਕਿ ਮੈਨੂੰ ਖ਼ਤਮ ਕਰਕੇ 25 ਹਜ਼ਾਰ ਲਾਵਾਰਿਸ ਲਾਸ਼ਾਂ ਦੇ ਮਾਮਲੇ ਨੂੰ ਖੁਰਦ ਬੁਰਦ ਕੀਤਾ ਜਾ ਸਕਦਾ ਹੈ ਤਾਂ ਇਹ ਉਸ ਦੀ ਗਲਤਫਹਿਮੀ ਹੈ। ਕਿਉਂਕਿ ਇਸ ਸਬੰਧੀ ਤੱਥ ਦੁਨੀਆਂ ਪੱਧਰ ਦੇ ਮਨੁੱਖੀ ਅਧਿਕਾਰ ਸੰਗਠਨਾਂ ਤੱਕ ਪਹੁੰਚ ਚੁੱਕੇ ਹਨ।' ਇਸੇ ਬਿਆਨ ਵਿਚ ਸ. ਖਾਲੜਾ ਨੇ ਇਹ ਇੰਕਸ਼ਾਫ ਵੀ ਕੀਤਾ ਸੀ, ਕਾਂਗਰਸ ਪਾਰਟੀ ਦੇ ਇਕ ਜ਼ਿੰਮੇਵਾਰ ਐਮ ਐਲ ਏ ਨੇ ਦੋ ਦਿਨ ਪਹਿਲਾਂ ਮੈਨੂੰ ਜਾਤੀ ਤੌਰ 'ਤੇ ਮਿਲ ਕੇ ਦੱਸਿਆ ਹੈ ਕਿ ਪੁਲਿਸ ਅਧਿਕਾਰੀ ਇਸ ਮਾਮਲੇ ਦੇ ਖੁੱਲ੍ਹਣ ਤੋਂ ਬਹੁਤ ਖਫ਼ਾ ਹੋਏ ਪਏ ਹਨ ਅਤੇ ਉਨ੍ਹਾਂ ਨੇ ਫੈਸਲਾ ਕੀਤਾ ਹੈ ਕਿ ਜੇਕਰ ਇਹ ਪੜਤਾਲ ਅੱਗੇ ਵੱਧਦੀ ਹੈ ਤਾਂ ਹਰ ਹਾਲਤ ਵਿਚ ਉਹ ਜਸਵੰਤ ਸਿੰਘ ਖਾਲੜਾ ਦੀ ਲਾਸ਼ ਨੂੰ ਖੁਰਦ ਬੁਰਲਦ ਕਰਨਗੇ ਅਤੇ ਜਿਥੇ 25 ਹਜ਼ਾਰ ਲਾਸ਼ਾਂ ਦੀ ਜਾਂਚ ਹੋਵੇਗੀ, ਉਥੇ ਇਕ ਹੋਰ ਵੀ ਝੱਲ ਲੈਣਗੇ। ਐਮ ਐਲ ਏ ਜਿਸ ਦਾ ਅਜੇ ਮੈਂ ਨਾਂ ਦੱਸਣਾ ਠੀਕ ਨਹੀਂ ਸਮਝਦਾ, ਨੇ ਮੈਨੂੰ ਇਹ ਵੀ ਦੱਸਿਆ ਹੈ ਕਿ ਇਸ ਕੰਮ ਦੀ ਉਨ੍ਹਾਂ ਨੇ ਸਾਡੀ ਕਾਂਗਰਸੀ ਸਰਕਾਰ ਤੋਂ ਇਜ਼ਾਜਤ ਵੀ ਲੈ ਲਈ ਹੈ। ਇਹ ਜੋ ਸ਼ੰਕਾ ਸੀ ਅੱਜ ਉਹ ਸੱਚ ਸਾਬਤ ਹੋ ਚੁੱਕੀ ਹੈ ਪਰ ਸ. ਖਾਲੜਾ ਨੇ ਆਪਣੀ ਜ਼ਿੰਦਗੀ ਦੀ ਭੀਖ ਮੰਗਣ ਦੀ ਬਜਾਏ ਦ੍ਰਿੜਤਾ ਨਾਲ ਐਲਾਨਿਆ ਸੀ, 'ਮੈਂ ਆਪਣੀ ਜ਼ਿੰਦਗੀ ਦੀ ਰਾਖੀ ਲਈ ਕਿਸੇ ਅਦਾਲਤ ਵਿਚ ਜਾਣ ਦੀ ਥਾਂ ਅਕਾਲ ਪੁਰਖ ਦੇ ਚਰਨਾਂ ਵਿਚ ਅਤੇ ਲੋਕਾਂ ਦੀਆਂ ਬਰੂਹਾਂ ਵਿਚ ਜਾਣ ਨੂੰ ਤਰਜੀਹ ਦੇਵਾਂਗਾ ਅਤੇ ਸਭ ਜਮਹੂਰੀਅਤ ਪਸੰਦ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਜੇਕਰ ਮੈਨੂੰ ਖ਼ਤਮ ਕੀਤਾ ਗਿਆ ਤਾਂ ਕਿਸੇ ਪੁਲਿਸ ਕੈਟ ਜਾਂ ਥਾਣੇਦਾਰ ਨੂੰ ਦੋਸ਼ੀ ਨਾ ਠਹਿਰਾਇਆ ਜਾਵੇ ਬਲਕਿ ਮੁੱਖ ਮੰਤਰੀ ਬੇਅੰਤ ਸਿੰਘ ਤੇ ਪੁਲਿਸ ਮੁਖੀ ਕੇ.ਪੀ.ਐਸ ਗਿੱਲ ਨੂੰ ਇਸ ਦਾ ਜ਼ਿੰਮੇਵਾਰ ਠਹਿਰਾਇਆ ਜਾਵੇ।'

ਸ. ਖਾਲੜਾ ਦੀ ਇਹ ਭਵਿੱਖਬਾਣੀ ਇਨ ਬਿੰਨ ਸੱਚ ਸਾਬਤ ਹੋਈ। ਬੇਅੰਤ ਸਿੰਘ ਦੇ ਬੰਬ ਧਮਾਕੇ ਵਿਚ ਉਡਣ ਦੀ ਘਟਨਾ ਦੀ ਆੜ ਵਿਚ ਸ. ਜਸਵੰਤ ਸਿੰਘ ਖਾਲੜਾ ਨੂੰ ਘਰੋਂ ਚੁੱਕ ਲਿਆ ਗਿਆ ਤੇ ਪੂਰੀ ਕਾਇਰਤਾ ਨਾਲ ਉਸ ਦਰਵੇਸ਼ ਨੂੰ ਕੋਹ ਕੋਹ ਕੇ ਸਿਰਫ ਇਸ ਲਈ ਕਤਲ ਕਰ ਦਿੱਤਾ ਗਿਆ ਉਸ ਨੇ ਇਸ ਹਕੂਮਤ ਤੇ ਖ਼ਾਸ ਕਰਕੇ ਪੰਜਾਬ ਪੁਲਿਸ ਦੇ ਜ਼ਬਰ ਦਾ ਪਰਦਾਫਾਸ਼ ਕੀਤਾ ਸੀ।

ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੇ ਚੈਂਪੀਅਨ ਰਹੇ ਸ. ਜਸਵੰਤ ਸਿੰਘ ਖਾਲੜਾ ਦੀ ਪੁਲਿਸ ਦੀ ਗੈਰ ਕਾਨੂੰਨੀ ਹਿਰਾਸਤ ਵਿਚ ਹੋਈ ਹਲਾਕਤ ਦੇ ਇਸ ਚਸ਼ਮਦੀਦ ਕੁਲਦੀਪ ਸਿੰਘ, ਜਿਸ ਦੇ ਜ਼ਿੰਮੇ ਉਸ ਦੇ ਸਬੰਧਤ ਅਫਸਰ ਵੱਲੋਂ ਸ. ਖਾਲੜਾ ਨੂੰ ਰੋਟੀ ਪਾਣੀ ਦੇਣ ਅਤੇ ਟੱਟੀ ਪਿਸਾਬ ਕਰਾਉਣ ਦਾ ਕੰਮ ਸੌਂਪਿਆ ਗਿਆ ਸੀ, ਨੇ ਦੱਸਿਆ ਹੈ ਕਿ 1994 ਵਿਚ ਉਸ ਨੇ ਐਸ ਪੀ ਓ ਵਜੋਂ ਆਪਣੀ ਨੌਕਰੀ ਥਾਣਾ ਸਦਰ ਰੋਪੜ ਵਿਖੇ, ਥਾਣਾ ਸਦਰ ਦੇ ਐਸ ਐਚ ਓ ਸਤਨਾਮ ਸਿੰਘ ਦੇ ਗੰਨਮੈਨ ਵਜੋਂ ਸ਼ੁਰੂ ਕੀਤੀ ਸੀ, ਉਥੋਂ ਉਸ ਨੂੰ ਚਮਕੌਰ ਸਾਹਿਬ ਵਿਖੇ ਬਦਲ ਦਿੱਤਾ ਗਿਆ, ਜਦੋਂ ਅਜੀਤ ਸਿੰਘ ਸੰਧੂ ਐਸ ਐਸ ਪੀ ਰੋਪੜ ਤੋਂ ਬਦਲਕੇ ਮੁੜ ਐਸ ਐਸ ਪੀ ਤਰਨ ਤਾਰਨ ਲਾਣ ਲੱਗੇ ਤਾਂ ਉਨ੍ਹਾਂ ਨੇ ਉਸ ਨੂੰ ਆਪਣੇ ਨਾਲ ਲਿਆ ਕੇ ਐਸ ਪੀ ਓ ਲਾ ਦਿੱਤਾ ਅਤੇ ਉਸ ਦੀ ਤਾਇਨਾਤੀ ਥਾਣਾ ਝਬਾਲ ਦੇ ਐਸ ਐਚ ਓ ਸਤਨਾਮ ਸਿੰਘ (ਜੋ ਅਜੀਤ ਸਿੰਘ ਸੰਧੂ ਦੇ ਨਾਲ ਹੀ ਉਨ੍ਹਾਂ ਦੀ ਟੀਮ ਦੇ ਮੈਂਬਰ ਵਜੋਂ ਰੋਪੜ ਪੁਲਿਸ ਜ਼ਿਲ੍ਹੇ ਵਿਚੋਂ ਬਦਲਕੇ ਆਇਆ ਸੀ) ਦੇ ਅੰਗ ਰੱਖਿਅਕ ਵਜੋਂ ਕਰ ਦਿੱਤੀ। ਕੁਲਦੀਪ ਸਿੰਘ ਨੇ ਦੱਸਿਆ ਹੈ ਕਿ ਇਹ ਅਕਤੂਬਰ 1995 ਦੀ ਗੱਲ ਹੈ ਕਿ ਡਿਊਟੀ ਸੰਭਾਲਣ ਦੇ ਤੀਜੇ ਚੌਥੇ ਦਿਨ ਹੀ ਤਤਕਾਲੀ ਐਸ ਐਚ ਓ ਝਬਾਲ ਸਤਨਾਮ ਸਿੰਘ (ਜੋ ਹੁਣ ਨਕੋਦਰ ਹੈ) ਨੇ ਉਸ ਨੂੰ ਕੋਲ ਬੁਲਾ ਕੇ ਕਿਹਾ ਕਿ ਉਸ ਨੇ ਥਾਣੇ ਦੀ ਹਦੂਦ ਤੋਂ ਬਾਹਰ ੈਂਦੀ ਇਕ ਹਨ੍ਹੇਰੀ ਕੋਠੜੀ ਵਿਚ ਬੰਦ ਇਕ ਐਸੇ ਬੰਦ ਨੂੰ ਰੋਟੀ ਪਾਣੀ ਦੇਣ ਦੀ ਡਿਊਟੀ ਕਰਨੀ ਹੈ, ਜਿਸ ਬਾਰੇ ਉਸ ਨੇ ਭੇਦ ਇਸ ਤਰ੍ਹਾਂ ਗੁਪਤ ਰੱਖਣਾ ਹੈ ਕਿ ਕੰਧਾਂ ਨੂੰ ਵੀ ਇਸ ਦੀ ਭਿਣਕ ਨਹੀਂ ਪੈਣੀ ਚਾਹੀਦੀ। ਐਸ ਪੀ ਓ ਦੇ ਦੱਸਣ ਮੁਤਾਬਕ ਆਪਣੇ ਸਬੰਧਤ ਪੁਲਿਸ ਅਫਸਰ ਦੀ ਹਦਾਇਤ ਅਨੁਸਾਰ ਜਦੋਂ ਉਕਤ ਹਨ੍ਹੇਰ ਕੋਠੜੀ ਵਿਚ ਬੰਦ ਅਜਨਬੀ ਨੂੰ ਰੋਟੀ ਪਾਣੀ ਦੇਣ ਲਈ ਆਪਣੇ ਅਫਸਰ ਕੋਲੋਂ ਚਾਬੀ ਲੈ ਕੇ ਉਸ ਨੇ ਕੋਠੜੀ ਨੂੰ ਵੱਜਾ ਜਿੰਦਰਾ ਖੋਲ੍ਹਿਆ ਤਾਂ ਅੰਦਰ ਗੁਲਾਬੀ ਕੁੜਤੇ ਪਜਾਮੇ ਵਿਚ ਭੁੰਜੇ ਅਧਮੋਇਆ ਵਾਂਗ ਲੇਟੇ ਇਸ ਵਿਅਕਤੀ ਨੇ ਉਸ ਵੱਲੋਂ ਪੁੱਛੇ ਪ੍ਰਸ਼ਨਾਂ ਦੇ ਜਵਾਬ ਵਿਚ ਆਪਣਾ ਨਾਂ ਜਸਵੰਤ ਸਿੰਘ, ਪਿੰਡ ਖਾਲੜਾ ਅਤੇ ਆਪਣੇ ਆਪ ਨੂੰ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਮਨੁੱਖੀ ਅਧਿਕਾਰ ਵਿੰਗ ਦਾ ਜਨਰਲ ਸਕੱਤਰ ਦੱਸਿਆ। ਉਕਤ ਐਸ ਪੀ ਓ ਨੇ ਦੱਸਿਆ ਕਿ ਉਸ ਵੱਲੋਂ ਸ. ਖਾਲੜਾ ਨੂੰ ਰੋਟੀ ਪਾਣੀ ਦੇਣ ਅਤੇ ਹਾਜ਼ਤ ਸਮੇਂ ਉਸ ਨੂੰ ਟੱਟੀ ਪਿਸ਼ਾਬ ਕਰਾਉਣ ਆਦਿ ਦਾ ਸਿਲਸਿਲਾ ਇਸੇ ਤਰ੍ਹਾਂ ਤਿੰਨ ਚਾਰ ਦਿਨ ਹੋਰ ਚੱਲਦਾ ਰਿਹਾ ਕਿ ਇਕ ਦਿਨ ਸ਼ਾਮੀਂ 7 ਵਜੇ ਇਕ ਮਾਰੂਤੀ ਕਾਰ ਝਬਾਲ ਥਾਣੇ ਵਿਚ ਆ ਕੇ ਰੁਕੀ, ਜਿਸ ਵਿਚੋਂ ਉਸ ਵੇਲੇ ਦੇ ਐਸ ਐਸ ਪੀ ਤਰਨ ਤਾਰਨ ਅਜੀਤ ਸਿੰਘ ਸੰਧੂ ਉਸ ਵੇਲੇ ਦੇ ਡੀ ਐਸ ਪੀ ਜਸਪਾਲ ਸਿੰਘ ਅਤੇ ਉਨ੍ਹਾਂ ਦੇ ਗੰਨਮੈਨ ਅਰਵਿੰਦਰ ਸਿੰਘ ਹੇਠਾਂ ਉਤਰੇ। ਉਸ ਨੇ ਅੱਗੇ ਦੱਸਿਆ ਕਿ ਇਸ ਦੇ ਮਗਰੇ ਹੀ ਇਕ ਹੋਰ ਮਾਰੂਤੀ ਕਾਰਨ ਥਾਣੇ ਪੁੱਜੀ, ਜਿਸ ਵਿਚ ਤਤਕਾਲੀ ਐਸ ਐਚ ਓ ਸਰਹਾਲੀ ਸੁਰਿੰਦਰਪਾਲ ਸਿੰਘ, ਐਸ ਐਚ ਓ ਮਾਨੋਚਾਹਲ ਜਸਬੀਰ ਸਿੰਘ ਤੇ ਹੌਲਦਾਰ ਪ੍ਰਿੰਥੀਪਾਲ ਸਿੰਘ ਬਾਹਰ ਨਿਕਲੇ। ਕੁਲਦੀਪ ਸਿੰਘ ਨੇ ਦੱਸਿਆ ਕਿ ਇਸ ਪਿਛੋਂ ਐਸ ਐਚ ਓ ਸਰਹਾਲੀ ਸੁਰਿੰਦਰਪਾਲ ਸਿੰਘ ਜੋ ਕਿ ਹਾਲ ਹੀ ਵਿਚ ਮਹਿਲਾਂ ਕਲਾਂ ਪੁਲਿਸ ਜ਼ਿਲ੍ਹਾ ਬਰਨਾਲਾ ਵਿਖੇ ਤਾਇਨਾਤੀ ਸਮੇਂ ਕਿਸੇ ਕੇਸ ਵਿਚ ਮੁਅੱਤਲ ਹੋਏ ਹਨ, ਨੇ ਉਸ ਨੂੰ ਕੋਠੜੀ ਦੀ ਚਾਬਲ ਲੈ ਕੇ ਆਉਣ ਲਈ ਕਿਹਾ। ਉਸ ਨੇ ਦੱਸਿਆ ਕਿ ਉਸ ਉਪਰੰਤ ਅਜੀਤ ਸਿੰਘ ਸੰਧੂ ਸਮੇਤ ਇਹ ਸਾਰੇ ਅਫਸਰ ਅਤੇ ਪੁਲਿਸ ਕਰਮੀ ਉਸ ਕੋਠੜੀ ਵਿਚ ਵੜ ਗਏ। ਐਸ ਪੀ ਓ ਕੁਲਦੀਪ ਸਿੰਘ ਦੇ ਦੱਸਣ ਅਨੁਸਾਰ ਇਸ ਪਿਛੋਂ ਅਜੀਤ ਸਿੰਘ ਨੇ ਇਹ ਕਹਿੰਦਿਆਂ ਕਿ 'ਤੂੰ ਸਾਡੇ ਖਿਲਾਫ ਬੜੇ ਐਫੀਡੇਵਿਟ ਇਕੱਠੇ ਕਰਦਾ ਫਿਰਦਾ ਹੈ, ਤੈਨੂੰ ਸੈਆਂ ਵੇਰ ਵਰਜਿਆ ਹੈ ਪਰ ਤੂੰ ਫਿਰ ਵੀ ਬੰਦੇ ਦਾ ਪੁੱਤ ਨਹੀਂ ਬਣਿਆ' ਤੇ ਉਹਨੇ ਪੁਲਿਸ ਕਰਮੀਆਂ ਨੂੰ ਸ. ਖਾਲੜਾ ਦੇ ਵੇਂ ਹੱਥ ਪਿਛੇ ਬੰਨ ਕੇ ਉਸ ਨੂੰ ਅਲਫ ਨੰਗਾ ਕਰਕੇ ਲਟਕਾਉਣ ਦਾ ਹੁਕਮ ਦਿੰਦਿਆਂ ਖਾਲੜਾ ਦੇ ਸਿਰ ਦੇ ਵਾਲਾਂ ਨੂੰ ਫੜ ਕੇ ਕਮਰੇ ਵਿਚ ਘਸੀਟਣਾ ਸ਼ੁਰੂ ਕਰ ਦਿੱਤਾ। ਕੁਦਲਪੀ ਸਿੰਘ ਅਨੁਸਾਰ ਇਸ ਮੌਕੇ ਪੁਲਿਸ ਮਾਰ ਨਾਲ ਬਹੁੜੀ ਪਾਉਂਦੇ ਅਤੇ ਡਾਡਾਂ ਮਾਰਦੇ ਸ. ਖਾਲੜਾ ਦੇ ਪੱਟਾਂ 'ਤੇ ਕੋਈ ਅੱਧਾ ਘੰਟਾ ਲੂਣ ਘੋਟਣਾ ਫੇਰਨ ਦੀ ਜ਼ਹਿਮਤ ਦੇਣੀ ਵੀ ਸੰਧੂ ਨੇ ਕਿਸੇ ਹੋਰ ਨੂੰ ਗਵਾਰਾ ਨਾ ਸਮਝੀ ਅਤੇ ਉਹ ਖ਼ੁਦ ਸ. ਖਾਲੜਾ ਦੇ ਪੱਟਾਂ 'ਤੇ ਲੂਣ ਘੋਟਣਾ ਫੇਰਨ ਲਈ ਚੜ੍ਹਦੇ ਰਹੇ।

ਉਸ ਨੇ ਦੱਸਿਆ ਕਿ ਅੱਧੇ ਘੰਟੇ ਇਸ ਘੋਰ ਤਸ਼ੱਦਦ ਪਿਛੋਂ ਸ. ਖਾਲੜਾ ਨੂੰ ਨੀਮ ਬੇਹੋਸ਼ੀ ਦੀ ਹਾਲਤ ਵਿਚ ਲੀੜੇ ਪਾ ਕੇ ਬਿਠਾ ਦਿੱਤਾ ਅਤੇ ਉਸ ਨੂੰ ਕੋਸਾ ਪਾਣੀ ਪਿਆਉਣ ਪਿਛੋਂ ਰਾਤੀ 9 ਵਜੇ ਦੇ ਕਰੀਬ ਅਜੀਤ ਸਿੰਘ ਸੰਧੂ ਸਮੇਤ ਸਾਰੇ ਪੁਲਿਸ ਕਰਮੀ ਚਲੇ ਗਏ। ਐਸ ਪੀ ਓ ਕੁਲਦੀਪ ਸਿੰਘ ਇਹ ਅਹਿਮ ਇਕਸ਼ਾਫ ਕੀਤਾ ਕਿ ਸ. ਖਾਲੜਾ ਨੂੰ 27,28 ਅਕਤੂਬਰ ਦੇ ਆਸ ਪਾਸ ਗੋਲੀ ਨਾਲ ਚਲਾਕ ਕਰਨ ਦੇ ਅਤੇ ਇਸ ਪਿਛੋਂ ਹਰੀਕੇ ਪੱਤਣ ਰਿਆ ਵਿਚ ਰੋੜਨ ਤੋਂ ਚੰਦ ਦਿਨ ਪਹਿਲਾਂ ਸ. ਖਾਲੜਾ ਨੂੰ ਇਕ ਰਾਤ ਪਿੰਡ ਮਾਨਾਂਵਾਲਾ ਸਥਿਤ ਅਜੀਤ ਸਿੰਘ ਸੰਧੂ ਦੀ ਰਿਹਾਇਸ਼ਗਾਹ 'ਤੇ ਵੀ ਲਿਜਾਇਆ ਗਿਆ। ਉਸ ਦੇ ਦੱਸਣ ਅਨੁਸਾਰ ਝਬਾਲ ਦੇ ਉਸ ਸਮੇਂ ਦੇ ਐਸ ਐਚ ਓ ਸਤਨਾਮ ਸਿੰਘ ਦੇ ਆਦੇਸ਼ 'ਤੇ ਉਸ ਨੇ ਸ. ਖਾਲੜਾ ਨੂੰ ਡੌਲ੍ਹਿਆਂ ਤੋਂ ਪਕੜਦਿਆਂ ਸਹਾਰਾ ਦੇ ਕੇ ਉਸ ਦੀ ਮਾਰੂਤੀ ਕਾਰ ਦੀ ਪਿਛਲੀ ਸੀਟ 'ਤੇ ਬਿਠਾਇਆ। ਉਸ ਨੇ ਦੱਸਿਆ ਕਿ ਸ. ਖਾਲੜਾ ਨੂੰ ਮਾਨਾਂਵਾਲਾ ਲਿਜਾਣ ਵਾਲ ਇਸ ਕਾਰ ਨੂੰ ਖ਼ੁਦ ਸਤਨਾਮ ਸਿੰਘ ਨੇ ਚਲਾਇਆ। ਜਦੋਂ ਕਿ ਕਾਰ ਦੀ ਪਿਛਲੀ ਸੀਟ ਤੇ ਉਹ (ਕੁਲਦੀਪ ਸਿੰਘ) ਸ. ਖਾਲੜਾ ਨੂੰ ਢੋਈ ਦੇ ਕੇ ਬੈਠਾ ਹੋਇਆ ਸੀ। ਉਸ ਨੇ ਦੱਸਿਆ ਕਿ ਮਾਨਾਂਵਾਲੇ, ਅਜੀਤ ਸਿੰਘ ਸੰਧੂ ਦੀ ਕੋਠੀ ਦੇ ਮੂਹਰੇ ਜਾ ਕੇ ਸਤਨਾਮ ਸਿੰਘ ਕਾਰ ਰੋਕ ਕੇ ਸੰਧੂ ਨੂੰ ਮਿਲਣ ਅੰਦਰ ਗਿਆ ਅਤੇ ਬਾਅਦ ਵਿਚ ਸ. ਜਸਵੰਤ ਸਿੰਘ ਖਾਲੜਾ ਨੂੰ ਅਜੀਤ ਸਿੰਘ ਸੰਧੂ ਦੇ ਆਦੇਸ਼ 'ਤੇ ਕੋਠੀ ਦੇ ਇਕ ਵੱਡੇ ਕਮਰੇ ਵਿਚ ਲਿਜਾ ਕੇ ਉਸ ਨੇ ਅਤੇ ਸਤਨਾਮ ਸਿੰਘ ਨੇ ਕੁਰਸੀ 'ਤੇ ਬਿਠਾਇਆ ਅਤੇ ਬਾਅਦ ਵਿਚ ਸਤਨਾਮ ਸਿੰਘ ਨੇ ਉਸ ਨੂੰ ਬਾਹਰ ਲਾਟ ਵਿਚ ਜਾ ਕੇ ਬੈਠਣ ਅਤੇ ਉਡੀਕ ਕਰਨ ਲਈ ਕਿਹਾ। ਉਸ ਨੇ ਦੱਸਿਆ ਕਿ ਏ ਨੂੰ ਟੂ ਟੂ ਕਰਦੀਆਂ ਗੱਡੀਆਂ ਦੀ ਇਕ ਆਵਾਜ਼ ਕੋਠੀ ਦੇ ਅੱਗੇ ਆ ਕੇ ਸ਼ਾਂਤ ਹੋ ਗਈ ਅਤੇ ਇਕ ਕਾਰ ਵਿਚੋਂ ਪੰਜਾਬ ਪੁਲਿਸ ਦੇ ਤਤਕਾਲੀ ਮੁਖੀ ਕੇ ਪੀ ਐਸ ਗਿੱਲ ਅਤੇ ਉਨ੍ਹਾਂ ਨਾਲ ਇਕ ਕਲੀਨ ਸ਼ੇਵ ਪੁਲਿਸ ਅਫਸਰ, ਅਜੀਤ ਸਿੰਘ ਸੰਧੂ ਦੀ ਕੋਠੀ ਅੰਦਰ ਕੋਈ ਅੱਧਾ ਘੰਟਾ ਸ. ਖਾਲੜਾ ਨੂੰ ਮੂਹਰੇ ਬਿਠਾ ਕੇ ਗੱਲਬਾਤ ਕਰਨ ਬਾਅਦ ਕੇ ਪੀ ਐਸ ਗਿੱਲ ਆਪਣੇ ਨਾਲ ਆਏ ਪੁਲਿਸ ਅਫਸਰ ਅਤੇ ਐਸ ਐਸ ਪੀ ਤਰਨ ਤਾਰਨ ਰਹੇ ਅਜੀਤ ਸਿੰਘ ਸੰਧੂ ਨਾਲ ਉਥੋਂ ਚਲੇ ਗਏ, ਜਦਕਿ ਸਤਨਾਮ ਸਿੰਘ ਅਤੇ ਉਹ ਸ. ਜਸਵੰਤ ਸਿੰਘ ਖਾਲੜਾ ਨੂੰ ਲੈ ਕੇ ਵਾਪਸ ਝਬਾਲ ਆ ਗਏ। ਉਸ ਨੇ ਦੱਸਿਆ ਕਿ ਰਸਤੇ ਵਿਚ ਐਸ ਐਚ ਓ ਸਤਨਾਮ ਸਿੰਘ ਇਹ ਕਹਿੰਦਾ ਰਿਹਾ ਕਿ 'ਜੇਕਰ ਖਾਲੜਾ ਤੂੰ ਗਿੱਲ ਸਾਹਿਬ ਦਾ ਕਿਹਾ ਮੰਨ ਲੈਂਦਾ ਤਾਂ ਅਸੀਂ ਵੀ ਬਚ ਜਾਂਦੇ ਤੇ ਤੂੰ ਵੀ ਬਚ ਜਾਣਾ ਸੀ। ਸੁਪਰੀਮ ਕੋਰਟ ਵਿਚ ਲਵਾਰਸ ਲਾਸ਼ਾਂ ਦੀ ਰਿੱਟ ਤੋਂ ਭਲਾ ਤੈਨੂੰ ਕੀ ਕੋਹਿਨੂਰ ਮਿਲੂ।' ਕੁਲਦੀਪ ਸਿੰਘ ਦੇ ਦੱਸਣ ਅਨੁਸਾਰ ਸ. ਖਾਲੜਾ ਸਰੀਰਕ ਤੌਰ 'ਤੇ ਅਤਿ ਜ਼ਰ ਜ਼ਰ ਹਾਲਾਤ ਵਿਚ ਹੁੰਦਿਆਂ 'ਸਭ ਕੁਝ ਭਾਣੇ ਵਿਚ ਹੀ ਹੈ' ਦੇ ਆਤਮਿਕ ਬੁਲੰਦ ਭਰੇ ਲਫਜ਼ ਹੀ ਕਹਿੰਦਾ ਰਿਹਾ।

ਕੁਲਦੀਪ ਸਿੰਘ ਨੇ ਸ. ਜਸਵੰਤ ਸਿੰਘ ਖਾਲੜਾ ਦੀ ਹਲਾਕਤ ਵੇਲੇ ਦਾ ਦ੍ਰਿਸ਼ ਵਰਨਣ ਕਰਦਿਆਂ ਦੱਸਿਆ ਕਿ ਦੀਵਾਲੀ ਦੇ ਤਿਉਹਾਰ ਤੋਂ ਤਿੰਨ ਚਾਰ ਦਿਨ ਬਾਅਦ ਸ਼ਾਮੀਂ 7.30 ਵਜੇ ਡੀ ਐਸ ਪੀ ਜਸਪਾਲ ਸਿੰਘ ਆਪਣੇ ਗੰਨਮੈਨ ਅਰਵਿੰਦਰ ਸਿੰਘ ਸਮੇਤ ਥਾਣਾ ਝਬਾਲ ਆਏ ਅਤੇ ਉਨ੍ਹਾਂ ਦੇ ਮਗਰ ਮਗਰ ਹੀ ਕਾਰ ਰਾਹੀਂ ਜਸਬੀਰ ਸਿੰਘ ਐਸ ਐਚ ਓ ਮਾਨੋਚਾਹਲ, ਸੁਰਿੰਦਰਪਾਲ ਸਿੰਘ ਐਸ ਐਚ ਓ ਸਰਹਾਲੀ ਅਤੇ ਪ੍ਰਿੰਥੀਪਾਲ ਸਿੰਘ ਹੌਲਦਾਰ ਵੀ ਉਥੇ ਆ ਗਏ। ਐਸ ਪੀ ਓ ਕੁਲਦੀਪ ਸਿੰਘ ਦੇ ਦੱਸਣ ਅਨੁਸਾਰ ਸੁਰਿੰਦਰਪਾਲ ਸਿੰਘ ਦਾ ਗੰਨਮੈਨ ਬਲਵਿੰਦ ਸਿੰਘ ਘੋੜਾ ਵੀ ਉਨ੍ਹਾਂ ਦੇ ਨਾਲ ਹੀ ਸੀ। ਉਸ ਨੇ ਦੱਸਿਆ ਕਿ ਇਸ ਪਿਛੋਂ ਉਹ ਚਾਬੀ ਲੈ ਕੇ ਕੋਠੜੀ ਦਾ ਦਰਵਾਜ਼ਾ ਖੋਲ੍ਹ ਕੇ ਕੋਠੜੀ ਵਿਚ ਜਾ ਵੜੇ ਅਤੇ ਮੈਨੂੰ ਉਨ੍ਹਾਂ ਨੇ ਗਰਮ ਪਾਣੀ ਕਰਕੇ ਲਿਆਉਣ ਲਈ ਕਿਹਾ। ਐਸ ਪੀ ਓ ਕੁਲਦੀਪ ਸਿੰਘ ਦੇ ਦੱਸਣ ਮੁਤਾਬਕ ਥੋੜੇ ਚਿਰ ਬਾਅਦ ਹੀ ਸ. ਖਾਲੜਾ ਦੀ ਮਾਰਕੁੱਟ ਪਿਛੋਂ ਉਸ ਨੇ ਪਿਸਤੌਲ ਦੇ ਫੋ ਫਾਇਰਾਂ ਦੀ ਆਵਾਜ਼ ਸੁਣੀ। ਕੁਲਦੀਪ ਸਿੰਘ ਨੇ ਦੱਸਿਆ ਕਿ ਜਦੋਂ ਉਹ ਗਰਮ ਪਾਣੀ ਛੱਡ ਕੇ ਅਸਾਲਟ ਚੁੱਕੀ ਬਾਹਰ ਆਇਆ ਤਾਂ ਬਲਵਿੰਦਰ ਸਿੰਘ ਘੋੜਾ ਮਾਰੂਤੀ ਵੈਨ ਦੀ ਡਿੱਕੀ ਖੋਲ੍ਹ ਰਿਹਾ ਸੀ। ਡਿੱਕੀ ਖੋਲ੍ਹਣ ਪਿਛੋਂ ਬਲਵਿੰਦਰ ਘੋੜਾ ਅਤੇ ਅਰਵਿੰਦਰ ਸਿੰਘ ਦੋਵਾਂ ਪੁਲਿਸ ਅਧਿਕਾਰੀਆਂ ਦੇ ਅੰਗ ਰੰਖਿਅਕਾਂ ਨੇ ਸ. ਖਾਲੜਾ ਦੀ ਖ਼ੂਨ ਵਿਚ ਲੱਥ ਪੱਥ ਮ੍ਰਿਤਕ ਦੇਹ ਕੋਠੜੀ ਵਿਚੋਂ ਕੱਢ ਕੇ ਲਿਆਂਦੀ ਤੇ ਭੂਆਂ ਕੇ ਡਿੱਕੀ ਵਿਚ ਸੁੱਟਦਿਆਂ ਕਾਰ ਦੀ ਡਿੱਕੀ ਮਾਰ ਦਿੱਤੀ। ਉਸ ਨੇ ਦੱਸਿਆ ਕਿ ਹਰੀਕੇ ਪੱਤਣ ਦੀਆਂ ਭੁੱਖੀਆਂ ਮੱਛੀਆਂ ਦੀ ਖ਼ੁਰਾਕ ਬਣਨ ਲਈ ਲਿਜਾਈ ਜਾ ਰਹੀ ਸ. ਖਾਲੜਾ ਦੀ ਲਾਸ਼ ਵਾਲੀ ਵੈਨ ਨੂੰ ਬਲਵਿੰਦਰ ਸਿੰਘ ਘੋੜਾ ਚਲਾ ਰਿਹਾ ਸੀ, ਜਦਕਿ ਪ੍ਰਿਥੀਪਾਲ ਸਿੰਘ ਅਤੇ ਅਰਵਿੰਦਰ ਸਿੰਘ ਵੀ ਉਸ ਵਿਚ ਬੈਠੇ ਹੋਏ ਸਨ। ਉਸ ਨੇ ਦੱਸਿਆ ਕਿ ਇਸ ਪਿਛੋਂ ਆ ਰਹੀ ਮਾਰੂਤੀ ਕਾਰ ਵਿਚ ਡੀ ਐਸ ਪੀ ਜਸਪਾਲ ਸਿੰਘ ਅਤੇ ਜਸਬੀਰ ਸਿੰਘ (ਉਸ ਵੇਲੇ ਐਸ ਐਚ ਓ ਮਾਨੋਚਾਹਲ) ਸਵਾਰ ਸਨ ਅਤੇ ਇਸ ਪਿਛੋਂ ਤੀਸਰੀ ਮਾਰੂਤੀ ਕਾਰ ਵਿਚ ਉਹ ਐਸ ਐਚ ਓ ਝਬਾਲ ਸਤਨਾਮ ਸਿੰਘ ਅਤੇ ਐਸ ਐਚ ਓ ਸਰਹਾਲੀ ਸੁਰਿੰਦਰਪਾਲ ਸਿੰਘ ਨਾਲ ਬੈਠਾ ਹੋਇਆ ਸੀ। ਉਸ ਨੇ ਦੱਸਿਆ ਕਿ ਹਰੀਕੇ ਪੱਤਣ ਲੰਘਕੇ ਜਿਥੇ ਦੋ ਨਹਿਰਾਂ ਲੰਘਦੀਆਂ ਹਨ, ਵਿਖੇ ਰਾਤੀਂ 10 ਵਜੇ ਦੇ ਕਰੀਬ ਪੁੱਜ ਕੇ ਅਰਵਿੰਦਰ ਸਿੰਘ ਤੇ ਬਲਵਿੰਦਰ ਸਿੰਘ ਘੋੜੇ ਨੇ ਲਾਸ਼ ਨਹਿਰ ਵਿਚ ਸੁੱਟ ਦਿੱਤੀ। ਧੜੰਮ ਦੀ ਆਵਾਜ਼ ਨਾਲ ਲਾਸ਼ ਪਾਣੀਆਂ ਦੇ ਬਿੱਲੇ ਲੱਗਦਿਆਂ ਹੀ ਇਕੇਰਾਂ ਤੇ ਜਿਵੇਂ ਉਸ ਨੇ ਖੜੇ ਖੜੋਤੇ ਸਕਤਾ ਜਿਹਾ ਮਾਰ ਗਿਆ ਅਤੇ ਪਿਛੋਂ ਉਹ ਸਾਰੇ ਹਰੀਕੇ ਰੈਸਟ ਹਾਊਸ ਵਿਚ ਆ ਗਏ। ਜਿਥੇ ਬਲਵਿੰਦਰ ਸਿੰਘ ਘੋੜਾ, ਪ੍ਰਿੰਥੀਪਾਲ, ਅਰਵਿੰਦਰ ਸਿੰਘ ਅਤੇ ਉਸ ਲਈ ਜੀਭ ਦੀ ਤਰਾਵਟ ਵਾਸਤੇ ਪੁਲਿਸ ਅਫਸਰਾਂ ਨੇ ਦੋ ਵਧੀਆ ਸ਼ਰਾਬ ਦੀਆਂ ਬੋਤਲਾਂ ਭੇਜੀਆਂ ਅਤੇ ਖ਼ੁਦ ਰੈਸਟ ਹਾਊਸ ਦੇ ਬੰਗਲੇ ਵਿਚ ਆਨੰਦ ਮੰਗਲ ਮਾਣਦੇ ਰਹੇ।

ਐਸ ਪੀ ਓ ਦੇ ਦੱਸਣ ਅਨੁਸਾਰ ਉਹ ਰਾਤੀਂ 12 ਵਜੇ ਤੋਂ ਬਾਅਦ ਉਸ ਦਿਨ ਮਾਰੂਤੀ ਕਾਰ 'ਤੇ ਥਾਣਾ ਝਬਾਲ ਆ ਕੇ ਵੜੇ। ਇਸ ਵਾਰਦਾਤ ਦੇ ਚਾਰ ਦਿਨ ਪਿਛੋਂ ਅਜੀਤ ਸਿੰਘ ਸੰਧੂ ਨੇ ਉਸ ਨੂੰ ਸੱਦਿਆ ਅਤੇ ਉਸ ਨੂੰ ਇਹ ਕਿਹਾ ਕਿ 'ਜੋ ਕੁਝ ਵੀ ਕਾਕਾ ਤੂੰ ਉਸ ਦਿਨ ਵੇਖਿਆ ਹੈ, ਉਸ ਨੂੰ ਸੁਪਨੇ ਵਾਂਗ ਭੁੱਲ ਜਾਹ...ਇਹਦੇ 'ਚ ਹੀ ਤੇਰੀ ਜ਼ਿੰਦਗੀ ਦੀ ਬੇਹਤਰੀ ਛੁਪੀ ਹੈ...ਤੂੰ ਫਿਕਰ ਨਾ ਕਰੀਂ ਐਡੀਸ਼ਨਲ ਡੀ ਜੀ ਪੀ ਨੂੰ ਕਹਿ ਕੇ ਤੈਨੂੰ ਪੀ.ਏ.ਪੀ. ਦਾ ਨੰਬਰ ਤਾਂ ਦੂਆ ਹੀ ਦਿਆਂਗੇ।' ਪਿਛੋਂ ਕਾਂਸਟੇਬਲ ਦੇ ਨੰਬਰ ਦੀ ਮੰਗ ਕਰਨ 'ਤੇ ਸਤਨਾਮ ਸਿੰਘ ਨੇ ਕਿਹਾ ਕਿ ਤੇਰੇ ਵਰਗੇ ਵੀਹ ਐਸ ਪੀ ਓ ਤੁਰੇ ਫਿਰਦੇ ਹਨ।

# ਸ਼ਹੀਦ ਸ. ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਦਾ ਅੱਖੀਂ ਡਿੱਠਾ ਵੇਰਵਾ




*ਸ. ਖਾਲੜਾ ਦੀ ਇਹ ਭਵਿੱਖਬਾਣੀ ਇਨ ਬਿੰਨ ਸੱਚ ਸਾਬਤ ਹੋਈ। ਬੇਅੰਤ ਸਿੰਘ ਦੇ ਬੰਬ ਧਮਾਕੇ ਵਿਚ ਉਡਣ ਦੀ ਘਟਨਾ ਦੀ ਆੜ ਵਿਚ ਸ. ਜਸਵੰਤ ਸਿੰਘ ਖਾਲੜਾ ਨੂੰ ਘਰੋਂ ਚੁੱਕ ਲਿਆ ਗਿਆ ਤੇ ਪੂਰੀ ਕਾਇਰਤਾ ਨਾਲ ਉਸ ਦਰਵੇਸ਼ ਨੂੰ ਕੋਹ ਕੋਹ ਕੇ ਸਿਰਫ ਇਸ ਲਈ ਕਤਲ ਕਰ ਦਿੱਤਾ ਗਿਆ ਉਸ ਨੇ ਇਸ ਹਕੂਮਤ ਤੇ ਖ਼ਾਸ ਕਰਕੇ ਪੰਜਾਬ ਪੁਲਿਸ ਦੇ ਜ਼ਬਰ ਦਾ ਪਰਦਾਫਾਸ਼ ਕੀਤਾ ਸੀ।*

ਸ. ਜਸਵੰਤ ਸਿੰਘ ਖਾਲੜਾ ਨੂੰ ਜਦੋਂ ੬ ਸਤੰਬਰ ੧੯੯੫ ਨੂੰ ਘਰੋਂ ਚੁੱਕਿਆ ਗਿਆ ਸੀ ਤਾਂ ਪੰਜਾਬ ਅੰਦਰ ਕੰਮ ਕਰਦੀਆਂ ਲਗਭਗ ਸਾਰੀਆਂ ਹੀ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਇਹ ਸ਼ੱਕ ਜ਼ਾਹਿਰ ਕੀਤਾ ਸੀ ਕਿ ਸ. ਖਾਲੜੇ ਨੂੰ ਕੇ.ਪੀ.ਐਸ. ਗਿੱਲ ਦੀ ਪੁਲਿਸ ਨੇ ਚੁੱਕਿਆ ਹੈ। ਦੂਸਰੇ ਦਿਨ ਹੀ ਇਸ ਕਿਸਮ ਦੇ ਬਿਆਨ ਅਖ਼ਬਾਰਾਂ ਵਿਚ ਛਪ ਗਏ ਸਨ, ਜਿਨਾਂ ਵਿਚ ਇਸ ਦੀ ਸਪੱਸ਼ਟ ਤੌਰ 'ਤੇ ਨਿਗਰਾਨੀ ਕੀਤੀ ਗਈ ਸੀ। ਇਸ ਨਿਸ਼ਾਨਦੇਹੀ ਦਾ ਠੋਸ ਆਧਾਰ ਸੀ। ਕਿਉਂਕਿ ਸ. ਜਸਵੰਤ ਸਿੰਘ ਖਾਲੜਾ ਨੇ ੨੩ ਫਰਵਰੀ ੧੯੯੫ ਨੂੰ ਜਾਰੀ ਕੀਤੇ ਗਏ ਆਪਣੇ ਬਿਆਨ ਵਿਚ ਸਾਫ਼ ਐਲਾਨ ਕੀਤਾ ਸੀ ਕਿ 'ਜੇਕਰ ਪੰਜਾਬ ਸਰਕਾਰ ਤੇ ਪੁਲਿਸ ਇਹ ਸਮਝਦੀ ਹੈ ਕਿ ਮੈਨੂੰ ਖ਼ਤਮ ਕਰਕੇ ੨੫ ਹਜ਼ਾਰ ਲਾਵਾਰਿਸ ਲਾਸ਼ਾਂ ਦੇ ਮਾਮਲੇ ਨੂੰ ਖੁਰਦ ਬੁਰਦ ਕੀਤਾ ਜਾ ਸਕਦਾ ਹੈ ਤਾਂ ਇਹ ਉਸ ਦੀ ਗਲਤਫਹਿਮੀ ਹੈ। ਕਿਉਂਕਿ ਇਸ ਸਬੰਧੀ ਤੱਥ ਦੁਨੀਆਂ ਪੱਧਰ ਦੇ ਮਨੁੱਖੀ ਅਧਿਕਾਰ ਸੰਗਠਨਾਂ ਤੱਕ ਪਹੁੰਚ ਚੁੱਕੇ ਹਨ।' ਇਸੇ ਬਿਆਨ ਵਿਚ ਸ. ਖਾਲੜਾ ਨੇ ਇਹ ਇੰਕਸ਼ਾਫ ਵੀ ਕੀਤਾ ਸੀ, ਕਾਂਗਰਸ ਪਾਰਟੀ ਦੇ ਇਕ ਜ਼ਿੰਮੇਵਾਰ ਐਮ ਐਲ ਏ ਨੇ ਦੋ ਦਿਨ ਪਹਿਲਾਂ ਮੈਨੂੰ ਜਾਤੀ ਤੌਰ 'ਤੇ ਮਿਲ ਕੇ ਦੱਸਿਆ ਹੈ ਕਿ ਪੁਲਿਸ ਅਧਿਕਾਰੀ ਇਸ ਮਾਮਲੇ ਦੇ ਖੁੱਲ ਣ ਤੋਂ ਬਹੁਤ ਖਫ਼ਾ ਹੋਏ ਪਏ ਹਨ ਅਤੇ ਉਨ੍ਹਾਂ ਨੇ ਫੈਸਲਾ ਕੀਤਾ ਹੈ ਕਿ ਜੇਕਰ ਇਹ ਪੜਤਾਲ ਅੱਗੇ ਵੱਧਦੀ ਹੈ ਤਾਂ ਹਰ ਹਾਲਤ ਵਿਚ ਉਹ ਜਸਵੰਤ ਸਿੰਘ ਖਾਲੜਾ ਦੀ ਲਾਸ਼ ਨੂੰ ਖੁਰਦ ਬੁਰਲਦ ਕਰਨਗੇ ਅਤੇ ਜਿਥੇ ੨੫ ਹਜ਼ਾਰ ਲਾਸ਼ਾਂ ਦੀ ਜਾਂਚ ਹੋਵੇਗੀ, ਉਥੇ ਇਕ ਹੋਰ ਵੀ ਝੱਲ ਲੈਣਗੇ। ਐਮ ਐਲ ਏ ਜਿਸ ਦਾ ਅਜੇ ਮੈਂ ਨਾਂ ਦੱਸਣਾ ਠੀਕ ਨਹੀਂ ਸਮਝਦਾ, ਨੇ ਮੈਨੂੰ ਇਹ ਵੀ ਦੱਸਿਆ ਹੈ ਕਿ ਇਸ ਕੰਮ ਦੀ ਉਨ੍ਹਾਂ ਨੇ ਸਾਡੀ ਕਾਂਗਰਸੀ ਸਰਕਾਰ ਤੋਂ ਇਜ਼ਾਜਤ ਵੀ ਲੈ ਲਈ ਹੈ। ਇਹ ਜੋ ਸ਼ੰਕਾ ਸੀ ਅੱਜ ਉਹ ਸੱਚ ਸਾਬਤ ਹੋ ਚੁੱਕੀ ਹੈ ਪਰ ਸ. ਖਾਲੜਾ ਨੇ ਆਪਣੀ ਜ਼ਿੰਦਗੀ ਦੀ ਭੀਖ ਮੰਗਣ ਦੀ ਬਜਾਏ ਦ੍ਰਿੜਤਾ ਨਾਲ ਐਲਾਨਿਆ ਸੀ, 'ਮੈਂ ਆਪਣੀ ਜ਼ਿੰਦਗੀ ਦੀ ਰਾਖੀ ਲਈ ਕਿਸੇ ਅਦਾਲਤ ਵਿਚ ਜਾਣ ਦੀ ਥਾਂ ਅਕਾਲ ਪੁਰਖ ਦੇ ਚਰਨਾਂ ਵਿਚ ਅਤੇ ਲੋਕਾਂ ਦੀਆਂ ਬਰੂਹਾਂ ਵਿਚ ਜਾਣ ਨੂੰ ਤਰਜੀਹ ਦੇਵਾਂਗਾ ਅਤੇ ਸਭ ਜਮਹੂਰੀਅਤ ਪਸੰਦ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਜੇਕਰ ਮੈਨੂੰ ਖ਼ਤਮ ਕੀਤਾ ਗਿਆ ਤਾਂ ਕਿਸੇ ਪੁਲਿਸ ਕੈਟ ਜਾਂ ਥਾਣੇਦਾਰ ਨੂੰ ਦੋਸ਼ੀ ਨਾ ਠਹਿਰਾਇਆ ਜਾਵੇ ਬਲਕਿ ਮੁੱਖ ਮੰਤਰੀ ਬੇਅੰਤ ਸਿੰਘ ਤੇ ਪੁਲਿਸ ਮੁਖੀ ਕੇ.ਪੀ.ਐਸ ਗਿੱਲ ਨੂੰ ਇਸ ਦਾ ਜ਼ਿੰਮੇਵਾਰ ਠਹਿਰਾਇਆ ਜਾਵੇ।'

ਸ. ਖਾਲੜਾ ਦੀ ਇਹ ਭਵਿੱਖਬਾਣੀ ਇਨ ਬਿੰਨ ਸੱਚ ਸਾਬਤ ਹੋਈ। ਬੇਅੰਤ ਸਿੰਘ ਦੇ ਬੰਬ ਧਮਾਕੇ ਵਿਚ ਉਡਣ ਦੀ ਘਟਨਾ ਦੀ ਆੜ ਵਿਚ ਸ. ਜਸਵੰਤ ਸਿੰਘ ਖਾਲੜਾ ਨੂੰ ਘਰੋਂ ਚੁੱਕ ਲਿਆ ਗਿਆ ਤੇ ਪੂਰੀ ਕਾਇਰਤਾ ਨਾਲ ਉਸ ਦਰਵੇਸ਼ ਨੂੰ ਕੋਹ ਕੋਹ ਕੇ ਸਿਰਫ ਇਸ ਲਈ ਕਤਲ ਕਰ ਦਿੱਤਾ ਗਿਆ ਉਸ ਨੇ ਇਸ ਹਕੂਮਤ ਤੇ ਖ਼ਾਸ ਕਰਕੇ ਪੰਜਾਬ ਪੁਲਿਸ ਦੇ ਜ਼ਬਰ ਦਾ ਪਰਦਾਫਾਸ਼ ਕੀਤਾ ਸੀ।

ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੇ ਚੈਂਪੀਅਨ ਰਹੇ ਸ. ਜਸਵੰਤ ਸਿੰਘ ਖਾਲੜਾ ਦੀ ਪੁਲਿਸ ਦੀ ਗੈਰ ਕਾਨੂੰਨੀ ਹਿਰਾਸਤ ਵਿਚ ਹੋਈ ਹਲਾਕਤ ਦੇ ਇਸ ਚਸ਼ਮਦੀਦ ਕੁਲਦੀਪ ਸਿੰਘ, ਜਿਸ ਦੇ ਜ਼ਿੰਮੇ ਉਸ ਦੇ ਸਬੰਧਤ ਅਫਸਰ ਵੱਲੋਂ ਸ. ਖਾਲੜਾ ਨੂੰ ਰੋਟੀ ਪਾਣੀ ਦੇਣ ਅਤੇ ਟੱਟੀ ਪਿਸਾਬ ਕਰਾਉਣ ਦਾ ਕੰਮ ਸੌਂਪਿਆ ਗਿਆ ਸੀ, ਨੇ ਦੱਸਿਆ ਹੈ ਕਿ ੧੯੯੪ ਵਿਚ ਉਸ ਨੇ ਐਸ ਪੀ ਓ ਵਜੋਂ ਆਪਣੀ ਨੌਕਰੀ ਥਾਣਾ ਸਦਰ ਰੋਪੜ ਵਿਖੇ, ਥਾਣਾ ਸਦਰ ਦੇ ਐਸ ਐਚ ਓ ਸਤਨਾਮ ਸਿੰਘ ਦੇ ਗੰਨਮੈਨ ਵਜੋਂ ਸ਼ੁਰੂ ਕੀਤੀ ਸੀ, ਉਥੋਂ ਉਸ ਨੂੰ ਚਮਕੌਰ ਸਾਹਿਬ ਵਿਖੇ ਬਦਲ ਦਿੱਤਾ ਗਿਆ, ਜਦੋਂ ਅਜੀਤ ਸਿੰਘ ਸੰਧੂ ਐਸ ਐਸ ਪੀ ਰੋਪੜ ਤੋਂ ਬਦਲਕੇ ਮੁੜ ਐਸ ਐਸ ਪੀ ਤਰਨ ਤਾਰਨ ਲਾਣ ਲੱਗੇ ਤਾਂ ਉਨ੍ਹਾਂ ਨੇ ਉਸ ਨੂੰ ਆਪਣੇ ਨਾਲ ਲਿਆ ਕੇ ਐਸ ਪੀ ਓ ਲਾ ਦਿੱਤਾ ਅਤੇ ਉਸ ਦੀ ਤਾਇਨਾਤੀ ਥਾਣਾ ਝਬਾਲ ਦੇ ਐਸ ਐਚ ਓ ਸਤਨਾਮ ਸਿੰਘ (ਜੋ ਅਜੀਤ ਸਿੰਘ ਸੰਧੂ ਦੇ ਨਾਲ ਹੀ ਉਨ੍ਹਾਂ ਦੀ ਟੀਮ ਦੇ ਮੈਂਬਰ ਵਜੋਂ ਰੋਪੜ ਪੁਲਿਸ ਜ਼ਿਲ੍ਹੇ ਵਿਚੋਂ ਬਦਲਕੇ ਆਇਆ ਸੀ) ਦੇ ਅੰਗ ਰੱਖਿਅਕ ਵਜੋਂ ਕਰ ਦਿੱਤੀ। ਕੁਲਦੀਪ ਸਿੰਘ ਨੇ ਦੱਸਿਆ ਹੈ ਕਿ ਇਹ ਅਕਤੂਬਰ ੧੯੯੫ ਦੀ ਗੱਲ ਹੈ ਕਿ ਡਿਊਟੀ ਸੰਭਾਲਣ ਦੇ ਤੀਜੇ ਚੌਥੇ ਦਿਨ ਹੀ ਤਤਕਾਲੀ ਐਸ ਐਚ ਓ ਝਬਾਲ ਸਤਨਾਮ ਸਿੰਘ (ਜੋ ਹੁਣ ਨਕੋਦਰ ਹੈ) ਨੇ ਉਸ ਨੂੰ ਕੋਲ ਬੁਲਾ ਕੇ ਕਿਹਾ ਕਿ ਉਸ ਨੇ ਥਾਣੇ ਦੀ ਹਦੂਦ ਤੋਂ ਬਾਹਰੈਂਦੀ ਇਕ ਹਨੇਰੀ ਕੋਠੜੀ ਵਿਚ ਬੰਦ ਇਕ ਐਸੇ ਬੰਦ ਨੂੰ ਰੋਟੀ ਪਾਣੀ ਦੇਣ ਦੀ ਡਿਊਟੀ ਕਰਨੀ ਹੈ, ਜਿਸ ਬਾਰੇ ਉਸ ਨੇ ਭੇਦ ਇਸ ਤਰ੍ਹਾਂ ਗੁਪਤ ਰੱਖਣਾ ਹੈ ਕਿ ਕੰਧਾਂ ਨੂੰ ਵੀ ਇਸ ਦੀ ਭਿਣਕ ਨਹੀਂ ਪੈਣੀ ਚਾਹੀਦੀ। ਐਸ ਪੀ ਓ ਦੇ ਦੱਸਣ ਮੁਤਾਬਕ ਆਪਣੇ ਸਬੰਧਤ ਪੁਲਿਸ ਅਫਸਰ ਦੀ ਹਦਾਇਤ ਅਨੁਸਾਰ ਜਦੋਂ ਉਕਤ ਹਨੇਰ ਕੋਠੜੀ ਵਿਚ ਬੰਦ ਅਜਨਬੀ ਨੂੰ ਰੋਟੀ ਪਾਣੀ ਦੇਣ ਲਈ ਆਪਣੇ ਅਫਸਰ ਕੋਲੋਂ ਚਾਬੀ ਲੈ ਕੇ ਉਸ ਨੇ ਕੋਠੜੀ ਨੂੰ ਵੱਜਾ ਜਿੰਦਰਾ ਖੋਲ੍ਹਿਆ ਤਾਂ ਅੰਦਰ ਗੁਲਾਬੀ ਕੁੜਤੇ ਪਜਾਮੇ ਵਿਚ ਭੁੰਜੇ ਅਧਮੋਇਆ ਵਾਂਗ ਲੇਟੇ ਇਸ ਵਿਅਕਤੀ ਨੇ ਉਸ ਵੱਲੋਂ ਪੁੱਛੇ ਪ੍ਰਸ਼ਨਾਂ ਦੇ ਜਵਾਬ ਵਿਚ ਆਪਣਾ ਨਾਂ ਜਸਵੰਤ ਸਿੰਘ, ਪਿੰਡ ਖਾਲੜਾ ਅਤੇ ਆਪਣੇ ਆਪ ਨੂੰ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਮਨੁੱਖੀ ਅਧਿਕਾਰ ਵਿੰਗ ਦਾ ਜਨਰਲ ਸਕੱਤਰ ਦੱਸਿਆ। ਉਕਤ ਐਸ ਪੀ ਓ ਨੇ ਦੱਸਿਆ ਕਿ ਉਸ ਵੱਲੋਂ ਸ. ਖਾਲੜਾ ਨੂੰ ਰੋਟੀ ਪਾਣੀ ਦੇਣ ਅਤੇ ਹਾਜ਼ਤ ਸਮੇਂ ਉਸ ਨੂੰ ਟੱਟੀ ਪਿਸ਼ਾਬ ਕਰਾਉਣ ਆਦਿ ਦਾ ਸਿਲਸਿਲਾ ਇਸੇ ਤਰ੍ਹਾਂ ਤਿੰਨ ਚਾਰ ਦਿਨ ਹੋਰ ਚੱਲਦਾ ਰਿਹਾ ਕਿ ਇਕ ਦਿਨ ਸ਼ਾਮੀਂ ੭ ਵਜੇ ਇਕ ਮਾਰੂਤੀ ਕਾਰ ਝਬਾਲ ਥਾਣੇ ਵਿਚ ਆ ਕੇ ਰੁਕੀ, ਜਿਸ ਵਿਚੋਂ ਉਸ ਵੇਲੇ ਦੇ ਐਸ ਐਸ ਪੀ ਤਰਨ ਤਾਰਨ ਅਜੀਤ ਸਿੰਘ ਸੰਧੂ ਉਸ ਵੇਲੇ ਦੇ ਡੀ ਐਸ ਪੀ ਜਸਪਾਲ ਸਿੰਘ ਅਤੇ ਉਨ੍ਹਾਂ ਦੇ ਗੰਨਮੈਨ ਅਰਵਿੰਦਰ ਸਿੰਘ ਹੇਠਾਂ ਉਤਰੇ। ਉਸ ਨੇ ਅੱਗੇ ਦੱਸਿਆ ਕਿ ਇਸ ਦੇ ਮਗਰੇ ਹੀ ਇਕ ਹੋਰ ਮਾਰੂਤੀ ਕਾਰਨ ਥਾਣੇ ਪੁੱਜੀ, ਜਿਸ ਵਿਚ ਤਤਕਾਲੀ ਐਸ ਐਚ ਓ ਸਰਹਾਲੀ ਸੁਰਿੰਦਰਪਾਲ ਸਿੰਘ, ਐਸ ਐਚ ਓ ਮਾਨੋਚਾਹਲ ਜਸਬੀਰ ਸਿੰਘ ਤੇ ਹੌਲਦਾਰ ਪ੍ਰਿੰਥੀਪਾਲ ਸਿੰਘ ਬਾਹਰ ਨਿਕਲੇ। ਕੁਲਦੀਪ ਸਿੰਘ ਨੇ ਦੱਸਿਆ ਕਿ ਇਸ ਪਿਛੋਂ ਐਸ ਐਚ ਓ ਸਰਹਾਲੀ ਸੁਰਿੰਦਰਪਾਲ ਸਿੰਘ ਜੋ ਕਿ ਹਾਲ ਹੀ ਵਿਚ ਮਹਿਲਾਂ ਕਲਾਂ ਪੁਲਿਸ ਜ਼ਿਲ੍ਹਾ ਬਰਨਾਲਾ ਵਿਖੇ ਤਾਇਨਾਤੀ ਸਮੇਂ ਕਿਸੇ ਕੇਸ ਵਿਚ ਮੁਅੱਤਲ ਹੋਏ ਹਨ, ਨੇ ਉਸ ਨੂੰ ਕੋਠੜੀ ਦੀ ਚਾਬਲ ਲੈ ਕੇ ਆਉਣ ਲਈ ਕਿਹਾ। ਉਸ ਨੇ ਦੱਸਿਆ ਕਿ ਉਸ ਉਪਰੰਤ ਅਜੀਤ ਸਿੰਘ ਸੰਧੂ ਸਮੇਤ ਇਹ ਸਾਰੇ ਅਫਸਰ ਅਤੇ ਪੁਲਿਸ ਕਰਮੀ ਉਸ ਕੋਠੜੀ ਵਿਚ ਵੜ ਗਏ। ਐਸ ਪੀ ਓ ਕੁਲਦੀਪ ਸਿੰਘ ਦੇ ਦੱਸਣ ਅਨੁਸਾਰ ਇਸ ਪਿਛੋਂ ਅਜੀਤ ਸਿੰਘ ਨੇ ਇਹ ਕਹਿੰਦਿਆਂ ਕਿ 'ਤੂੰ ਸਾਡੇ ਖਿਲਾਫ ਬੜੇ ਐਫੀਡੇਵਿਟ ਇਕੱਠੇ ਕਰਦਾ ਫਿਰਦਾ ਹੈ, ਤੈਨੂੰ ਸੈਆਂ ਵੇਰ ਵਰਜਿਆ ਹੈ ਪਰ ਤੂੰ ਫਿਰ ਵੀ ਬੰਦੇ ਦਾ ਪੁੱਤ ਨਹੀਂ ਬਣਿਆਂ' ਤੇ ਉਹਨੇ ਪੁਲਿਸ ਕਰਮੀਆਂ ਨੂੰ ਸ. ਖਾਲੜਾ ਦੋਵੇਂ ਹੱਥ ਪਿਛੇ ਬੰਨ ਕੇ ਉਸ ਨੂੰ ਅਲਫ ਨੰਗਾ ਕਰਕੇ ਲਟਕਾਉਣ ਦਾ ਹੁਕਮ ਦਿੰਦਿਆਂ ਖਾਲੜਾ ਦੇ ਸਿਰ ਦੇ ਵਾਲਾਂ ਨੂੰ ਫੜ ਕੇ ਕਮਰੇ ਵਿਚ ਘਸੀਟਣਾ ਸ਼ੁਰੂ ਕਰ ਦਿੱਤਾ। ਕੁਦਲਪੀ ਸਿੰਘ ਅਨੁਸਾਰ ਇਸ ਮੌਕੇ ਪੁਲਿਸ ਮਾਰ ਨਾਲ ਬਹੁੜੀ ਪਾਉਂਦੇ ਅਤੇ ਡਾਡਾਂ ਮਾਰਦੇ ਸ. ਖਾਲੜਾ ਦੇ ਪੱਟਾਂ 'ਤੇ ਕੋਈ ਅੱਧਾ ਘੰਟਾ ਲੂਣ ਘੋਟਣਾ ਫੇਰਨ ਦੀ ਜ਼ਹਿਮਤ ਦੇਣੀ ਵੀ ਸੰਧੂ ਨੇ ਕਿਸੇ ਹੋਰ ਨੂੰ ਗਵਾਰਾ ਨਾ ਸਮਝੀ ਅਤੇ ਉਹ ਖ਼ੁਦ ਸ. ਖਾਲੜਾ ਦੇ ਪੱਟਾਂ 'ਤੇ ਲੂਣ ਘੋਟਣਾ ਫੇਰਨ ਲਈ ਚੜ ਦੇ ਰਹੇ।

ਉਸ ਨੇ ਦੱਸਿਆ ਕਿ ਅੱਧੇ ਘੰਟੇ ਇਸ ਘੋਰ ਤਸ਼ੱਦਦ ਪਿਛੋਂ ਸ. ਖਾਲੜਾ ਨੂੰ ਨੀਮ ਬੇਹੋਸ਼ੀ ਦੀ ਹਾਲਤ ਵਿਚ ਲੀੜੇ ਪਾ ਕੇ ਬਿਠਾ ਦਿੱਤਾ ਅਤੇ ਉਸ ਨੂੰ ਕੋਸਾ ਪਾਣੀ ਪਿਆਉਣ ਪਿਛੋਂ ਰਾਤੀ ੯ ਵਜੇ ਦੇ ਕਰੀਬ ਅਜੀਤ ਸਿੰਘ ਸੰਧੂ ਸਮੇਤ ਸਾਰੇ ਪੁਲਿਸ ਕਰਮੀ ਚਲੇ ਗਏ। ਐਸ ਪੀ ਓ ਕੁਲਦੀਪ ਸਿੰਘ ਇਹ ਅਹਿਮ ਇਕਸ਼ਾਫ ਕੀਤਾ ਕਿ ਸ. ਖਾਲੜਾ ਨੂੰ ੨੭,੨੮ ਅਕਤੂਬਰ ਦੇ ਆਸ ਪਾਸ ਗੋਲੀ ਨਾਲ ਚਲਾਕ ਕਰਨ ਦੇ ਅਤੇ ਇਸ ਪਿਛੋਂ ਹਰੀਕੇ ਪੱਤਣ ਰਿਆ ਵਿਚ ਰੋੜਨ ਤੋਂ ਚੰਦ ਦਿਨ ਪਹਿਲਾਂ ਸ. ਖਾਲੜਾ ਨੂੰ ਇਕ ਰਾਤ ਪਿੰਡ ਮਾਨਾਂਵਾਲਾ ਸਥਿਤ ਅਜੀਤ ਸਿੰਘ ਸੰਧੂ ਦੀ ਰਿਹਾਇਸ਼ਗਾਹ 'ਤੇ ਵੀ ਲਿਜਾਇਆ ਗਿਆ। ਉਸ ਦੇ ਦੱਸਣ ਅਨੁਸਾਰ ਝਬਾਲ ਦੇ ਉਸ ਸਮੇਂ ਦੇ ਐਸ ਐਚ ਓ ਸਤਨਾਮ ਸਿੰਘ ਦੇ ਆਦੇਸ਼ 'ਤੇ ਉਸ ਨੇ ਸ. ਖਾਲੜਾ ਨੂੰ ਡੌਲਿਆਂ ਤੋਂ ਪਕੜਦਿਆਂ ਸਹਾਰਾ ਦੇ ਕੇ ਉਸ ਦੀ ਮਾਰੂਤੀ ਕਾਰ ਦੀ ਪਿਛਲੀ ਸੀਟ 'ਤੇ ਬਿਠਾਇਆ। ਉਸ ਨੇ ਦੱਸਿਆ ਕਿ ਸ. ਖਾਲੜਾ ਨੂੰ ਮਾਨਾਂਵਾਲਾ ਲਿਜਾਣ ਵਾਲ ਇਸ ਕਾਰ ਨੂੰ ਖ਼ੁਦ ਸਤਨਾਮ ਸਿੰਘ ਨੇ ਚਲਾਇਆ। ਜਦੋਂ ਕਿ ਕਾਰ ਦੀ ਪਿਛਲੀ ਸੀਟ ਤੇ ਉਹ (ਕੁਲਦੀਪ ਸਿੰਘ) ਸ. ਖਾਲੜਾ ਨੂੰ ਢੋਈ ਦੇ ਕੇ ਬੈਠਾ ਹੋਇਆ ਸੀ। ਉਸ ਨੇ ਦੱਸਿਆ ਕਿ ਮਾਨਾਂਵਾਲੇ, ਅਜੀਤ ਸਿੰਘ ਸੰਧੂ ਦੀ ਕੋਠੀ ਦੇ ਮੂਹਰੇ ਜਾ ਕੇ ਸਤਨਾਮ ਸਿੰਘ ਕਾਰ ਰੋਕ ਕੇ ਸੰਧੂ ਨੂੰ ਮਿਲਣ ਅੰਦਰ ਗਿਆ ਅਤੇ ਬਾਅਦ ਵਿਚ ਸ. ਜਸਵੰਤ ਸਿੰਘ ਖਾਲੜਾ ਨੂੰ ਅਜੀਤ ਸਿੰਘ ਸੰਧੂ ਦੇ ਆਦੇਸ਼ 'ਤੇ ਕੋਠੀ ਦੇ ਇਕ ਵੱਡੇ ਕਮਰੇ ਵਿਚ ਲਿਜਾ ਕੇ ਉਸ ਨੇ ਅਤੇ ਸਤਨਾਮ ਸਿੰਘ ਨੇ ਕੁਰਸੀ 'ਤੇ ਬਿਠਾਇਆ ਅਤੇ ਬਾਅਦ ਵਿਚ ਸਤਨਾਮ ਸਿੰਘ ਨੇ ਉਸ ਨੂੰ ਬਾਹਰ ਲਾਟ ਵਿਚ ਜਾ ਕੇ ਬੈਠਣ ਅਤੇ ਉਡੀਕ ਕਰਨ ਲਈ ਕਿਹਾ। ਉਸ ਨੇ ਦੱਸਿਆ ਕਿ ਏ ਨੂੰ ਟੂ ਟੂ ਕਰਦੀਆਂ ਗੱਡੀਆਂ ਦੀ ਇਕ ਆਵਾਜ਼ ਕੋਠੀ ਦੇ ਅੱਗੇ ਆ ਕੇ ਸ਼ਾਂਤ ਹੋ ਗਈ ਅਤੇ ਇਕ ਕਾਰ ਵਿਚੋਂ ਪੰਜਾਬ ਪੁਲਿਸ ਦੇ ਤਤਕਾਲੀ ਮੁਖੀ ਕੇ ਪੀ ਐਸ ਗਿੱਲ ਅਤੇ ਉਨ੍ਹਾਂ ਨਾਲ ਇਕ ਕਲੀਨ ਸ਼ੇਵ ਪੁਲਿਸ ਅਫਸਰ, ਅਜੀਤ ਸਿੰਘ ਸੰਧੂ ਦੀ ਕੋਠੀ ਅੰਦਰ ਕੋਈ ਅੱਧਾ ਘੰਟਾ ਸ. ਖਾਲੜਾ ਨੂੰ ਮੂਹਰੇ ਬਿਠਾ ਕੇ ਗੱਲਬਾਤ ਕਰਨ ਬਾਅਦ ਕੇ ਪੀ ਐਸ ਗਿੱਲ ਆਪਣੇ ਨਾਲ ਆਏ ਪੁਲਿਸ ਅਫਸਰ ਅਤੇ ਐਸ ਐਸ ਪੀ ਤਰਨ ਤਾਰਨ ਰਹੇ ਅਜੀਤ ਸਿੰਘ ਸੰਧੂ ਨਾਲ ਉਥੋਂ ਚਲੇ ਗਏ, ਜਦਕਿ ਸਤਨਾਮ ਸਿੰਘ ਅਤੇ ਉਹ ਸ. ਜਸਵੰਤ ਸਿੰਘ ਖਾਲੜਾ ਨੂੰ ਲੈ ਕੇ ਵਾਪਸ ਝਬਾਲ ਆ ਗਏ। ਉਸ ਨੇ ਦੱਸਿਆ ਕਿ ਰਸਤੇ ਵਿਚ ਐਸ ਐਚ ਓ ਸਤਨਾਮ ਸਿੰਘ ਇਹ ਕਹਿੰਦਾ ਰਿਹਾ ਕਿ 'ਜੇਕਰ ਖਾਲੜਾ ਤੂੰ ਗਿੱਲ ਸਾਹਿਬ ਦਾ ਕਿਹਾ ਮੰਨ ਲੈਂਦਾ ਤਾਂ ਅਸੀਂ ਵੀ ਬਚ ਜਾਂਦੇ ਤੇ ਤੂੰ ਵੀ ਬਚ ਜਾਣਾ ਸੀ। ਸੁਪਰੀਮ ਕੋਰਟ ਵਿਚ ਲਵਾਰਸ ਲਾਸ਼ਾਂ ਦੀ ਰਿੱਟ ਤੋਂ ਭਲਾ ਤੈਨੂੰ ਕੀ ਕੋਹਿਨੂਰ ਮਿਲੂ।' ਕੁਲਦੀਪ ਸਿੰਘ ਦੇ ਦੱਸਣ ਅਨੁਸਾਰ ਸ. ਖਾਲੜਾ ਸਰੀਰਕ ਤੌਰ 'ਤੇ ਅਤਿ ਜ਼ਰ ਜ਼ਰ ਹਾਲਾਤ ਵਿਚ ਹੁੰਦਿਆਂ 'ਸਭ ਕੁਝ ਭਾਣੇ ਵਿਚ ਹੀ ਹੈ' ਦੇ ਆਤਮਿਕ ਬੁਲੰਦ ਭਰੇ ਲਫਜ਼ ਹੀ ਕਹਿੰਦਾ ਰਿਹਾ।

ਕੁਲਦੀਪ ਸਿੰਘ ਨੇ ਸ. ਜਸਵੰਤ ਸਿੰਘ ਖਾਲੜਾ ਦੀ ਹਲਾਕਤ ਵੇਲੇ ਦਾ ਦ੍ਰਿਸ਼ ਵਰਨਣ ਕਰਦਿਆਂ ਦੱਸਿਆ ਕਿ ਦੀਵਾਲੀ ਦੇ ਤਿਉਹਾਰ ਤੋਂ ਤਿੰਨ ਚਾਰ ਦਿਨ ਬਾਅਦ ਸ਼ਾਮੀਂ ੭.੩੦ ਵਜੇ ਡੀ ਐਸ ਪੀ ਜਸਪਾਲ ਸਿੰਘ ਆਪਣੇ ਗੰਨਮੈਨ ਅਰਵਿੰਦਰ ਸਿੰਘ ਸਮੇਤ ਥਾਣਾ ਝਬਾਲ ਆਏ ਅਤੇ ਉਨ੍ਹਾਂ ਦੇ ਮਗਰ ਮਗਰ ਹੀ ਕਾਰ ਰਾਹੀਂ ਜਸਬੀਰ ਸਿੰਘ ਐਸ ਐਚ ਓ ਮਾਨੋਚਾਹਲ, ਸੁਰਿੰਦਰਪਾਲ ਸਿੰਘ ਐਸ ਐਚ ਓ ਸਰਹਾਲੀ ਅਤੇ ਪ੍ਰਿੰਥੀਪਾਲ ਸਿੰਘ ਹੌਲਦਾਰ ਵੀ ਉਥੇ ਆ ਗਏ। ਐਸ ਪੀ ਓ ਕੁਲਦੀਪ ਸਿੰਘ ਦੇ ਦੱਸਣ ਅਨੁਸਾਰ ਸੁਰਿੰਦਰਪਾਲ ਸਿੰਘ ਦਾ ਗੰਨਮੈਨ ਬਲਵਿੰਦ ਸਿੰਘ ਘੋੜਾ ਵੀ ਉਨ੍ਹਾਂ ਦੇ ਨਾਲ ਹੀ ਸੀ। ਉਸ ਨੇ ਦੱਸਿਆ ਕਿ ਇਸ ਪਿਛੋਂ ਉਹ ਚਾਬੀ ਲੈ ਕੇ ਕੋਠੜੀ ਦਾ ਦਰਵਾਜ਼ਾ ਖੋਲ ਕੇ ਕੋਠੜੀ ਵਿਚ ਜਾ ਵੜੇ ਅਤੇ ਮੈਨੂੰ ਉਨ੍ਹਾਂ ਨੇ ਗਰਮ ਪਾਣੀ ਕਰਕੇ ਲਿਆਉਣ ਲਈ ਕਿਹਾ। ਐਸ ਪੀ ਓ ਕੁਲਦੀਪ ਸਿੰਘ ਦੇ ਦੱਸਣ ਮੁਤਾਬਕ ਥੋੜੇ ਚਿਰ ਬਾਅਦ ਹੀ ਸ. ਖਾਲੜਾ ਦੀ ਮਾਰਕੁੱਟ ਪਿਛੋਂ ਉਸ ਨੇ ਪਿਸਤੌਲ ਦੇ ਦੋ ਫਾਇਰਾਂ ਦੀ ਆਵਾਜ਼ ਸੁਣੀ। ਕੁਲਦੀਪ ਸਿੰਘ ਨੇ ਦੱਸਿਆ ਕਿ ਜਦੋਂ ਉਹ ਗਰਮ ਪਾਣੀ ਛੱਡ ਕੇ ਅਸਾਲਟ ਚੁੱਕੀ ਬਾਹਰ ਆਇਆ ਤਾਂ ਬਲਵਿੰਦਰ ਸਿੰਘ ਘੋੜਾ ਮਾਰੂਤੀ ਵੈਨ ਦੀ ਡਿੱਕੀ ਖੋਲ ਰਿਹਾ ਸੀ। ਡਿੱਕੀ ਖੋਲ ਣ ਪਿਛੋਂ ਬਲਵਿੰਦਰ ਘੋੜਾ ਅਤੇ ਅਰਵਿੰਦਰ ਸਿੰਘ ਦੋਵਾਂ ਪੁਲਿਸ ਅਧਿਕਾਰੀਆਂ ਦੇ ਅੰਗ ਰੱਖਿਅਕਾਂ ਨੇ ਸ. ਖਾਲੜਾ ਦੀ ਖ਼ੂਨ ਵਿਚ ਲੱਥ ਪੱਥ ਮ੍ਰਿਤਕ ਦੇਹ ਕੋਠੜੀ ਵਿਚੋਂ ਕੱਢ ਕੇ ਲਿਆਂਦੀ ਤੇ ਭੂਆਂ ਕੇ ਡਿੱਕੀ ਵਿਚ ਸੁੱਟਦਿਆਂ ਕਾਰ ਦੀ ਡਿੱਕੀ ਮਾਰ ਦਿੱਤੀ। ਉਸ ਨੇ ਦੱਸਿਆ ਕਿ ਹਰੀਕੇ ਪੱਤਣ ਦੀਆਂ ਭੁੱਖੀਆਂ ਮੱਛੀਆਂ ਦੀ ਖ਼ੁਰਾਕ ਬਣਨ ਲਈ ਲਿਜਾਈ ਜਾ ਰਹੀ ਸ. ਖਾਲੜਾ ਦੀ ਲਾਸ਼ ਵਾਲੀ ਵੈਨ ਨੂੰ ਬਲਵਿੰਦਰ ਸਿੰਘ ਘੋੜਾ ਚਲਾ ਰਿਹਾ ਸੀ, ਜਦਕਿ ਪ੍ਰਿਥੀਪਾਲ ਸਿੰਘ ਅਤੇ ਅਰਵਿੰਦਰ ਸਿੰਘ ਵੀ ਉਸ ਵਿਚ ਬੈਠੇ ਹੋਏ ਸਨ। ਉਸ ਨੇ ਦੱਸਿਆ ਕਿ ਇਸ ਪਿਛੋਂ ਆ ਰਹੀ ਮਾਰੂਤੀ ਕਾਰ ਵਿਚ ਡੀ ਐਸ ਪੀ ਜਸਪਾਲ ਸਿੰਘ ਅਤੇ ਜਸਬੀਰ ਸਿੰਘ (ਉਸ ਵੇਲੇ ਐਸ ਐਚ ਓ ਮਾਨੋਚਾਹਲ) ਸਵਾਰ ਸਨ ਅਤੇ ਇਸ ਪਿਛੋਂ ਤੀਸਰੀ ਮਾਰੂਤੀ ਕਾਰ ਵਿਚ ਉਹ ਐਸ ਐਚ ਓ ਝਬਾਲ ਸਤਨਾਮ ਸਿੰਘ ਅਤੇ ਐਸ ਐਚ ਓ ਸਰਹਾਲੀ ਸੁਰਿੰਦਰਪਾਲ ਸਿੰਘ ਨਾਲ ਬੈਠਾ ਹੋਇਆ ਸੀ। ਉਸ ਨੇ ਦੱਸਿਆ ਕਿ ਹਰੀਕੇ ਪੱਤਣ ਲੰਘਕੇ ਜਿਥੇ ਦੋ ਨਹਿਰਾਂ ਲੰਘਦੀਆਂ ਹਨ, ਵਿਖੇ ਰਾਤੀਂ ੧੦ ਵਜੇ ਦੇ ਕਰੀਬ ਪੁੱਜ ਕੇ ਅਰਵਿੰਦਰ ਸਿੰਘ ਤੇ ਬਲਵਿੰਦਰ ਸਿੰਘ ਘੋੜੇ ਨੇ ਲਾਸ਼ ਨਹਿਰ ਵਿਚ ਸੁੱਟ ਦਿੱਤੀ। ਧੜੰਮ ਦੀ ਆਵਾਜ਼ ਨਾਲ ਲਾਸ਼ ਪਾਣੀਆਂ ਦੇ ਬਿੱਲੇ ਲੱਗਦਿਆਂ ਹੀ ਇਕੇਰਾਂ ਤੇ ਜਿਵੇਂ ਉਸ ਨੇ ਖੜੇ ਖੜੋਤੇ ਸਕਤਾ ਜਿਹਾ ਮਾਰ ਗਿਆ ਅਤੇ ਪਿਛੋਂ ਉਹ ਸਾਰੇ ਹਰੀਕੇ ਰੈਸਟ ਹਾਊਸ ਵਿਚ ਆ ਗਏ। ਜਿਥੇ ਬਲਵਿੰਦਰ ਸਿੰਘ ਘੋੜਾ, ਪ੍ਰਿੰਥੀਪਾਲ, ਅਰਵਿੰਦਰ ਸਿੰਘ ਅਤੇ ਉਸ ਲਈ ਜੀਭ ਦੀ ਤਰਾਵਟ ਵਾਸਤੇ ਪੁਲਿਸ ਅਫਸਰਾਂ ਨੇ ਦੋ ਵਧੀਆ ਸ਼ਰਾਬ ਦੀਆਂ ਬੋਤਲਾਂ ਭੇਜੀਆਂ ਅਤੇ ਖ਼ੁਦ ਰੈਸਟ ਹਾਊਸ ਦੇ ਬੰਗਲੇ ਵਿਚ ਆਨੰਦ ਮੰਗਲ ਮਾਣਦੇ ਰਹੇ।

ਐਸ ਪੀ ਓ ਦੇ ਦੱਸਣ ਅਨੁਸਾਰ ਉਹ ਰਾਤੀਂ ੧੨ ਵਜੇ ਤੋਂ ਬਾਅਦ ਉਸ ਦਿਨ ਮਾਰੂਤੀ ਕਾਰ 'ਤੇ ਥਾਣਾ ਝਬਾਲ ਆ ਕੇ ਵੜੇ। ਇਸ ਵਾਰਦਾਤ ਦੇ ਚਾਰ ਦਿਨ ਪਿਛੋਂ ਅਜੀਤ ਸਿੰਘ ਸੰਧੂ ਨੇ ਉਸ ਨੂੰ ਸੱਦਿਆ ਅਤੇ ਉਸ ਨੂੰ ਇਹ ਕਿਹਾ ਕਿ 'ਜੋ ਕੁਝ ਵੀ ਕਾਕਾ ਤੂੰ ਉਸ ਦਿਨ ਵੇਖਿਆ ਹੈ, ਉਸ ਨੂੰ ਸੁਪਨੇ ਵਾਂਗ ਭੁੱਲ ਜਾਹ...ਇਹਦੇ 'ਚ ਹੀ ਤੇਰੀ ਜ਼ਿੰਦਗੀ ਦੀ ਬੇਹਤਰੀ ਛੁਪੀ ਹੈ...ਤੂੰ ਫਿਕਰ ਨਾ ਕਰੀਂ ਐਡੀਸ਼ਨਲ ਡੀ ਜੀ ਪੀ ਨੂੰ ਕਹਿ ਕੇ ਤੈਨੂੰ ਪੀ.ਏ.ਪੀ. ਦਾ ਨੰਬਰ ਤਾਂ ਦੁਆ ਹੀ ਦਿਆਂਗੇ।' ਪਿਛੋਂ ਕਾਂਸਟੇਬਲ ਦੇ ਨੰਬਰ ਦੀ ਮੰਗ ਕਰਨ 'ਤੇ ਸਤਨਾਮ ਸਿੰਘ ਨੇ ਕਿਹਾ ਕਿ ਤੇਰੇ ਵਰਗੇ ਵੀਹ ਐਸ ਪੀ ਓ ਤੁਰੇ ਫਿਰਦੇ ਹਨ।

# ਭਾਈ ਕਾਨ੍ਹ ਸਿੰਘ ਜੀ ਦੀਆਂ ਲਿਖਤਾਂ



ਜਦ ਕੋਈ ਭਾਈ ਕਾਨ੍ਹ ਸਿੰਘ ਜੀ ਦੀਆਂ ਲਿਖਤਾਂ ਨੂੰ ਪੜ੍ਹਦਾ ਹੈ, ਤਾਂ ਉਹ ਹੈਰਾਨ ਰਹਿ ਜਾਂਦਾ ਹੈ, ਕਿ ਕੋਈ ਇੱਕ ਇਨਸਾਨ ਆਪਣੇ ਜ਼ਿੰਦਗੀ ਵਿੱਚ ਐਨਾ ਸਾਰਾ ਗਿਆਨ ਕਿਵੇਂ ਹਾਸਿਲ ਕਰ ਸਕਦਾ ਹੈ, ਉਹਨਾਂ ਜੋ ਕਿਤਾਬਾਂ ਲਿਖੀਆਂ, ਉਹ 100 ਸਾਲ ਬਾਅਦ ਵੀ ਨਿਰੰਤਰ ਪੜ੍ਹੀਆਂ ਜਾ ਰਹੀਆਂ ਹਨ, ਉਹਨਾਂ ਦੀ ਖੋਜ ਅੱਗੇ ਮੇਰਾ ਵੀ ਸਿਰ ਝੁਕਦਾ ਹੈ, ਉਹ ਸਿਰਫ ਇੱਕ ਲਿਖਾਰੀ ਹੀਂ ਨਹੀਂ, ਇਕ ਉੱਘੇ ਵਕੀਲ ਵੀ ਸਨ, ਫਿਰ ਜੱਜ ਵੀ ਰਹੇ, ਫਿਰ ਇੱਕ ਕਵੀ ਵੀ, ਕੌਮ ਲਈ ਉਹਨਾਂ ਕਈ ਵੱਡੇ ਵੱਡੇ ਕਾਰਜ ਕੀਤੇ ਅੱਜ ਉਹਨਾਂ ਦਾ ਜਨਮਦਿਨ ਹੈ, ਮੈਂ ਆਪ ਸਭਨੂੰ ਉਹਨਾਂ ਦੇ ਜਨਮਦਿਨ ਦੀ ਬਹੁਤ ਬਹੁਤ ਵਧਾਈ ਦਿੰਦਾ ਹਾਂ ।

ਭਾਈ ਕਾਨ੍ਹ ਸਿੰਘ ਦਾ ਜਨਮ 30 ਅਗਸਤ 1861 ਨੂੰ ਉਦੋਂ ਦੀ ਰਿਆਸਤ ਪਟਿਆਲਾ ਦੇ ਇਕ ਪਿੰਡ 'ਸਬਜ਼ ਬਨੇਰਾ' ਵਿੱਚ ਹੋਇਆ। ਆਪ ਦੇ ਪਿਤਾ ਬਾਬਾ ਨਾਰਾਯਣ ਸਿੰਘ ਅਤੇ ਮਾਤਾ ਹਰਿ ਕੌਰ ਸਨ। ਇਨ੍ਹਾਂ ਦੀ ਇਕ ਛੋਟੀ ਭੈਣ ਬੀਬੀ ਕਾਨ੍ਹ ਕੌਰ ਬਹੁਤ ਛੋਟੀ ਉਮਰ ਵਿੱਚ ਹੀ ਗੁਜ਼ਰ ਗਈ ਸੀ। ਇਨ੍ਹਾਂ ਦੇ ਦੋ ਛੋਟੇ ਭਰਾ ਸਰਦਾਰ ਮੀਹਾਂ ਸਿੰਘ ਅਤੇ ਭਾਈ ਬਿਸ਼ਨ ਸਿੰਘ ਸਨ।

ਇਨ੍ਹਾਂ ਦੇ ਪਿਤਾ ਬਾਬਾ ਨਾਰਾਯਣ ਸਿੰਘ ਨਾਭੇ ਦੇ ਪ੍ਰਸਿੱਧ ਗੁਰਦੁਆਰੇ, ਬਾਬਾ ਅਜਾਪਾਲ ਸਿੰਘ ਦੇ ਤਪ ਅਸਥਾਨ ਦੇ ਪ੍ਰਮੁੱਖ ਸੇਵਾਦਾਰ ਸਨ। ਬਾਬਾ ਨਾਰਾਯਣ ਸਿੰਘ ਇਕ ਧਾਰਮਿਕ ਬ੍ਰਿਤੀ ਵਾਲੇ ਸੰਸਕਾਰ ਰੱਖਦੇ ਹਨ। ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰਾ ਪਾਠ ਯਾਦ ਸੀ। ਉਨ੍ਹਾਂ ਨੇ ਆਪਣੇ ਸਪੁੱਤਰ ਕਾਨ੍ਹ ਸਿੰਘ ਨੂੰ ਵੀ ਚਾਰ ਸਾਲਾਂ ਦੀ ਛੋਟੀ ਉਮਰ ਵਿੱਚ ਹੀ ਗੁਰਮਤਿ ਦੀ ਸਿੱਖਿਆ ਦੇਣੀ ਸ਼ੁਰੂ ਕਰ ਦਿੱਤੀ। ਅਤੇ 7 ਸਾਲ ਦੀ ਉਮਰ ਤਕ ਉਹ ਸ਼ੁਧ ਪਾਠ ਕਰਨ ਲਗ ਪਏ ਸਨ । ਭਾਈ ਕਾਨ੍ਹ ਸਿੰਘ ਨੇ ਆਪਣੇ ਨੌਵੇਂ ਸਾਲ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪਾਠ ਸੰਪੂਰਨ ਕਰ ਲਿਆ ਸੀ।

ਇਨ੍ਹਾਂ ਨੇ ਵੱਖ-ਵੱਖ ਪ੍ਰਸਿੱਧ ਗਿਆਨੀਆਂ ਤੇ ਅਧਿਆਪਕਾਂ ਤੋਂ ਸੰਸਕ੍ਰਿਤ, ਨਿਆਏ, ਵੇਦਾਂਤ, ਛੰਤ ਸ਼ਾਸਤਰ, ਬ੍ਰਜ ਵਿੱਚ ਕਾਵਿ ਰਚਨਾ ਅਤੇ ਸੰਗੀਤ ਬਾਰੇ ਜਾਣਕਾਰੀ ਲਈ। ਉਹਨਾਂ ਨੇ ਦਿੱਲੀ ਤੇ ਲਖਨਊ ਦੇ ਵਿਦਵਾਨਾਂ ਪਾਸੋਂ ਅਰਬੀ ਤੇ ਫਾਰਸੀ ਸਿੱਖੀ। ਉੱਥੇ ਹੀ ਉਨ੍ਹਾਂ ਦਾ ਮਿਲਾਪ ਪ੍ਰੋਫੈਸਰ ਗੁਰਮੁੱਖ ਸਿੰਘ ਨਾਲ ਹੋਇਆ। ਪ੍ਰੋ. ਗੁਰਮੁੱਖ ਸਿੰਘ ਤੋਂ ਅੰਗਰੇਜ਼ੀ ਪੜ੍ਹੀ ਅਤੇ ਹੋਰ ਵੀ ਬਹੁਤ ਨਵੇਂ ਅਨੁਭਵ ਪ੍ਰਾਪਤ ਕੀਤੇ ਜਿਵੇਂ ਸਭਾ ਵਿੱਚ ਤਕਰੀਰ ਦੇਣੀ ਆਦਿ।

ਇਸ ਸਮੇਂ ਤੱਕ ਭਾਈ ਕਾਨ੍ਹ ਸਿੰਘ ਦੀ ਸਿਆਣਪ, ਵਿੱਦਵਤਾ ਮਹਾਰਾਜਾ ਹੀਰਾ ਸਿੰਘ ਤੱਕ ਪਹੁੰਚ ਚੁੱਕੀ ਸੀ। ਇਨ੍ਹਾਂ ਦੀ ਸੁਘੜਤਾ ਕਰਕੇ ਮਹਾਰਾਜਾ ਨੇ ਇਨ੍ਹਾਂ ਨੂੰ ਆਪਣਾ ਸਲਾਹਕਾਰ ਨਿਯੁਕਤ ਕੀਤਾ ਅਤੇ ਆਪਣੇ ਇਕਲੌਤੇ ਪੁੱਤਰ ਟਿੱਕਾ ਰਿਪੁਦਮਨ ਸਿੰਘ ਦਾ ਟਿਊਟਰ (ਉਸਤਾਦ) ਨਿਯੁਕਤ ਕੀਤਾ।

ਭਾਈ ਕਾਨ੍ਹ ਸਿੰਘ ਮਹਾਰਾਜਾ ਹੀਰਾ ਸਿੰਘ ਦੇ ਪ੍ਰਾਈਵੇਟ ਸਕੱਤਰ,

**ਸਿਟੀ ਮੈਜਿਸਟਰੇਟ,**

**ਫਾਰੇਨ ਮਨਿਸਟਰ,**

**ਡਿਪਟੀ ਕਮਿਸ਼ਨਰ (ਜ਼ਿਲ੍ਹਾ ਫੂਲ),**

**ਜੱਜ ਹਾਈ ਕੋਰਟ ਨਾਭਾ**

ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੀ ਧਾਰਮਿਕ ਸਲਾਹਕਾਰ ਕਮੇਟੀ ਦੀ ਮੈਂਬਰੀ ਵੀ ਕੀਤੀ।"

ਭਾਈ ਕਾਨ੍ਹ ਸਿੰਘ ਨੇ ਮੈਕਸ ਆਰਥਰ ਮੈਨਾ ਦੀ ਪ੍ਰਸਿੱਧ ਪੁਸਤਕ- 'ਦੀ ਸਿੱਖ ਰਿਲੀਜੀਅਨ' ਦੀ ਰਚਨਾ ਵਿੱਚ ਬਹੁਤ ਮਦਦ ਕੀਤੀ। ਇਸ ਕਿਤਾਬ ਤੋਂ ਪਹਿਲਾਂ ਅੰਗਰੇਜ਼ੀ ਭਾਸ਼ਾ ਵਿੱਚ ਸਿੱਖ ਧਰਮ ਤੇ ਕੋਈ ਅਜਿਹੀ ਲਿਖਤ ਨਹੀਂ ਸੀ। ਇਨ੍ਹਾਂ ਦੀਆਂ ਲਿਖਤਾਂ ਤੇ ਭਾਸ਼ਣ ਨੇ ਸਿੱਖ ਨੌਜਵਾਨਾਂ ਨੂੰ ਆਧੁਨਿਕ ਵਿੱਦਿਆ ਵੱਲ ਪ੍ਰੇਰਿਆ।

ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਬਹੁਤ ਸਾਰੇ ਕਾਰਜ ਕੀਤੇ, ਉਹਨਾਂ ਨੇ ਵਿੱਦਿਅਕ ਸੰਸਥਾਵਾਂ ਕਾਇਮ ਕੀਤੀਆਂ। ਪੁਰਾਤਨ ਗ੍ਰੰਥਾਂ ਦੀ ਜਾਣਕਾਰੀ ਆਪਣੀ ਕੌਮ ਦੀ ਝੋਲੀ 'ਚ ਪਾਈ। ਸਿੱਖ ਇਤਿਹਾਸ ਦਾ ਸਾਹਿਤ ਇਕੱਤਰ ਕਰਨ ਲਈ ਕਾਬਲ ਤੇ ਪਹਾੜੀ ਰਿਆਸਤਾਂ ਦਾ ਸਫ਼ਰ ਕੀਤਾ। ਆਪਣੇ ਬੋਲ (ਭਾਸ਼ਣ) ਅਤੇ ਲਿਖਤ ਨੂੰ ਸੂਝ-ਬੂਝ ਨਾਲ ਨਿਭਾਇਆ।

ਮਨੁੱਖਾ ਜੀਵਨ ਦੇ ਹਰ ਪੱਖ ਨੂੰ ਕਲਮਬੱਧ ਕੀਤਾ। 1934 ਵਿੱਚ ਸਿੱਖਾਂ ਨੂੰ ਸਰਕਾਰੀ ਨੌਕਰੀਆਂ ਵਿੱਚ ਹੱਕ ਦਿਵਾਉਣ ਲਈ ਵਫ਼ਦ ਦੀ ਅਗਵਾਈ ਕਰਦੇ ਰਹੇ। ਯੰਗਮੈਨ ਐਸੋਸੀਏਸ਼ਨ ਸ਼ਿਮਲਾ ਦੀ ਸਥਾਪਨਾ 1933 ਈਸਵੀ ਵਿੱਚ ਕਰਕੇ ਆਪਣੇ ਜੀਵਨ ਦੇ ਅੰਤ ਤੱਕ ਇਸ ਦੀ ਅਗਵਾਈ ਕਰਦੇ ਰਹੇ।

ਆਪ ਜੀ ਨੇ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ

ਸਿੱਖੀ ਅਤੇ ਪੰਜਾਬੀ ਦੇ ਵਿਸ਼ਵ ਗਿਆਨ ਕੋਸ਼ ਦਾ ਦਰਜਾ ਹਾਸਲ ਕਰਨ ਵਾਲ਼ਾ ਸ਼ਬਦ ਕੋਸ਼, ਮਹਾਨ ਕੋਸ਼, 14 ਸਾਲਾਂ ਦੀ ਖੋਜ ਤੋਂ ਬਾਅਦ 1926 ਵਿੱਚ ਮੁਕੰਮਲ ਹੋਇਆ।

ਇਸ ਤੋਂ ਬਿਨਾਂ

**ਗੁਰਮਤ ਪ੍ਰਭਾਕਰ,**

**ਗੁਰਮਤ ਸੁਧਾਕਰ,**

**ਗੁਰਛੰਦ ਦੀਵਾਕਰ,**

**ਗੁਰਸ਼ਬਦ ਆਲੰਕਾਰ,**

**ਗੁਰਮਤ ਮਾਰਤੰਡ,**

ਸਰਾਬ ਨਿਸ਼ੇਧ, ਰੂਪ ਦੀਪ ਪਿੰਗਲ ਆਦਿ ਕਈ ਕਿਤਾਬਾਂ ਲਿਖੀਆਂ।

ਪੰਜਾਬੀ ਦੇ ਇਹ ਮਹਾਨ ਸਪੂਤ 23 ਨਵੰਬਰ, 1938 ਨੂੰ ਨਾਭੇ ਸਕੱਤਰੇਤ ਦੀ ਨਵੀਂ ਬਣੀ ਇਮਾਰਤ ਦੇ ਉਦਘਾਟਨ ਵਾਲੇ ਦਿਨ ਸਮਾਰੋਹ ਤੋਂ ਵਾਪਸ ਆਉਣ 'ਤੇ ਦੁਪਹਿਰ ਭੋਜ ਬਾਅਦ ਆਰਾਮ ਕਰਨ ਸਮੇਂ ਅਚਾਨਕ ਦਿਲ ਦੀ ਧੜਕਣ ਰੁਕਣ ਕਾਰਨ 77 ਸਾਲ ਦੀ ਉਮਰ ਵਿਚ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ, ਪਰ ਉਨ੍ਹਾਂ ਦੁਆਰਾ ਲਿਖਿਆ ਮਹਾਨ ਗ੍ਰੰਥ, ਮਹਾਨ ਵਿਸ਼ਵ-ਕੋਸ਼ "ਮਹਾਨ ਕੋਸ਼" ਪੰਜਾਬੀ ਬੋਲੀ ਦੇ ਆਸ਼ਕਾਂ ਦੇ ਦਿਲੋ ਦਿਮਾਗ ਵਿਚ ਹਮੇਸ਼ਾ ਰਹੇਗਾ।

# ਸ਼ਹੀਦ ਭਾਈ ਭਾਗ ਸਿੰਘ ਭਿੱਖੀਵਿੰਡ



ਲੇਖਕ : ਡਾ. ਚਰਨਜੀਤ ਸਿੰਘ ਗੁਮਟਾਲਾ
ਸੰਪਰਕ : 0019375739812

ਭਾਈ ਭਾਗ ਸਿੰਘ ਦਾ ਜਨਮ 1872 ਈ. ਨੂੰ ਤਰਨਤਾਰਨ ਦੇ ਸਰਹੱਦੀ ਨਗਰ ਭਿੱਖੀਵਿੰਡ ਵਿਖੇ ਹੋਇਆ ਸੀ। ਆਪ ਦੇ ਪਿਤਾ ਦਾ ਨਾਂ ਨਰਾਇਣ ਸਿੰਘ ਸੰਧੂ ਤੇ ਮਾਤਾ ਦਾ ਨਾਂ ਬੀਬੀ ਮਾਨ ਕੌਰ ਸੀ। ਵੀਹ ਸਾਲ ਦੀ ਉਮਰ 'ਚ ਉਹ ਦਸਵੀਂ ਬੰਗਾਲ ਲੈਂਸਰ ਰੈਜੀਮੈਂਟ ਵਿਚ ਭਰਤੀ ਹੋ ਗਏ ਪਰ ਪੰਜ ਸਾਲ ਪਿੱਛੋਂ ਅਸਤੀਫ਼ਾ ਦੇ ਦਿੱਤਾ। ਕੁਝ ਸਮੇਂ ਪਿੱਛੋਂ ਹਾਂਗਕਾਂਗ ਚਲੇ ਗਏ ਤੇ ਉੱਥੇ ਪੁਲਿਸ ਵਿਚ ਭਰਤੀ ਹੋ ਗਏ। ਡੇਢ ਸਾਲ ਨੌਕਰੀ ਕਰਨ ਪਿੱਛੋਂ ਉਹ ਹਾਂਗਕਾਂਗ ਤੋਂ ਚੀਨ ਦੇ ਸ਼ਹਿਰ ਸ਼ੰਘਾਈ ਜਾ ਕੇ ਉੱਥੋਂ ਦੀ ਮਿਊਂਸੀਪਲ ਪੁਲਿਸ ਵਿਚ ਭਰਤੀ ਹੋ ਗਏ। ਫਿਰ 1906 'ਚ ਨੌਕਰੀ ਛੱਡ ਕੇ ਕੈਨੇਡਾ ਚਲੇ ਗਏ।

ਵੈਨਕੂਵਰ ਆ ਕੇ ਉਨ੍ਹਾਂ ਨੂੰ ਨਸਲੀ ਵਿਤਕਰੇ ਦਾ ਸ਼ਿਕਾਰ ਹੋਣਾ ਪਿਆ। ਗੋਰੇ ਬੱਚੇ ਭਾਰਤੀਆਂ ਨੂੰ 'ਹੈਲੋ ਇੰਡੀਅਨ ਸਲੇਵ' ਭਾਵ ਹੈਲੋ ਭਾਰਤੀ ਗ਼ੁਲਾਮੋਂ ਕਹਿ ਕੇ ਬੁਲਾਉਂਦੇ ਸਨ। ਵੋਟਾਂ ਦੇ ਲਾਲਚ ਵਿਚ ਗੋਰੇ ਹਿੰਦੁਸਤਾਨੀਆਂ ਵਿਰੁੱਧ ਜ਼ਹਿਰ ਉਗਲ ਰਹੇ ਸਨ। ਵੈਨਕੂਵਰ 'ਚ ਉਨ੍ਹਾਂ ਦੀ ਨੇੜਤਾ ਬੰਗਾਲੀ ਇਨਕਲਾਬੀ ਬਾਬੂ ਤਾਰਕਨਾਥ ਨਾਲ ਹੋਈ ਤੇ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਇਸ ਵਿਤਕਰੇ ਭਰੇ ਮਾਹੌਲ ਲਈ ਗ਼ੁਲਾਮੀ ਜ਼ਿੰਮੇਵਾਰ ਹੈ। ਉਨ੍ਹਾਂ ਨੇ ਹਿੰਦੁਸਤਾਨੀਆਂ ਨੂੰ ਦੇਸ਼ ਨੂੰ ਗ਼ੁਲਾਮੀ ਤੋਂ ਮੁਕਤ ਕਰਨ ਦਾ ਹੋਕਾ ਦੇਣਾ ਸ਼ੁਰੂ ਕਰ ਦਿੱਤਾ।

ਭਾਈ ਭਾਗ ਸਿੰਘ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਵੈਨਕੂਵਰ ਵਿਚ ਉੱਤਰੀ ਅਮਰੀਕਾ ਦਾ ਸਭ ਤੋਂ ਪਹਿਲਾ ਗੁਰਦੁਆਰਾ ਬਣਾਇਆ। ਇਹ ਗੁਰਦੁਆਰਾ 19 ਜਨਵਰੀ 1908 ਨੂੰ ਖੁੱਲ੍ਹਿਆ ਜੋ ਧਾਰਮਿਕ ਸਰਗਰਮੀਆਂ ਦੇ ਨਾਲ ਸਮਾਜਿਕ ਤੇ ਰਾਜਨੀਤਕ ਗਤੀਵਿਧੀਆਂ ਦਾ ਕੇਂਦਰ ਵੀ ਬਣ ਗਿਆ। ਉਹ ਕੈਨੇਡਾ ਵਿਚ ਬਣੀਆਂ ਸੋਸ਼ਲਿਸਟ ਜਥੇਬੰਦੀਆਂ ਦੇ ਵੀ ਅਹੁਦੇਦਾਰ ਰਹੇ। ਉਨ੍ਹਾਂ ਨੇ ਭਾਈ ਬਲਵੰਤ ਸਿੰਘ, ਖ਼ਾਲਸਾ ਦੀਵਾਨ ਸੁਸਾਇਟੀ ਦੀ ਕਾਰਜਕਾਰਨੀ ਦੇ ਅਹੁਦੇਦਾਰਾਂ ਨਾਲ ਰਲ ਕੇ ਵੈਨਕੂਵਰ 'ਚ ਸੋਸ਼ਲਿਸਟ ਪਾਰਟੀ ਆਫ ਕੈਨੇਡਾ ਦੀ ਇਕ ਵਿਸ਼ੇਸ਼ ਸ਼ਾਖਾ ਕਾਇਮ ਕੀਤੀ।

ਸਿਆਸੀ ਚੇਤਨਾ ਵਧਦੀ ਵੇਖ ਕੇ ਕੈਨੇਡੀਅਨ ਸਰਕਾਰ ਨੇ ਹਿੰਦੁਸਤਾਨੀਆਂ ਦੇ ਕੈਨੇਡਾ ਵਿਚ ਦਾਖ਼ਲੇ ਨੂੰ ਰੋਕਣ ਲਈ ਕਈ ਤਰ੍ਹਾਂ ਦੇ ਯਤਨ ਕਰਨੇ ਸ਼ੁਰੂ ਕਰ ਦਿੱਤੇ। 1908 ਵਿਚ ਇਹ ਕਾਨੂੰਨ ਬਣਾਇਆ ਗਿਆ ਕਿ ਕੈਨੇਡਾ ਵਿਚ ਉਹੀ ਆ ਸਕਦਾ ਹੈ ਜਿਸ ਕੋਲ 200 ਡਾਲਰ ਨਕਦ ਹੋਣ ਅਤੇ ਉਹ ਹਿੰਦੁਸਤਾਨ ਤੋਂ ਸਿੱਧਾ ਕੈਨੇਡਾ ਆਵੇ। ਉਸ ਸਮੇਂ ਕੋਈ ਵੀ ਜਹਾਜ਼ ਸਿੱਧਾ ਨਹੀਂ ਸੀ ਆਉਂਦਾ। ਇਸ ਤਰ੍ਹਾਂ ਹਿੰਦੁਸਤਾਨੀਆਂ ਦਾ ਇਕ ਤਰ੍ਹਾਂ ਨਾਲ ਦਾਖ਼ਲਾ ਬੰਦ ਹੋ ਗਿਆ।

ਅਪ੍ਰੈਲ 1913 ਵਿਚ ਜਦ ਅਮਰੀਕਾ ਵਿਚ ਗ਼ਦਰ ਪਾਰਟੀ ਬਣੀ ਤਾਂ ਭਾਈ ਭਾਗ ਸਿੰਘ ਇਸ ਦੇ ਮੈਂਬਰ ਬਣ ਗਏ। ਜਦ ਗ਼ਦਰ ਪਾਰਟੀ ਨੇ 1 ਨਵੰਬਰ 1913 ਨੂੰ ਸਾਨ ਫਰਾਂਸਿਸਕੋ ਤੋਂ ਉਰਦੂ ਵਿਚ ਹਫ਼ਤਾਵਾਰੀ 'ਗ਼ਦਰ' ਅਖ਼ਬਾਰ ਕੱਢਿਆ ਤਾਂ ਭਾਈ ਭਾਗ ਸਿੰਘ ਨੇ ਅਖ਼ਬਾਰ ਮੰਗਵਾਉਣਾ ਸ਼ੁਰੂ ਕਰ ਦਿੱਤਾ। ਇਹ ਅਖ਼ਬਾਰ ਗੁਰਦੁਆਰੇ ਦੀਆਂ ਮੀਟਿੰਗਾਂ ਵਿਚ ਪੜ੍ਹਿਆ ਜਾਂਦਾ। ਉਨ੍ਹਾਂ ਦੀ ਪ੍ਰੇਰਨਾ ਸਦਕਾ ਸੈਂਕੜੇ ਹਿੰਦੁਸਤਾਨੀ ਗ਼ਦਰ ਪਾਰਟੀ ਦੇ ਮੈਂਬਰ ਬਣ ਗਏ ਤੇ ਹਜ਼ਾਰਾਂ ਡਾਲਰ ਚੰਦਾ ਇਕੱਠਾ ਕਰ ਕੇ ਗ਼ਦਰ ਪਾਰਟੀ ਦੇ ਮੁੱਖ ਦਫ਼ਤਰ ਸਾਨ ਫਰਾਂਸਿਸਕੋ ਭੇਜਿਆ।

ਕਾਮਾਗਾਟਾਮਾਰੂ ਜਹਾਜ਼ 23 ਮਈ 1914 ਨੂੰ 376 ਮੁਸਾਫਰਾਂ ਸਮੇਤ ਵੈਨਕੂਵਰ ਆਣ ਪੁੱਜਾ। ਇਮੀਗ੍ਰੇਸ਼ਨ ਅਧਿਕਾਰੀਆਂ ਨੇ ਮੁਸਾਫਰਾਂ ਨੂੰ ਉਤਰਨ ਨਾ ਦਿੱਤਾ। ਭਾਈ ਭਾਗ ਸਿੰਘ ਨੇ ਯੂਨਾਈਟਿਡ ਇੰਡੀਆ ਲੀਗ ਦੇ ਪ੍ਰਧਾਨ ਹੁਸੈਨ ਰਹੀਮ ਨੂੰ ਨਾਲ ਲੈ ਕੇ ਮੁਸਾਫਰਾਂ ਦੀ ਸਹਾਇਤਾ ਲਈ 15 ਮੈਂਬਰੀ ਕਮੇਟੀ ਬਣਾਈ। ਕਮੇਟੀ ਨੇ ਚੰਦਾ ਇਕੱਠਾ ਕਰ ਕੇ ਲੋੜੀਂਦੀ ਕਾਨੂੰਨੀ ਕਾਰਵਾਈ ਕੀਤੀ ਪਰ ਕੈਨੇਡਾ ਸਰਕਾਰ ਨੇ ਆਪਣੇ ਹੀ ਕਾਨੂੰਨਾਂ ਦੀ ਉਲੰਘਣਾ ਕਰ ਕੇ ਕਾਮਾਗਾਟਾਮਾਰੂ ਜਹਾਜ਼ ਨੂੰ ਵਾਪਸ ਭੇਜ ਦਿੱਤਾ।

ਪਹਿਲਾ ਆਲਮੀ ਯੁੱਧ 4 ਅਗਸਤ 1914 ਨੂੰ ਸ਼ੁਰੂ ਹੋ ਗਿਆ ਸੀ। ਵੱਡੀ ਗਿਣਤੀ ਵਿਚ ਦੇਸ਼ ਭਗਤ ਗ਼ਦਰੀ ਯੋਧੇ ਕੈਨੇਡਾ ਅਤੇ ਅਮਰੀਕਾ ਤੋਂ ਹਿੰਦੁਸਤਾਨ ਵੱਲ ਨੂੰ ਕੂਚ ਕਰ ਗਏ। ਭਾਈ ਭਾਗ ਸਿੰਘ ਵੀ ਜਾਣਾ ਚਾਹੁੰਦੇ ਸਨ ਪਰ ਪੌਣੇ ਤਿੰਨ ਸਾਲ ਦੇ ਪੁੱਤਰ ਜੁਗਿੰਦਰ ਸਿੰਘ ਅਤੇ ਛੇ ਮਹੀਨੇ ਦੀ ਧੀ ਕਰਮ ਕੌਰ ਦੀ ਸੰਭਾਲ ਵਿਚ ਦੇਰ ਹੋਣ ਕਰਕੇ ਉਹ ਜਾ ਨਾ ਸਕੇ।

ਉਧਰ ਬੇਲਾ ਸਿੰਘ ਜਿਆਣ ਨੇ 22 ਅਤੇ 25 ਅਗਸਤ 1914 ਨੂੰ ਵੈਨਕੂਵਰ ਅਤੇ ਵਿਕਟੋਰੀਆ ਦੇ ਘਾਟਾਂ ਤੋਂ ਜਹਾਜ਼ਾਂ 'ਤੇ ਚੜ੍ਹਨ ਵਾਲੇ ਹਿੰਦੁਸਤਾਨੀਆਂ ਨੂੰ ਡਰਾਇਆ-ਧਮਕਾਇਆ ਪਰ ਹਿੰਦੁਸਤਾਨੀਆਂ ਨੇ ਉਸ ਦੀ ਕੋਈ ਪਰਵਾਹ ਨਾ ਕੀਤੀ। ਬੇਲਾ ਸਿੰਘ ਜਿਆਣ ਧੜੇ ਦੇ ਅਰਜਨ ਸਿੰਘ ਦੀ ਤਿੰਨ ਸਤੰਬਰ ਨੂੰ ਗੋਲੀ ਲੱਗਣ ਨਾਲ ਮੌਤ ਹੋ ਗਈ। ਅਰਜਨ ਸਿੰਘ ਦੇ ਸਸਕਾਰ ਤੋਂ ਬਾਅਦ 5 ਸਤੰਬਰ 1914 ਨੂੰ ਸ਼ਾਮ ਨੂੰ ਵੈਨਕੂਵਰ ਦੇ ਗੁਰਦੁਆਰੇ ਵਿਚ ਸੰਗਤ ਜੁੜੀ ਹੋਈ ਸੀ। ਭਾਈ ਬਲਵੰਤ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਹੋਏ ਸਨ। ਭਾਈ ਭਾਗ ਸਿੰਘ ਵੀ ਗੁਰੂ ਗ੍ਰੰਥ ਸਾਹਿਬ ਵਾਲੇ ਤਖ਼ਤ ਪੋਸ਼ ਦੇ ਕੋਲ ਹੀ ਬੈਠੇ ਸਨ। ਬੇਲਾ ਸਿੰਘ ਸੱਤ ਵੱਜਣ ਵਿਚ ਕੁਝ ਮਿੰਟ ਰਹਿੰਦਿਆਂ ਗੁਰਦੁਆਰੇ ਅੰਦਰ ਆਇਆ ਤੇ ਮੱਥਾ ਟੇਕ ਕੇ ਭਾਈ ਭਾਗ ਸਿੰਘ ਦੇ ਪਿੱਛੇ ਚਾਰ-ਪੰਜ ਫੁੱਟ ਦੀ ਦੂਰੀ 'ਤੇ ਬੈਠ ਗਿਆ। ਜਦੋਂ ਅਰਦਾਸ ਹੋਣ ਲੱਗੀ ਤਾਂ ਬੇਲਾ ਸਿੰਘ ਨੇ ਗੋ.ਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਸਭ ਤੋਂ ਪਹਿਲਾਂ ਉਸ ਨੇ ਭਾਈ ਭਾਗ ਸਿੰਘ ਦੇ ਪਿੱਛਿਓਂ ਗੋ.ਲੀਆਂ ਚਲਾਈਆਂ।

ਬੇਲਾ ਸਿੰਘ ਨੇ ਜਦੋਂ ਭਾਈ ਭਾਗ ਸਿੰਘ ਦੇ ਗੋ.ਲੀਆਂ ਮਾਰੀਆਂ ਤਾਂ ਭਾਈ ਬਦਨ ਸਿੰਘ ਜੋ ਕਿ ਭੱਜ ਕੇ ਉਸ ਵੱਲ ਆਏ ਤਾਂ ਬੇਲਾ ਸਿੰਘ ਨੇ ਦੋਨੋਂ ਪਿਸਤੌਲ ਉਨ੍ਹਾਂ ਵੱਲ ਸੇਧ ਦਿੱਤੇ। ਭਾਈ ਬਦਨ ਸਿੰਘ ਦੇ ਸਰੀਰ ਦੇ ਉਪਰਲੇ ਹਿੱਸੇ ਵਿਚ ਚਾਰ ਗੋ.ਲੀਆਂ ਲੱਗੀਆਂ। ਗੋ.ਲੀਆਂ ਲੱਗੀਆਂ ਹੋਣ ਦੇ ਬਾਵਜੂਦ ਉਨ੍ਹਾਂ ਨੇ ਬੇਲਾ ਸਿੰਘ ਨੂੰ ਗਲੋਂ ਜਾ ਫੜਿਆ ਪਰ ਗੋ.ਲੀਆਂ ਆਪਣਾ ਕੰਮ ਕਰ ਗਈਆਂ ਸਨ। ਕੁਝ ਹੋਰ ਲੋਕ ਵੀ ਜ਼ਖ਼ਮੀ ਹੋ ਗਏ। ਸਾਰਾ ਹਾਲ ਧੂੰਏਂ ਨਾਲ ਭਰ ਗਿਆ। ਗੁਰਦੁਆਰੇ ਵਿਚ ਹਫੜਾ-ਦਫੜੀ ਮਚ ਗਈ ਜਿਸ ਦਾ ਫ਼ਾਇਦਾ ਉਠਾਉਂਦਿਆਂ ਬੇਲਾ ਸਿੰਘ ਉੱਥੋਂ ਨਿਕਲਣ ਵਿਚ ਕਾਮਯਾਬ ਹੋ ਗਿਆ। ਅੱਠ ਬੰਦੇ ਜ਼ਖ਼ਮੀ ਹੋ ਗਏ ਜਿਨ੍ਹਾਂ ਨੂੰ ਪੁਲਿਸ ਦੀ ਮਦਦ ਨਾਲ ਹਸਪਤਾਲ ਪਹੁੰਚਾਇਆ ਗਿਆ।

ਭਾਈ ਭਾਗ ਸਿੰਘ ਨੂੰ ਕਈ ਗੋ.ਲੀਆਂ ਲੱਗੀਆਂ ਹੋਈਆਂ ਸਨ। ਡਾਕਟਰਾਂ ਨੇ ਸਰਜਰੀ ਕੀਤੀ। ਅਗਲੇ ਦਿਨ ਪੁਲਿਸ ਬੇਲਾ ਸਿੰਘ ਨੂੰ ਲੈ ਕੇ ਦੁਪਹਿਰ ਇਕ ਵਜੇ ਹਸਪਤਾਲ ਪੁੱਜੀ। ਭਾਈ ਭਾਗ ਸਿੰਘ ਨੇ ਬੇਲਾ ਸਿੰਘ ਵੱਲ ਵੇਖਦਿਆਂ ਕਿਹਾ ਕਿ ਉਨ੍ਹਾਂ ਦੇ ਗੋ.ਲੀਆਂ ਮਾਰਨ ਵਾਲਾ ਬੇਲਾ ਸਿੰਘ ਹੀ ਹੈ। ਛੇ ਸਤੰਬਰ 1914 ਨੂੰ ਸ਼ਾਮ ਵੇਲੇ ਵੈਨਕੂਵਰ ਦੇ ਹਸਪਤਾਲ ਵਿਚ ਉਨ੍ਹਾਂ ਦਾ ਅਕਾਲ ਚਲਾਣਾ ਹੋ ਗਿਆ। ਕੁਝ ਦੇਰ ਪਿੱਛੋਂ ਭਾਈ ਬਦਨ ਸਿੰਘ ਵੀ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਨਾਲ ਹੀ ਭਾਈ ਬਦਨ ਸਿੰਘ ਦਾ ਸਸਕਾਰ ਕੀਤਾ ਗਿਆ। ਇਸ ਤਰ੍ਹਾਂ ਇਨ੍ਹਾਂ ਦੋਵਾਂ ਦਾ ਸ਼ਹੀਦੀ ਦਿਹਾੜਾ ਇਕੱਠਾ ਮਨਾਇਆ ਜਾਂਦਾ ਹੈ।

ਸ਼ਹੀਦੀ ਸਮੇਂ ਭਾਈ ਬਦਨ ਸਿੰਘ ਦੀ ਉਮਰ ਪੰਜਾਹ ਸਾਲ ਦੇ ਲਗਪਗ ਸੀ। ਉਹ ਇਕ ਕਿਸਾਨ ਪਰਿਵਾਰ ਵਿਚ ਸੰਨ 1864 ਈਸਵੀ ਵਿਚ ਜ਼ਿਲਾ ਮਾਨਸਾ ਦੇ ਪਿੰਡ ਦਲੇਲ ਸਿੰਘ ਵਾਲਾ ਵਿਚ ਪੈਦਾ ਹੋਏ ਸਨ। ਬੇਲਾ ਸਿੰਘ 1 ਜੂਨ 1916 ਮੌਂਟੀਗਲ ਜਹਾਜ਼ ਲੈ ਕੇ ਹਿੰਦੁਸਤਾਨ ਚਲਾ ਗਿਆ ਜਿੱਥੇ ਜਾ ਕੇ ਉਸ ਨੇ ਵੀ ਦੇਸ਼ ਭਗਤਾਂ ਨੂੰ ਫੜਾਉਣਾ ਤੇ ਉਨ੍ਹਾਂ ਖ਼ਿਲਾਫ਼ ਗਵਾਹੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਭਾਈ ਹਰੀ ਸਿੰਘ ਸੁੰਢ ਨੇ ਆਪਣੇ ਸਾਥੀ ਇੰਦਰ ਸਿੰਘ ਮੁਰਾਰੀ ਤੇ ਕੈਨੇਡਾ-ਅਮਰੀਕਾ ਤੋਂ ਗਏ ਭਾਈ ਈਸ਼ਰ ਸਿੰਘ ਜੰਡੋਲੀ ਸਮੇਤ ਇਸ ਗ਼ਦਾਰ ਦਾ ਸੋਧਾ ਲਾ ਕੇ ਇਸ ਨੂੰ ਮਿਸਾਲੀ ਸਜ਼ਾ ਦਿੱਤੀ।

# ਕਦੋਂ ਬਣੇਗੀ ਪੁਲਿਸ ਲੋਕਪੱਖੀ?

ਲੇਖਕ : ਦਰਬਾਰਾ ਸਿੰਘ ਕਾਹਲੋਂ



ਭਾਰਤੀ ਉਪ ਮਹਾਦੀਪ 14-15 ਅਗਸਤ, 1947 ਨੂੰ ਬਸਤੀਵਾਦੀ ਸਾਮਰਾਜ ਬ੍ਰਿਟੇਨ ਤੋਂ ਅਜ਼ਾਦ ਹੋ ਗਿਆ ਸੀ। ਇਸ ਖਿੱਤੇ ਦੀ ਫਿਰਕੂ ਵੰਡ ਕਰਕੇ ਭਾਰਤ ਅਤੇ ਪਾਕਿਸਤਾਨ ਦੋ ਦੇਸ਼ ਹੋਂਦ ਵਿੱਚ ਆਏ।

ਸੰਨ 1971 ਵਿੱਚ ਪਾਕਿਸਤਾਨੀ ਬਸਤੀਵਾਦੀ ਸ਼ਾਸਨ ਤੋਂ ਅਜ਼ਾਦੀ ਪ੍ਰਾਪਤ ਕਰਕੇ ਤੀਸਰਾ ਬੰਗਲਾਦੇਸ਼ ਹੋਂਦ ਵਿੱਚ ਆਇਆ। ਆਪੋ ਆਪਣੇ ਸੰਵਿਧਾਨਾਂ ਅਨੁਸਾਰ ਭਾਵੇਂ ਇਨ੍ਹਾਂ ਦੇਸ਼ਾਂ ਨੇ ਲੋਕਤੰਤਰ ਪ੍ਰਣਾਲੀ ਨੂੰ ਅਪਣਾਇਆ ਲੇਕਿਨ ਇਨ੍ਹਾਂ ਦੇਸ਼ਾਂ ਦਾ ਲਗਾਤਾਰ ਜੀਵਤ ਦੁਖਾਂਤ ਇਹ ਹੈ ਇੱਥੋਂ ਦੀ ਜਨਤਾ ਅਤੇ ਅਮਨ ਕਾਨੂੰਨ ਕਾਇਮ ਰੱਖਣ ਵਾਲਾ ਪੁਲਿਸ ਤੰਤਰ ਅੱਜ ਤਕ ਬਸਤੀਵਾਦੀ ਸਾਮਰਾਜ ਬ੍ਰਿਟੇਨ ਵੱਲੋਂ ਆਪਣੇ ਬਸਤੀਵਾਦੀ ਹਿਤਾਂ ਲਈ ਸਥਾਪਿਤ ਪੁਲਿਸ ਕਾਨੂੰਨ 1861 ਦੇ ਅਸਤਿਤਵ ਤੋਂ ਅਜ਼ਾਦ ਨਹੀਂ ਹੋ ਸਕਿਆ। ਇਸਦੀ ਜ਼ਾਲਮਾਨਾ, ਅਣਮਨੁੱਖੀ ਅਤੇ ਗੈਰ ਲੋਕਤੰਤਰੀ ਮਾਰ ਦਾ ਸ਼ਿਕਾਰ ਦੋਵੇਂ, ਲੋਕ ਅਤੇ ਪੁਲਿਸ ਪ੍ਰਸ਼ਾਸਨ ਬਣੇ ਪਏ ਹਨ।

ਭਾਰਤੀ ਨਿਆਂਪਾਲਕਾ ਦੀ ਸਰਵਉੱਚ ਅਦਾਲਤ ਸੁਪਰੀਮ ਕੋਰਟ ਨੇ ਇੱਕ 10 ਸਾਲ ਲਟਕੀ ਰਹੀ ਜਨਹਿਤ ਪਟੀਸ਼ਨ ਤੇ 22 ਸਤੰਬਰ, 2006 ਨੂੰ ਦਿੱਤੇ ਇਤਿਹਾਸਕ ਫੈਸਲੇ ਅਨੁਸਾਰ ਭਾਰਤੀ ਪੁਲਿਸ ਦੇ ਗਲੋਂ ਬਸਤੀਵਾਦੀ ਸਾਮਰਾਜ ਦੇ 1861 ਦਾ ਜੂਲਾ ਲਾਹੁਣ ਦਾ ਯਤਨ ਕੀਤਾ। ਇਸਦੀ ਨਜ਼ਰਸਾਨੀ ਲਈ ਸੰਨ 2008 ਵਿੱਚ ਜਸਟਿਸ ਥਾਮਸ ਦੀ ਅਗਵਾਈ ਵਿੱਚ ਇੱਕ ਕਮੇਟੀ ਦਾ ਗਠਨ ਵੀ ਕੀਤਾ। ਲੇਕਿਨ ਸਭ ਨਿਸਫਲ ਸਾਬਤ ਹੋਇਆ। ਭਾਰਤੀ ਪੁਲਿਸ ਹੀ ਨਹੀਂ, ਇਸ ਉਪ ਮਹਾਦੀਪ ਦੇ ਦੇਸ਼ਾਂ ਪਾਕਿਸਤਾਨ ਅਤੇ ਬੰਗਲਾ ਦੇਸ਼ ਦੀ ਪੁਲਿਸ ਹੀ ਨਹੀਂ, ਬਲਕਿ ਪੂਰੇ ਵਿਸ਼ਵ ਦੀ ਪੁਲਿਸ ਅੱਜ ਵੀ ਸ਼ਾਸਕ ਦੀ ਪੁਲਿਸ ਹੈ, ਕਿਧਰੇ ਵੀ ਜਨਤਾ ਦੀ ਨਹੀਂ। ਦੁਨੀਆ ਦੇ ਕਿਸੇ ਵੀ ਦੇਸ਼ ਅੰਦਰ ਪੂਰੀ ਮਾਨਵਤਾ ਦੇ ਇਤਿਹਾਸ ਵਿੱਚ ਕਦੇ ਵੀ ਪੁਲਿਸ ਨੂੰ ਰਾਜਨੀਤਕ ਕੰਟਰੋਲ ਤੋਂ ਪੂਰਨ ਮੁਕਤੀ ਹਾਸਿਲ ਨਹੀਂ ਹੋ ਸਕੀ ਭਾਵੇਂ ਪੱਛਮੀ ਦੇਸ਼ਾਂ ਨੇ ਇਸ ਸੰਬੰਧੀ ਕਈ ਵੱਡੇ ਦਲੇਰਾਨਾ ਫੈਸਲੇ ਲਏ, ਕਾਨੂੰਨ ਘੜੇ।

ਦਰਅਸਲ ਪੁਲਿਸ ਕਾਰਜ ਕਾਨੂੰਨ, ਅਮਲ ਅਤੇ ਵਾਧੂ ਗੈਰ ਸੰਵਿਧਾਨਿਕ ਪੱਖੋਂ ਇੰਨਾ ਪੇਚੀਦਾ ਬਣਿਆ ਪਿਆ ਹੈ, ਜੋ ਇੱਕ ਪੁਲਿਸਮੈਨ ਲਈ ਮਾਨਸਿਕ, ਸਰੀਰਕ ਅਤੇ ਆਰਥਿਕ ਪੱਖੋਂ ਅਤਿ ਕਸ਼ਟਦਾਇਕ ਅਤੇ ਵਿੰਗਾ ਟੇਢਾ ਸਾਬਤ ਹੁੰਦਾ ਹੈ। ਇਹ ਵਿਵਸਥਾ ਉਸ ਨੂੰ ਆਪਣੇ ਹੀ ਲੋਕਾਂ ਅੰਦਰ ਕਸਾਈ ਅਤੇ ਦੁਸ਼ਮਣ ਬਣਾ ਦਿੰਦੀ ਹੈ। ਸਮਾਜ ਉਸ ਨੂੰ ਤ੍ਰਿਸਕਾਰ ਭਰੀਆਂ ਨਜ਼ਰਾਂ ਨਾਲ ਤੱਕਦਾ ਹੈ। ਆਧੁਨਿਕ ਵਿਗਿਆਨਿਕ ਯੁਗ ਵਿੱਚ ਰਾਜਨੀਤਕ ਆਗੂਆਂ ਅਤੇ ਸਰਕਾਰਾਂ ਨੇ ਉਸ ਨੂੰ ਆਪਣੇ ਸੌੜੇ ਸਿਆਸੀ ਸਵਾਰਥਾਂ ਲਈ ਵਿਰੋਧੀਆਂ ਨੂੰ ਦਬਾਉਣ, ਭ੍ਰਿਸ਼ਟਾਚਾਰ ਅਤੇ ਧੋਖਾਧੜੀ ਰਾਹੀਂ ਧਨ ਦੇ ਅੰਬਾਰ ਇਕੱਤਰ ਕਰਨ ਦਾ ਸੰਦ ਬਣਾ ਰੱਖਿਆ ਹੈ। ਜਨਤਾ ਦੀਆਂ ਨਜ਼ਰਾਂ ਵਿੱਚ ਆਪਣੀਆਂ ਬਰਬਰਤਾ ਭਰਪੂਰ ਕਾਰਵਾਈਆਂ ਕਰਕੇ ਇਹ ਇੱਕ ਮਨਹੂਸ ਕਿਸਮ ਦੀ ਸੰਸਥਾ ਬਣ ਚੁੱਕੀ ਹੈ।

ਕਾਰਣ: ਪੁਲਿਸਮੈਨ ਨੂੰ ਟ੍ਰੇਨਿੰਗ ਅਤੇ ਸਿੱਖਿਆ ਦਿੱਤੀ ਜਾਂਦੀ ਹੈ ਕਿ ਉਹ ਅਮਨ-ਕਾਨੂੰਨ ਕਾਇਮ ਕਰਨ ਲਈ ਕਾਨੂੰਨ ਅਨੁਸਾਰ ਅਮਲ ਕਰੇ। ਕਾਨੂੰਨ ਅਨੁਸਾਰ ਸਮਾਜ ਨੂੰ ਅਪਰਾਧ ਮੁਕਤ ਕਰੇ। ਪਰ ਜਦੋਂ ਪੁਲਿਸ ਨੂੰ ਸ਼ਾਸਕ, ਲੋਕਾਂ ਅਤੇ ਸਮਾਜ ਦੀ ਰਾਖੀ ਦੀ ਥਾਂ ਆਪਣੇ ਨਿੱਜੀ, ਪਰਿਵਾਰਕ, ਆਰਥਿਕ ਹਿਤਾਂ ਦੀ ਰਾਖੀ ਲਈ ਅੰਗ ਰੱਖਿਅਕ ਦਲ ਅਤੇ ਸੰਦ ਵਾਂਗ ਵਰਤਣਾ ਸ਼ੁਰੂ ਕਰ ਦਿੰਦੇ ਹਨ ਤਾਂ ਇਸਦਾ ਮੂਲ ਚਰਿੱਤਰ ਅਤੇ ਵਕਾਰ ਢਹਿ ਢੇਰੀ ਹੋ ਜਾਂਦੇ ਹਨ।

## ਟਕਰਾਅ:

ਬ੍ਰਿਟਿਸ਼ ਬਸਤੀਵਾਦੀ ਸਾਮਰਾਜ ਭਾਰਤੀ ਉਪ ਮਹਾਦੀਪ ਨੂੰ ਆਪਣੀ ਬਸਤੀ ਅਤੇ ਲੋਕਾਂ ਨੂੰ ਆਪਣੇ ਗੁਲਾਮ ਸਮਝਦਾ ਸੀ। ਸੋ ਇਸ ਖਿੱਤੇ ਨੂੰ ਇੱਕ ਬਸਤੀ ਅਤੇ ਲੋਕਾਂ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜੀ ਰੱਖਣ ਦੇ ਮੰਤਵ ਨਾਲ ਅਨੁਸ਼ਾਸਿਤ ਹਥਿਆਰਬੰਦ ਪੁਲਿਸ ਸੰਸਥਾ ਕਾਇਮ ਕੀਤੀ। ਇਸ ਵਿੱਚ ਪੁਲਿਸਮੈਨ ਦਾ ਕਾਰਜ ਗੁਲਾਮੀ ਭਰੀ 24 ਘੰਟੇ ਡਿਊਟੀ ਵਾਲਾ ਰੱਖਿਆ। ਪੁਲਿਸ ਐਕਟ 1861 ਇਸ ਬਸਤੀ ਅਤੇ ਗੁਲਾਮ ਜਨਤਾ ਨੂੰ ਕੰਟਰੋਲ ਵਿੱਚ ਰੱਖਣ ਲਈ ਘੜੇ ਕਾਨੂੰਨਾਂ ਦਾ ਗੈਰ ਮਾਨਵਵਾਦੀ ਬਲੈਕ ਸੰਦੂਕ ਹੈ। ਆਈ. ਪੀ. ਐੱਸ. ਸੇਵਾਵਾਂ ਇਸ ਅਨੁਸਾਰ ਸਿੱਖਿਅਤ, ਵਿਧੀ, ਵਿਧਾਨ ਵਾਲਾ ਸੰਦ ਹਨ। ਦੇਸ਼ ਦੀ ਆਜ਼ਾਦੀ ਬਾਅਦ ਸੰਵਿਧਾਨ ਅਨੁਸਾਰ ਲੋਕਸ਼ਾਹੀ ਤਾਂ ਕਾਇਮ ਕਰਨੀ ਸ਼ੁਰੂ ਕਰ ਦਿੱਤੀ ਪਰ ਬਸਤੀਵਾਦੀ ਸਾਮਰਾਜ ਦੀ ਕਾਇਮੀ ਦਾ ਤਾਕਤਵਰ ਸੰਦ ਪੁਲਿਸ ਨਵੇਂ ਲੋਕਤੰਤਰ ਸਮਾਜ ਦੀਆਂ ਲੋੜਾਂ ਅਨੁਸਾਰ ਨਵੇਂ ਐਕਟ, ਨਵੀਂ ਸੋਚ, ਨਵੀਂ ਟ੍ਰੇਨਿੰਗ, ਨਵੇਂ ਵਰਤਾਰੇ ਅਧੀਨ ਜਨਵਾਦੀ ਪੁਲਿਸ ਦੀ ਸਿਰਜਣਾ ਨਾ ਕੀਤੀ। ਬੱਸ ਟਕਰਾਅ ਸ਼ੁਰੂ। ਇਹ ਟਕਰਾਅ ਪੁਲਿਸ ਅਤੇ ਰਾਜ, ਰਾਜਾਂ ਅਤੇ ਕੇਂਦਰ, ਲੋਕਾਂ ਅਤੇ ਪੁਲਿਸ, ਨਿਆਂਪਾਲਕਾ ਅਤੇ ਪੁਲਿਸ ਦਰਮਿਆਨ ਨਿਰੰਤਰ ਜਾਰੀ ਹੈ। ਨਵੇਂ ਸ਼ਾਸਕ ਅਤੇ ਉਨ੍ਹਾਂ ਦੇ ਕਰੋਨੀ ਕਾਰਪੋਰੇਟ ਘਰਾਣੇ ਬਸਤੀਵਾਦੀ ਸਮਾਰਾਜ ਵੱਲੋਂ ਆਪਣੇ ਹਿਤਾਂ ਲਈ ਸਥਾਪਿਤ ਪੁਲਿਸ ਨੂੰ ਹੁਣ ਆਪਣੇ ਹਿਤਾਂ ਦੀ ਰਾਖੀ ਲਈ ਵਰਤਣ ਖਾਤਰ ਇਸ ਵਿੱਚ ਜਨਵਾਦੀ ਸੁਧਾਰਾਂ ਨੂੰ ਅਮਲ ਵਿੱਚ ਨਹੀਂ ਲਿਆਉਣਾ ਚਾਹੁੰਦੇ ਹਨ। ਪ੍ਰਕਾਸ਼ ਸਿੰਘ ਬਨਾਮ ਰਾਜ ਦੇ ਕੇਸ ਵਿੱਚ ਸੁਪਰੀਮ ਕੋਰਟ ਵੱਲੋਂ ਸੁਝਾਏ ਸੁਧਾਰ ਲਗਾਤਾਰ ਛਿੱਕੇ 'ਤੇ ਟੰਗੇ ਜਾ ਰਹੇ ਹਨ।

ਰਾਜ ਸੁਰੱਖਿਆ ਕਮਿਸ਼ਨ, ਪੁਲਿਸ ਸਥਾਪਤੀ ਬੋਰਡ, ਪੁਲਿਸ ਸ਼ਿਕਾਇਤ ਅਥਾਰਟੀ, ਰਾਸ਼ਟਰੀ ਸੁਰੱਖਿਆ ਕਮਿਸ਼ਨ, ਰਾਜਾਂ ਵਿੱਚ ਡੀਜੀਪੀ, ਆਈਜੀ ਅਤੇ ਹੋਰ ਅਧਿਕਾਰੀਆਂ ਦਾ ਦੋ ਸਾਲਾਂ ਦਾ ਨਿਸ਼ਚਿਤ ਕਾਲ, ਜਾਂਚ ਕਰਨ ਅਤੇ ਅਮਨ ਕਾਨੂੰਨ ਕਾਇਮ ਰੱਖਣ ਵਾਲੇ ਪੁਲਿਸ ਅਮਲੇ ਨੂੰ ਵੱਖ-ਵੱਖ ਰੱਖਣਾ ਆਦਿ 'ਤੇ ਕੋਈ ਅਮਲ ਨਹੀਂ ਕਰ ਰਿਹਾ।

ਲੋਕ ਸਮਝਦੇ ਸਨ ਕਿ ਕੇਂਦਰ ਅੰਦਰ ਕਾਂਗਰਸ ਜਾਂ ਕਾਂਗਰਸ ਦੀ ਅਗਵਾਈ ਵਾਲੇ ਸ਼ਾਸਨ ਦੇ ਖਾਤਮੇ ਬਾਅਦ ਪੁਲਿਸ ਪ੍ਰਸ਼ਾਸਨ ਅਤੇ ਸੁਧਾਰਾਂ ਨੂੰ ਲੈ ਕੇ ਸਥਿਤੀਆਂ ਬਦਲਣਗੀਆਂ। ਲੇਕਿਨ ਭਾਜਪਾ ਦੀਆਂ ਹਿੰਦੂ ਰਾਸ਼ਟਰਵਾਦੀ ਨੀਤੀਆਂ ਅਤੇ ਇਸਦੇ ਕਰੋਨੀ ਕਾਰਪੋਰੇਟਰਾਂ ਦੇ ਵਧਦੇ ਸਾਮਰਾਜ ਦੀ ਰਾਖੀ ਲਈ ਪੁਲਿਸ, ਸੁਰੱਖਿਆ ਕਾਨੂੰਨਾਂ ਨੂੰ ਹੋਰ ਨਿਰਕੁੰਸ਼ਵਾਦੀ, ਵਿਰੋਧੀਆਂ ਦੀ ਸੰਘੀ ਨੱਪਣ, ਪ੍ਰੈੱਸ ਦੀ ਅਜ਼ਾਦੀ ਦਾ ਮੂੰਹ ਬੰਦ ਕਰਨ ਲਈ ਵਰਤਣਾ ਸ਼ੁਰੂ ਹੋ ਗਿਆ। ਕੇਂਦਰੀ ਸ਼ਾਸਕਾਂ ਦੇ ਹਿਤਾਂ ਦੀ ਪੂਰਤੀ ਲਈ ਸੀਬੀਆਈ, ਰਾਅ, ਆਈਬੀ ਅਤੇ ਹਣ ਐੱਨਆਈਏ ਵਰਗੀਆਂ ਸੁਰੱਖਿਆ ਸੰਸਥਾਵਾਂ ਦੀ ਵਰਤੋਂ ਵਧ ਗਈ ਹੈ। ਇਸ ਨੂੰ ਭਾਰਤੀ ਫੈਡਰਲਿਜ਼ਮ 'ਤੇ ਹਮਲਾ ਮੰਨਿਆ ਜਾਣ ਕਰਕੇ ਵਿਰੋਧੀ ਧਿਰਾਂ ਅਤੇ ਘੱਟ ਗਿਣਤੀਆਂ ਸੰਬੰਧੀ ਰਾਜਨੀਤਕ ਪਾਰਟੀਆਂ ਵਿਰੋਧ ਕਰਨ ਲੱਗ ਪਈਆਂ। ਕਰੀਬ 10 ਰਾਜਾਂ ਨੇ ਅਸੈਂਬਲੀਆਂ ਵਿੱਚ ਕਾਨੂੰਨ ਪਾਸ ਕਰਕੇ ਕੇਂਦਰੀ ਸੁਰੱਖਿਆ ਏਜੰਸੀਆਂ ਵੱਲੋਂ ਰੇਡ ਕਰਨ, ਗ੍ਰਿਫਤਾਰੀਆਂ ਅਤੇ ਜਾਂਚ ਦੇ ਅਧਿਕਾਰ ਖੋਹ ਲਏ। ਅਜਿਹੇ ਅਧਿਕਾਰ ਸਥਾਨਿਕ ਪੁਲਿਸ ਨੂੰ ਦੇ ਦਿੱਤੇ। ਲੇਕਿਨ ਜੇਕਰ ਮੁੜ ਭਾਜਪਾ ਜਾਂ ਉਸ ਸੰਬੰਧੀ ਗਠਜੋੜ ਕਿਸੇ ਰਾਜ ਵਿੱਚ ਸੱਤਾ ਪ੍ਰਾਪਤ ਕਰ ਲੈਂਦੇ ਤਾਂ ਅਜਿਹੀ ਵਿਵਸਥਾ ਵਾਪਸ ਲੈ ਲਈ ਜਾਂਦੀ। ਪਰ ਅਜਿਹਾ ਟਕਰਾਅ ਨਿਸ਼ਚਿਤ ਤੌਰ 'ਤੇ ਰਾਜਾਂ ਅਤੇ ਦੇਸ਼ ਦੀ ਤਰੱਕੀ ਅਤੇ ਅਮਨ ਕਾਨੂੰਨ 'ਤੇ ਮਾੜਾ ਅਸਰ ਪਾਉਂਦਾ ਹੈ।

## ਸ਼ਰਮਨਾਕ ਵਿੰਡਬਨਾ:

ਜਿਵੇਂ ਬਸਤੀਵਾਦ ਸਾਮਰਾਜ ਬ੍ਰਿਟੇਨ ਭਾਰਤੀ ਲੋਕਾਂ ਨੂੰ ਦਬਾਉਣ ਲਈ ਇਨ੍ਹਾਂ ਵਿੱਚੋਂ ਨੌਜਵਾਨ ਪੁਲਿਸ ਵਿੱਚ ਭਰਤੀ ਕਰਕੇ ਆਪਣੇ ਲੋਕਾਂ ਨੂੰ ਕੁੱਟਣ, ਗੋਲੀਬਾਰੀ ਕਰਨ, ਤਸ਼ੱਦਦ ਕਰਨ ਲਈ ਵਰਤਦਾ ਸੀ, ਹੁਣ ਸੁਦੇਸ਼ੀ ਕਾਲੇ ਸ਼ਾਸਕ ਆਪਣੇ ਅਤੇ ਕਰੋਨੀ ਕਾਰਪੋਰੇਟਵਾਦੀਆਂ ਦੇ ਹਿਤਾਂ ਦੀ ਰਾਖੀ ਲਈ ਉਵੇਂ ਹੀ ਵਰਤ ਰਹੇ ਹਨ।

## ਫੌਜੀਕਰਨ:

ਬਸਤੀਵਾਦੀ ਸਾਮਰਾਜ ਪੁਲਿਸ ਨੂੰ ਫ਼ੌਜ ਵਾਂਗ ਤਿਆਰ ਕਰਦਾ ਹੈ। ਆਪਣੀਆਂ ਬਸਤੀਆਂ ਅਤੇ ਗੁਲਾਮਾਂ ਨੂੰ ਦਬਾਉਣ ਲਈ ਫ਼ੌਜ਼ ਵਾਂਗ ਵਰਤਦਾ ਹੈ। ਜਨਰਲ ਡਾਇਰ ਨੇ 13 ਅਪਰੈਲ, 1919 ਵਿੱਚ ਜਲ੍ਹਿਆਂ ਵਾਲਾ ਬਾਗ ਵਿਖੇ ਪੰਜਾਬੀਆਂ ਨੂੰ ਕੁਚਲਣ ਲਈ ਪੁਲਿਸ ਦੀ ਫ਼ੌਜ ਵਜੋਂ ਵਰਤੋਂ ਕੀਤੀ। ਦੇਸ਼ ਅਜ਼ਾਦੀ ਬਾਅਦ ਅਜਿਹੀ ਵਰਤੋਂ ਦੇ ਸੈਂਕੜੇ ਕੇਸ ਹਨ। ਪੰਜਾਬ ਦੇ ਕਾਂਗਰਸੀ ਮੁੱਖ ਮੰਤਰੀ ਭੀਮ ਸੈਨ ਸੱਚਰ ਨੇ 4 ਜੁਲਾਈ, 1955 ਨੂੰ ਪੁਲਿਸ ਦਰਬਾਰ ਸਾਹਿਬ ਕੰਪਲੈਕਸ, ਅੰਮ੍ਰਿਤਸਰ ਭੇਜੀ, ਸ਼੍ਰੋਮਣੀ ਅਕਾਲੀ ਦਲ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਅਪਰੇਸ਼ਨ ਕਾਲੀ ਗਰਜ ਅਧੀਨ ਪੁਲਿਸ ਕਾਰਵਾਈ ਫੌਜ ਵਾਂਗ ਦਰਬਾਰ ਸਾਹਿਬ ਅੰਦਰ ਕੀਤੀ। ਸ. ਪ੍ਰਕਾਸ਼ ਸਿੰਘ ਬਾਦਲ ਵੇਲੇ ਪੁਲਿਸ ਨੇ ਫੌਜੀ ਕਾਰਵਾਈ ਕਰਦੇ 14 ਅਕਤੂਬਰ, 2015 ਨੂੰ ਸ਼ਾਂਤਮਈ ਸਿੱਖ ਸੰਗਤ ਬਰਗਾੜੀ ਵਿਖੇ ਦੋ ਸਿੰਘ ਸ਼ਹੀਦ ਤੇ ਕਈ ਜ਼ਖਮੀ ਕੀਤੇ।

ਰਾਜਾਂ ਅੰਦਰ ਅਮਨ ਕਾਨੂੰਨ ਕਾਇਮ ਰੱਖਣ ਲਈ ਅਰਧ ਫੌਜੀ ਦਲਾਂ ਅਤੇ ਫ਼ੌਜ ਦਾ ਲੰਬਾ ਤਾਇਨਾਤੀਕਰਨ ਪੁਲਿਸ ਨੂੰ ਫੌਜੀਕਰਨ ਰੁਝਾਨ ਵੱਲ ਪ੍ਰੇਰਿਤ ਕਰਦਾ ਹੈ।

## ਬਦਅਮਨੀ:

ਸੱਤਾ ਵਿੱਚ ਬਣੇ ਰਹਿਣ, ਮਹਿੰਗੀਆਂ ਚੋਣਾਂ ਲੜਨ, ਮਹਿੰਗੇ ਸ਼ੌਕ ਪਾਲਣ ਲਈ ਧੰਨ ਦੇ ਅੰਬਾਰ ਲੋੜੀਂਦੇ ਹਨ। ਇਸ ਸਭ ਦੀ ਪ੍ਰਾਪਤੀ ਲਈ ਸ਼ਾਂਤੀ ਅਤੇ ਅਮਨ ਕਾਨੂੰਨ ਲਈ ਬਦਅਮਨੀ ਲੋੜੀਂਦੇ ਹੈ। ਸੱਤਾਧਾਰੀ, ਤਾਕਤਵਰ ਰਾਜਨੀਤਕ ਮਾਫੀਆ ਗ੍ਰੋਹ ਇਸ ਕਾਰਜ ਲਈ ਪੁਲਿਸ ਦੀ ਕੁਵਰਤੋਂ ਕਰਦਾ ਹੈ।

ਨਸ਼ਿਆਂ ਦੀ ਸਮਗਲਿੰਗ, ਘਰ-ਘਰ ਸਪਲਾਈ, ਸਰਕਾਰੀ ਪ੍ਰੌਜੈਕਟਾਂ, ਜਨਤਕ ਭਲਾਈ ਸਕੀਮਾਂ, ਵਿਕਾਸ ਕਾਰਜਾਂ ਵਿੱਚ ਕੁਰੱਪਸ਼ਨ, ਧੋਖਾਧੜੀ, ਰੇਤ, ਬਜਰੀ, ਗੈਰ-ਕਾਨੂੰਨੀ ਮਾਈਨਿੰਗ, ਜਾਅਲੀ ਸ਼ਰਾਬ, ਦਵਾਈਆਂ ਦੀ ਵਿਕਰੀ, ਵੇਸਵਾਗਮਨੀ, ਜੇਲ੍ਹਾਂ ਵਿੱਚ ਨਸ਼ੇ, ਮਹਿੰਗੇ ਸ਼ੌਕ ਸੱਤਾਧਾਰੀ ਰਾਜਨੀਤੀਵਾਨਾਂ ਅਤੇ ਪੁਲਿਸ ਦੀ ਮਿਲੀਭੁਗਤ ਨਾਲ ਚਲਦੇ ਹਨ। ਪੁਲਿਸ, ਪ੍ਰੋਵੋਕੇਸ਼ਨ ਪਾਲੀਟਿਕਸ ਵਿੱਚ ਡੀਨਜ਼ ਯੋਨੁਕੂ ਲਿਖਦਾ ਹੈ, "ਪੁਲਿਸ ਸਮਾਜਿਕ ਅਮਨ ਜਾਂ ਬਦਅਮਨੀ ਸੰਭਾਲਦੀ ਨਹੀਂ ਬਲਕਿ ਬਦਅਮਨੀ ਫੈਲਾਉਂਦੀ ਹੈ।" ਵਿਰੋਧੀਆਂ ਨੂੰ ਨੱਪਣ ਲਈ ਪੁਲਿਸ ਰਾਜ ਵਿੱਚ ਬਦਅਮਨੀ ਫੈਲਾਉਂਦੀ ਹੈ।

## ਰਾਜਨੀਤੀਕਰਨ:

ਪੂਰੇ ਵਿਸ਼ਵ ਅੰਦਰ ਹਰ ਕਿਸਮ ਦੀ ਰਾਜ ਪ੍ਰਣਾਲੀ ਅੰਦਰ ਪੁਲਿਸ ਦਾ ਰਾਜਨੀਤੀਕਰਨ ਹੋਇਆ ਪਿਆ ਹੈ। ਇੱਥੋਂ ਤਕ ਕਿ ਅਫਸਰਸ਼ਾਹੀ ਨੂੰ ਵੀ ਪੁਲਿਸ ਦੀ ਘੋੜਸਵਾਰੀ ਦੀ ਆਦਤ ਪੁਰਾਣੀ ਹੈ। ਸ਼ਕਤੀ ਬੰਦੂਕ ਦੀ ਨਾਲੀ ਵਿੱਚੋਂ ਨਿਕਲਦੀ ਹੈ। ਭਾਵ ਸੱਤਾ ਵਿੱਚੋਂ ਸਿਪਾਹੀ ਤੋਂ ਲੈ ਕੇ ਡੀਜੀਪੀ ਸੱਤਾ ਦੇ ਹੁਕਮ 'ਤੇ ਚਲਦੇ ਹਨ। ਜੋ ਡੀਜੀਪੀ ਹਰ ਗੱਲ 'ਮੁੱਖ ਮੰਤਰੀ ਦੇ ਹੁਕਮਾਂ ਅਨੁਸਾਰ' ਅਲਾਪੇ ਤਾਂ ਉਸ ਦੀ ਔਕਾਤ ਸਮਝ ਪੈਂਦੀ ਹੈ। ਅਜਿਹੀ ਸਥਿਤੀ ਵਿੱਚ ਪੁਲਿਸ ਸੁਧਾਰ, ਕਾਨੂੰਨ, ਚਰਿੱਤਰ ਜ਼ੀਰੋ ਹੋ ਜਾਂਦੇ ਹਨ। ਪੁਲਿਸ ਦਾ ਜਨਵਾਦੀਕਰਨ ਖ਼ਾਬ ਬਣ ਕੇ ਰਹਿ ਜਾਂਦਾ ਹੈ।

ਪੁਲਿਸ ਤੇ ਗੈਰ-ਕਾਨੂੰਨੀ, ਗੈਰ ਸੰਵਿਧਾਨਿਕ ਕੰਟਰੋਲ ਸਮੱਸਿਆ ਪੱਛਮੀ ਦੇਸ਼ਾਂ ਵਿੱਚ ਵੀ ਪਾਈ ਜਾਂਦੀ ਰਹੀ ਹੈ। ਪਰ ਉਨ੍ਹਾਂ ਇਸਦਾ ਹੱਲ ਵਿਧਾਨਕ ਢੰਗ ਨਾਲ ਕੱਢਿਆ ਹੈ। ਸਰਕਾਰ ਪੁਲਿਸ ਨੀਤੀਆਂ, ਨਿਯਮਾਂ, ਨਿਗਰਾਨੀ, ਭਰਤੀ ਅਤੇ ਵਿਵਸਥਾ ਕਰਦੀ ਹੈ ਪਰ ਪੁਲਿਸ ਕਾਰਵਾਈ, ਅਪਰੇਸ਼ਨ ਸੰਬੰਧੀ ਦਿਸ਼ਾ ਨਿਰਦੇਸ਼ਾਂ ਲਈ ਉਸ ਨੂੰ ਅਧਿਕਾਰ ਨਹੀਂ ਹੈ। ਇਹ ਅਧਿਕਾਰ ਪੁਲਿਸ ਮੁਖੀ ਕੋਲ ਹੁੰਦਾ ਹੈ। ਪੁਲਿਸ ਦਾ ਪਵਿੱਤਰ ਫਰਜ਼ ਅਵਾਮ ਦੀ ਜਾਨ ਮਾਲ ਦੀ ਰੱਖਿਆ, ਅਮਨ ਕਾਨੂੰਨ ਕਾਇਮ ਰੱਖਣਾ ਅਤੇ ਅਪਰਾਧ ਦੀ ਰੋਕਥਾਮ ਹੈ। ਜਿਸ ਦਿਨ ਸੰਵਿਧਾਨਿਕ ਵਿਵਸਥਾ ਰਾਹੀਂ ਇਸ ਕਾਰਜ ਵਿੱਚ ਪੁਲਿਸ ਨੂੰ ਅਜ਼ਾਦੀ ਹਾਸਿਲ ਹੋ ਜਾਵੇਗੀ, ਉਸਦਾ ਜਨਵਾਦੀਕਰਨ ਸ਼ੁਰੂ ਹੋ ਜਾਵੇਗਾ।

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਉ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012
ਦਲਜੀਤ ਸਿੰਘ ਰਾਏ

FAST COMPUTER REPAIR
New Web Designing & Hosting Services
Onsite Service Available
Computer Repair & Upgrade
Spyware & Virus Removal
Same Day Service
Your Personal Tech, A Phone Call Away...
HARMEET SINGH
www.fastcomputerrepair.ca
E-mail : harmeet@fastcomputerrepair.ca
778-928-4444






# ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਾਗਾਂ ਦੀ ਮਹਾਨਤਾ

ਹਰੀਸ਼ ਚੰਦਰ

ਗੁਰਮਤਿ ਕਾਵਿ ਤੋਂ ਭਾਵ ਗੁਰੂ ਸਾਹਿਬਾਨ ਵੱਲੋਂ ਜਾਂ ਗੁਰੂ ਸਾਹਿਬਾਨ ਦੀ ਵਿਚਾਰਧਾਰਾ 'ਤੇ ਆਧਾਰਿਤ ਕਾਵਿ ਹੈ। ਇਹ ਉਹ ਵਿਚਾਰਧਾਰਾ ਜਾਂ ਕਾਵਿ ਹੈ, ਜਿਸ ਨੂੰ ਗੁਰੂ ਸਾਹਿਬ ਨੇ ਸਥਾਪਿਤ ਕੀਤਾ। ਇਸ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੇ ਜਨਮ ਨਾਲ ਹੁੰਦਾ ਹੈ, ਜੋ ਆਪ 'ਆਦਿ ਗੁਰੂ' ਸਨ। ਗੁਰਮਤਿ ਕਾਵਿ ਨੂੰ ਅੱਗੇ ਵਿਕਾਸ ਦੀਆਂ ਲੀਹਾਂ ਉੱਤੇ ਪਾਉਣ ਲਈ ਗੁਰੂ ਘਰ ਦੇ ਬਾਕੀ ਸਿੱਖ ਗੁਰੂ ਸਾਹਿਬਾਨ ਨੇ ਅਹਿਮ ਭੂਮਿਕਾ ਨਿਭਾਈ। ਗੁਰੂ ਸਾਹਿਬਾਨ ਵੱਲੋਂ ਰਚਿਆ ਗਿਆ ਗੁਰਮਤਿ ਕਾਵਿ, ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਦਸ ਵਿੱਚੋਂ ਸਿਰਫ਼ 6 ਗੁਰੂਆਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਹੈ। ਆਦਿ ਗੁਰੂ ਗ੍ਰੰਥ ਸਾਹਿਬ ਨੂੰ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ 1604 ਵਿੱਚ ਭਾਈ ਗੁਰਦਾਸ ਜੀ ਤੋਂ ਰਾਮਸਰ ਦੇ ਪਵਿੱਤਰ ਅਸਥਾਨ ਉੱਤੇ 4 ਸਾਲਾਂ ਦੀ ਅਣਥੱਕ ਮਿਹਨਤ ਸਦਕਾ ਲਿਖਵਾਇਆ। ਗੁਰੂ ਜੀ ਨੇ 30 ਰਾਗਾਂ ਵਾਲੀ ਸਾਰੀ ਬਾਣੀ ਨੂੰ ਇਕੱਤਰ ਕਰ ਕੇ ਇਸ ਵਿੱਚ ਦਰਜ ਕੀਤਾ। ਸਿੱਖ ਗੁਰੂਆਂ ਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਨੇ 15 ਭਗਤਾਂ, 11 ਭੱਟਾਂ ਤੇ ਗੁਰੂ ਘਰ ਦੇ ਚਾਰ ਨਿਕਟਵਰਤੀ ਮਹਾਂਪੁਰਖਾਂ ਦੀ ਬਾਣੀ ਨੂੰ ਵੀ ਇਸ ਵਿੱਚ ਦਰਜ ਕੀਤਾ। ਬਾਣੀ ਦੀ ਤਰਤੀਬ ਵਿੱਚ ਗੁਰੂ ਜੀ ਨੇ ਸਭ ਤੋਂ ਪਹਿਲਾਂ ਰਾਗ ਮੁਕਤ ਬਾਣੀ, ਰਾਗ ਯੁਕਤ ਬਾਣੀ ਸ਼ਬਦ ਲੜੀਆਂ ਤੇ ਸਲੋਕ ਤੇ ਸਵੱਯੇ ਆਦਿ ਦਰਜ ਕੀਤੇ। ਗੁਰੂ ਗ੍ਰੰਥ ਸਾਹਿਬ ਵਿੱਚ ਉਨ੍ਹਾਂ ਦੀ ਬਾਣੀ ਬਾਕੀ ਗੁਰੂ ਸਾਹਿਬਾਨ ਤੋਂ ਜਿਆਦਾ ਦਰਜ ਹੈ। ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ 30 ਰਾਗਾਂ ਵਾਲੀ ਬਾਣੀ ਵਿੱਚ 31ਵਾਂ ਰਾਗ ਜੈਜਾਵੰਤੀ ਸ਼ਾਮਿਲ ਕਰ ਕੇ ਨੰਦੇੜ ਸਾਹਿਬ ਵਿਖੇ ਉਸ ਵਿੱਚ 'ਗੁਰੂ ਜੋਤਿ' ਟਿਕਾ ਕੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦਾ ਪ੍ਰਵਚਨ ਦਿੱਤਾ ਅਤੇ 'ਸ਼ਬਦ ਗੁਰੂ' ਦਾ ਨਵਾਂ ਪ੍ਰਸੰਗ ਸਥਾਪਿਤ ਕੀਤਾ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਾਗ ਇਹ ਹਨ:

**ਸ੍ਰੀ ਰਾਗ**: ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 31 ਰਾਗਾਂ ਵਿੱਚੋਂ ਸ੍ਰੀ ਰਾਗ ਪਹਿਲਾ ਰਾਗ ਹੈ। ਇਹ ਭਾਰਤੀ ਪ੍ਰਸੰਗ ਅਨੁਸਾਰ ਸਭ ਤੋਂ ਪੁਰਾਣਾ ਰਾਗ ਹੈ। ਇਸ ਰਾਗ ਨੂੰ ਗਾਉਣ ਦਾ ਸਮਾਂ ਪਿਛਲੇ ਪਹਿਰ ਦਾ ਹੈ ਤੇ ਇਹ ਗੁਰੂ ਗ੍ਰੰਥ ਸਾਹਿਬ ਵਿੱਚ ਪੰਨਾ ਨੰਬਰ 14 ਤੋਂ ਸ਼ੁਰੂ ਹੁੰਦਾ ਹੈ। ਬਾਕੀ ਗੁਰੂ ਸਾਹਿਬਾਨ ਤੋਂ ਇਲਾਵਾ ਗੁਰੂ ਰਾਮਦਾਸ ਜੀ ਦੀ ਲਿਖੀ ਹੋਈ ਵਾਰ ਇਸ ਰਾਗ ਵਿੱਚ ਦਰਜ ਮਿਲਦੀ ਹੈ।

**ਰਾਗ ਮਾਝ**: ਇਸ ਰਾਗ ਦਾ ਦੂਜਾ ਸਥਾਨ ਹੈ। ਜੇ ਇਸ ਦੀ ਬਾਰੀਕੀ ਤੇ ਡੂੰਘਾਈ ਨਾਲ ਪੜਚੋਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਇਹ ਪੰਜਾਬ ਵਿੱਚ ਹੀ ਵਿਕਸਿਤ ਹੋਇਆ ਰਾਗ ਹੈ ਅਤੇ ਇਸ ਦੀ ਜਨਮਭੂਮੀ ਵੀ ਮਾਝੇ ਦਾ ਇਲਾਕਾ ਜਾਪਦੀ ਹੈ। ਇਸ ਦੇ ਅਧਿਆਤਮਕ ਅਰਥ ਪਰਮਾਤਮਾ ਨੂੰ ਪਾਉਣ ਲਈ ਹਿਰਦੇ ਵਿੱਚੋਂ ਨਿਕਲੀ ਹੂਕ ਹੈ। ਇਸ ਦੀ ਪਵਿੱਤਰ ਧੁਨ ਨਾਲ ਆਤਮਾ ਤੇ ਪਰਮਾਤਮਾ ਦਾ ਮੇਲ ਹੁੰਦਾ ਹੈ ਅਤੇ ਇਹ ਇਨਸਾਨ ਅੰਦਰ ਸਕਾਰਾਤਮਕ ਗੁਣਾਂ ਦਾ ਵਿਕਾਸ ਕਰਨ ਵਿੱਚ ਸਹਾਈ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਦੋ ਬਾਰਹ ਮਾਹ ਵਿੱਚੋਂ ਇੱਕ ਗੁਰੂ ਅਰਜਨ ਦੇਵ ਜੀ ਦਾ ਲਿਖਿਆ ਹੋਇਆ ਬਾਰਹ ਮਾਹ ਵੀ ਇਸੇ ਰਾਗ ਵਿੱਚ ਮਿਲਦਾ ਹੈ। ਇਸ ਰਾਗ ਨੂੰ ਗਾਉਣ ਦਾ ਸਮਾਂ ਰਾਤ ਦੇ ਪਹਿਲੇ ਪਹਿਰ ਦਾ ਹੈ। ਗੁਰੂ ਨਾਨਕ ਦੇਵ ਜੀ ਦੀ ਵਾਰ ਵੀ ਇਸ ਰਾਗ ਵਿੱਚ ਦਰਜ ਮਿਲਦੀ ਹੈ।

**ਰਾਗ ਗਉੜੀ**: ਗਿਣਤੀ ਪੱਖੋਂ ਰਾਗ ਗਉੜੀ ਤੀਜੇ ਸਥਾਨ 'ਤੇ ਆਉਣ ਵਾਲਾ ਰਾਗ ਹੈ। ਇਹ ਗੰਭੀਰ ਰਾਗ ਹੈ ਅਤੇ ਇਸ ਵਿੱਚ ਬਿਰਹਾ ਦੀ ਪ੍ਰਧਾਨਤਾ ਮਿਲਦੀ ਹੈ। ਇਹ ਰਾਗ ਇਨਸਾਨ ਨੂੰ ਆਪਣੇ ਸਿਧਾਂਤਾਂ ਨੂੰ ਇਕੱਠਿਆਂ ਕਰਨ ਤੇ ਚੰਗੇ ਵਿਚਾਰਾਂ ਲਈ ਪ੍ਰੇਰਦਾ ਹੈ। ਇਸ ਤੋਂ ਇਲਾਵਾ ਪਰਮਾਤਮਾ ਲਈ ਇਕਸੁਰਤਾ ਪੈਦਾ ਕਰਨ ਲਈ ਇਸ ਰਾਗ ਦਾ ਉਚਾਰਨ ਵੀ ਕੀਤਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਸਭ ਤੋਂ ਵੱਧ ਇਸੇ ਰਾਗ ਵਿੱਚ ਮਿਲਦੀ ਹੈ। ਇਹ ਪੰਨਾ ਨੰਬਰ 151 ਤੋਂ ਸ਼ੁਰੂ ਹੁੰਦਾ ਹੈ। ਸਿੱਖ ਗੁਰੂਆਂ ਵਿੱਚ ਗੁਰੂ ਅੰਗਦ ਦੇਵ ਜੀ ਤੋਂ ਇਲਾਵਾ ਬਾਕੀ ਪੰਜ ਗੁਰੂ ਸਾਹਿਬਾਨ ਦੀ ਬਾਣੀ ਇਸ ਰਾਗ ਵਿੱਚ ਦਰਜ ਮਿਲਦੀ ਹੈ। ਗੁਰੂ ਅਰਜਨ ਦੇਵ ਜੀ ਦੀ ਪ੍ਰਸਿੱਧ ਰਚਨਾ ਸੁਖਮਨੀ ਸਾਹਿਬ ਤੇ ਬਾਵਨ ਅਖਰੀ ਵੀ ਇਸੇ ਰਾਗ ਵਿੱਚ ਦਰਜ ਹਨ। ਗੁਰੂ ਅਰਜਨ ਦੇਵ ਜੀ ਅਤੇ ਗੁਰੂ ਰਾਮਦਾਸ ਜੀ ਦੀਆਂ ਵਾਰਾਂ ਵੀ ਇਸੇ ਰਾਗ ਵਿੱਚ ਦਰਜ ਮਿਲਦੀਆਂ ਹਨ। ਗਉੜੀ ਰਾਗ ਦੀਆਂ ਹੋਰ ਵੰਨਗੀਆਂ ਜਿਵੇਂ ਗਉੜੀ ਗੁਆਰੇਰੀ, ਗਉੜੀ ਦੀਪਕੀ, ਗਉੜੀ ਪੂਰਬੀ, ਗਉੜੀ ਦੱਖਣੀ, ਗਉੜੀ ਚੇਤੀ ਆਦਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਵੰਨਗੀਆਂ ਹਨ।

**ਰਾਗ ਆਸਾ**: ਆਸਾ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਚੌਥਾ ਰਾਗ ਹੈ। ਸਿੱਖ ਧਰਮ ਵਿੱਚ ਇਸ ਦਾ ਵਿਸ਼ੇਸ਼ ਸਥਾਨ ਹੈ। ਇਹ ਅੰਮ੍ਰਿਤ ਵੇਲੇ ਗਾਇਨ ਕਰਨ ਵਾਲਾ ਰਾਗ ਹੈ। ਇਹ ਆਤਮਾ ਦੀ ਸ਼ੁੱਧੀ ਤੇ ਸ਼ਾਂਤੀ ਲਈ ਉਚਾਰਿਆ ਜਾਂਦਾ ਹੈ। ਇਸ ਤੋਂ ਇਲਾਵਾ ਇਸ ਰਾਗ ਨੂੰ ਦਿਨ ਦੀ ਸ਼ੁਰੂਆਤ, ਕਿਸੇ ਚੰਗੀ ਉਮੀਦ ਲਈ ਤੇ ਮਨੁੱਖ ਵਿੱਚ ਹਿੰਮਤ ਪੈਦਾ ਕਰਨ ਲਈ ਉਚਾਰਨ ਕੀਤਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਇਹ ਰਾਗ ਪੰਨਾ ਨੰਬਰ 347 ਤੋਂ ਸ਼ੁਰੂ ਹੁੰਦਾ ਹੈ। ਸਭ ਗੁਰੂਆਂ ਨੇ ਇਸ ਰਾਗ ਵਿੱਚ ਬਾਣੀ ਦੀ ਰਚਨਾ ਕੀਤੀ। 'ਆਸਾ ਦੀ ਵਾਰ' ਦਾ ਗਾਇਨ ਪੂਰੇ ਨੇਮ ਨਾਲ ਕੀਤਾ ਜਾਂਦਾ ਹੈ। ਇਸ ਦੀਆਂ ਹੋਰ ਵੰਨਗੀਆਂ ਕਾਫੀ ਤੇ ਆਸਾਵਾਰੀ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ।

**ਰਾਗ ਗੂਜਰੀ**: ਇਹ ਰਾਗ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਪੰਜਵਾਂ ਰਾਗ ਹੈ। ਇਹ ਪੂਰੇ ਭਾਰਤ ਵਿੱਚ ਹਰਮਨ ਪਿਆਰਾ ਰਾਗ ਹੈ। ਦੇਸ ਪ੍ਰਦੇਸ਼ ਦੇ ਹਰ ਕੋਨੇ ਵਿੱਚ ਇਸ ਰਾਗ ਦੀ ਵਰਤੋਂ ਪੂਜਾ ਪਾਠ ਕਰਨ ਲਈ ਕੀਤੀ ਜਾਂਦੀ ਹੈ। ਇਹ ਗੰਭੀਰ ਰਾਗ ਹੈ, ਜਿਹੜਾ ਪਰਮਾਤਮਾ ਦੀ ਉਸਤਤ ਲਈ ਉਚਾਰਿਆ ਜਾਂਦਾ ਹੈ। ਇਸ ਰਾਗ ਦਾ ਸਮਾਂ ਦੁਪਹਿਰ ਵੇਲੇ ਦਾ ਹੈ। ਇਹ ਰਾਗ ਗੁਰੂ ਗ੍ਰੰਥ ਸਾਹਿਬ ਵਿੱਚ ਪੰਨਾ ਨੰਬਰ 484 ਤੋਂ ਸ਼ੁਰੂ ਹੁੰਦਾ ਹੈ ਤੇ 526 ਤਕ ਚੱਲਦਾ ਹੈ। ਗੁਰੂ ਅੰਗਦ ਦੇਵ ਜੀ ਤੇ ਗੁਰੂ ਤੇਗ਼ ਬਹਾਦਰ ਜੀ ਤੋਂ ਬਿਨਾਂ ਬਾਕੀ ਚਾਰ ਗੁਰੂ ਸਾਹਿਬਾਨ ਨੇ ਇਸ ਰਾਗ ਵਿੱਚ ਬਾਣੀ ਦੀ ਰਚਨਾ ਕੀਤੀ ਹੈ।

**ਰਾਗ ਦੇਵ ਗੰਧਾਰੀ**: ਇਹ ਗੁਰੂ ਗ੍ਰੰਥ ਸਾਹਿਬ ਦਾ ਛੇਵਾਂ ਰਾਗ ਹੈ। ਇਸ ਰਾਗ ਦਾ ਉਚਾਰਨ ਆਪੇ ਦੀ ਪਛਾਣ ਅਤੇ ਇੱਕ ਪਰਮਾਤਮਾ ਵਿੱਚ ਲੀਨ ਹੋਣ ਲਈ ਕੀਤਾ ਜਾਂਦਾ ਹੈ। ਇਹ ਰਾਗ ਮਨੁੱਖੀ ਆਤਮਾ ਨੂੰ ਸ਼ਾਂਤੀ ਦੇਣ ਵਾਲਾ ਹੈ, ਜਿਸ ਦਾ ਉਚਾਰਨ ਕੌਸ਼ਲਤਾ ਭਰਿਆ ਹੈ। ਇਹ ਰਾਗ ਗੁਰੂ ਗ੍ਰੰਥ ਸਾਹਿਬ ਵਿੱਚ ਪੰਨਾ ਨੰਬਰ 527 ਤੋਂ ਸ਼ੁਰੂ ਹੁੰਦਾ ਹੈ। ਇਸ ਦੇ ਉਚਾਰਨ ਦਾ ਸਮਾਂ ਦਿਨ ਚੜ੍ਹੇ ਭਾਵ ਦਿਨ ਦੇ ਦੂਜੇ ਪਹਿਰ ਦਾ ਹੈ। ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ ਤੇ ਗੁਰੂ ਅਮਰਦਾਸ ਜੀ ਤੋਂ ਇਲਾਵਾ ਬਾਕੀ ਤਿੰਨਾਂ ਗੁਰੂ ਸਾਹਿਬਾਨ ਦੀ ਬਾਣੀ ਇਸ ਰਾਗ ਵਿੱਚ ਦਰਜ ਮਿਲਦੀ ਹੈ।

**ਰਾਗ ਬਿਹਾਗੜਾ**: ਰਾਗ ਬਿਹਾਗੜਾ ਸੱਤਵੇਂ ਨੰਬਰ 'ਤੇ ਦਰਜ ਰਾਗ ਹੈ। ਇਹ ਰਾਗ ਜੁਦਾਈ, ਵਿਛੋੜੇ ਤੇ ਵਿਯੋਗ ਵਾਲਾ ਹੈ। ਇਹ ਰਾਗ ਗੁਰੂ ਗ੍ਰੰਥ ਸਾਹਿਬ ਵਿੱਚ ਅੰਕ ਨੰਬਰ 537 'ਤੇ ਦਰਜ ਹੈ ਅਤੇ ਇਸ ਰਾਗ ਨੂੰ ਉਚਾਰਨ ਦਾ ਸਮਾਂ ਅੱਧੀ ਰਾਤ ਦਾ ਹੈ। ਗੁਰੂ ਨਾਨਕ ਤੇ ਗੁਰੂ ਅੰਗਦ ਦੇਵ ਜੀ ਤੋਂ ਇਲਾਵਾ ਬਾਕੀ ਚਾਰ ਗੁਰੂ ਸਾਹਿਬਾਨ ਨੇ ਆਪਣੀ ਰਚਨਾ ਇਸ ਰਾਗ ਵਿੱਚ ਵੀ ਕੀਤੀ ਹੈ।

**ਰਾਗ ਵਡਹੰਸ**: ਰਾਗ ਵਡਹੰਸ ਗਿਣਤੀ ਪੱਖੋਂ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਅੱਠਵਾਂ ਰਾਗ ਹੈ। ਖ਼ੁਸ਼ੀ ਦੀਆਂ ਪਉੜੀਆਂ ਇਸ ਰਾਗ ਵਿੱਚ ਉਚਾਰਨ ਕੀਤੀਆਂ ਜਾਦੀਆਂ ਹਨ। ਅਲਾਹਣੀਆਂ ਦਾ ਉਚਾਰਨ ਵੀ ਇਸੇ ਰਾਗ ਵਿੱਚ ਕੀਤਾ ਜਾਂਦਾ ਹੈ। ਇਹ ਰਾਗ ਗੁਰੂ ਗ੍ਰੰਥ ਸਾਹਿਬ ਵਿੱਚ ਪੰਨਾ ਨੰਬਰ 557 ਤੋਂ ਸ਼ੁਰੂ ਹੁੰਦਾ ਹੈ। ਇਸ ਦੇ ਗਾਣ ਦਾ ਸਮਾਂ ਦੁਪਹਿਰ ਵੇਲਾ ਜਾਂ ਅੱਧੀ ਰਾਤ ਦਾ ਮੰਨਿਆ ਜਾਂਦਾ ਹੈ। ਗੁਰੂ ਅੰਗਦ ਦੇਵ ਤੇ ਗੁਰੂ ਤੇਗ਼ ਬਹਾਦਰ ਤੋਂ ਬਿਨਾਂ ਬਾਕੀ 4 ਗੁਰੂਆਂ ਦੀ ਬਾਣੀ ਇਸ ਰਾਗ ਵਿੱਚ ਅੰਕਿਤ ਮਿਲਦੀ ਹੈ। ਇਸ ਤੋਂ ਇਲਾਵਾ ਗੁਰੂ ਰਾਮ ਦਾਸ ਜੀ ਦੀ ਵਾਰ ਇਸ ਰਾਗ ਵਿੱਚ ਦਰਜ ਮਿਲਦੀ ਹੈ। ਇਸ ਦੀ ਇੱਕ ਕਿਸਮ ਵਡਹੰਸ ਦੱਖਣੀ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ।

**ਰਾਗ ਸੋਰਠਿ**: ਇਹ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਨੌਵਾਂ ਰਾਗ ਹੈ। ਇਹ ਰਾਗ ਬਹੁਤ ਹੀ ਸੁੰਦਰ ਤੇ ਮਨਮੋਹਣਾ ਰਾਗ ਹੈ। ਇਸ ਵਿੱਚ ਦਿਲ ਨੂੰ ਚੈਨ ਤੇ ਸ਼ਾਂਤੀ ਦੇਣ ਵਾਲਾ ਰਸ ਮਿਲਦਾ ਹੈ। ਅੰਮ੍ਰਿਤ ਵੇਲੇ ਤੇ ਸ਼ਾਮ ਦੇ ਸਮੇਂ ਜਿਆਦਾਤਰ ਗੁਰਦੁਆਰਿਆਂ ਵਿੱਚ ਇਸੇ ਰਾਗ ਦਾ ਵਾਕ ਉਚਾਰਨ ਕੀਤਾ ਜਾਂਦਾ ਹੈ। ਇਸ ਰਾਗ ਵਿੱਚ ਦਰਜ ਬਾਣੀ ਇੰਨੀ ਆਸਾਨ ਹੈ ਕਿ ਹਰੇਕ ਤੁਕ ਆਪਣੇ ਆਪ ਪੜ੍ਹਨ ਤੇ ਸੁਣਨ ਵਾਲੇ ਦੇ ਮੂੰਹ 'ਤੇ ਰਾਜ ਕਰਨ ਲੱਗ ਜਾਂਦੀ ਹੈ। ਇਸ ਰਾਗ ਵਿੱਚ ਪਰਮਾਤਮਾ ਦੀ ਵਡਿਆਈ ਨੂੰ ਅੰਕਿਤ ਕੀਤਾ ਗਿਆ ਹੈ, ਜੋ ਸਾਨੂੰ ਪ੍ਰੇਰਣਾ ਪ੍ਰਦਾਨ ਕਰਦੀ ਹੈ। ਇਸ ਨਾਲ ਬਾਣੀ ਮੱਧ ਵਿੱਚ ਪ੍ਰਵੇਸ਼ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਇਹ ਰਾਗ ਪੰਨਾ ਨੰਬਰ 595 ਤੋਂ ਸ਼ੁਰੂ ਹੁੰਦਾ ਹੈ। ਇਸ ਰਾਗ ਨੂੰ ਉਚਾਰਨ ਜਾਂ ਗਾਇਨ ਦਾ ਸਮਾਂ ਰਾਤ ਦੇ ਦੂਜੇ ਪਹਿਰ ਦਾ ਹੈ।

**ਰਾਗ ਧਨਾਸਰੀ**: ਗਿਣਤੀ ਪੱਖੋਂ ਰਾਗ ਧਨਾਸਰੀ ਦਸਵਾਂ ਰਾਗ ਹੈ। ਇਹ ਰਾਗ ਕਾਫ਼ੀ ਪੁਰਾਣਾ ਹੈ। ਇਸ ਰਾਗ ਦਾ ਵਿਸ਼ਾ ਰਲਿਆ ਮਿਲਿਆ ਹੈ, ਜਿਸ ਕਰਕੇ ਇਸ ਵਿੱਚ ਮਿਠਾਸ ਮਿਲਦੀ ਹੈ, ਇਹ ਮਨੁੱਖ ਨੂੰ ਉਤਸ਼ਾਹ ਤੇ ਪ੍ਰੇਰਣਾ ਪ੍ਰਦਾਨ ਕਰਨ ਵਾਲਾ ਰਾਗ ਹੈ। ਗੁਰੂ ਨਾਨਕ ਦੇਵ ਜੀ ਨੇ ਆਰਤੀ ਦਾ ਉਚਾਰਨ ਇਸੇ ਰਾਗ ਵਿੱਚ ਕੀਤਾ ਹੈ। ਇਸ ਦੇ ਉਚਾਰਨ ਦਾ ਸਮਾਂ ਦਿਨ ਦਾ ਤੀਜਾ ਪਹਿਰ ਨਿਸ਼ਚਿਤ ਕੀਤਾ ਗਿਆ ਹੈ। ਗੁਰੂ ਅੰਗਦ ਦੇਵ ਜੀ ਤੋਂ ਇਲਾਵਾ ਬਾਕੀ ਪੰਜ ਗੁਰੂ ਸਾਹਿਬਾਨ ਦੀ ਬਾਣੀ ਇਸ ਰਾਗ ਵਿੱਚ ਦਰਜ ਮਿਲਦੀ ਹੈ।

**ਰਾਗ ਜੈਤਸਰੀ**: ਜੈਤਸਰੀ ਰਾਗ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 11ਵਾਂ ਰਾਗ ਹੈ। ਦੂਜੇ ਧਾਰਮਿਕ ਗ੍ਰੰਥਾਂ ਵਿੱਚ ਇਸ ਨੂੰ ਜਯੰਤ ਸ੍ਰੀ ਨਾਮ ਨਾਲ ਵੀ ਜਾਣਿਆ ਜਾਂਦਾ ਹੈ ਪਰ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਦਾ ਉਚਾਰਨ ਜੈਤਸਰੀ ਰਾਗ ਨਾਲ ਹੀ ਕੀਤਾ ਜਾਂਦਾ ਹੈ। ਇਹ ਰਾਗ ਕੋਮਲਤਾ ਭਰਿਆ ਹੈ। ਇਹ ਰਾਗ ਗੁਰੂ ਗ੍ਰੰਥ ਸਾਹਿਬ ਵਿੱਚ ਪੰਨਾ ਨੰਬਰ 696 ਤੋਂ ਸ਼ੁਰੂ ਹੁੰਦਾ ਹੈ ਤੇ ਇਸ ਦੇ ਉਚਾਰਨ ਦਾ ਸਮਾਂ ਚੌਥੇ ਪਹਿਰ ਦਾ ਹੈ।

**ਰਾਗ ਟੋਡੀ**: ਰਾਗ ਟੋਡੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਰ੍ਹਵਾਂ ਰਾਗ ਹੈ। ਇਹ ਰਾਗ ਲਚਕਦਾਰ ਹੈ ਤੇ ਇਸ ਦੇ ਉਚਾਰਨ ਨਾਲ ਕਈ ਤਰ੍ਹਾਂ ਦੀਆਂ ਭਾਵਨਾਵਾਂ ਪੈਦਾ ਹੁੰਦੀਆਂ ਹਨ, ਜੋ ਸ਼ਾਂਤੀ ਤੇ ਮਿਠਾਸ ਪ੍ਰਦਾਨ ਕਰਦੀਆਂ ਹਨ। ਇਹ ਰਾਜਿਆਂ, ਮਹਾਰਾਜਿਆ ਦੀ ਉਸਤਤ ਲਈ ਉਚਾਰਿਆ ਜਾਂਦਾ ਰਿਹਾ ਹੈ। ਗੁਰੂ ਗ੍ਰੰਥ ਸਾਹਿਬ'ਚ ਇਸ ਨੂੰ ਅਕਾਲ ਉਸਤਤਿ ਲਈ ਗਾਣ ਕੀਤਾ ਜਾਂਦਾ ਹੈ ਇਹ ਰਾਗ ਗੁਰੂ ਗ੍ਰੰਥ ਸਾਹਿਬ ਵਿੱਚ ਅੰਕ ਨੰਬਰ 711 ਤੋਂ ਸ਼ੁਰੂ ਹੁੰਦਾ ਹੈ ਤੇ ਇਸ ਦੇ ਉਚਾਰਨ ਦਾ ਸਮਾਂ ਦਿਨ ਦੇ ਦੂਜੇ ਪਹਿਰ ਦਾ ਹੈ।

**ਰਾਗ ਬੈਰਾੜੀ**: ਇਹ ਰਾਗ ਗਿਣਤੀ ਪੱਖੋਂ ਤੇਰ੍ਹਵੇਂ ਸਥਾਨ 'ਤੇ ਆਉਂਦਾ ਹੈ। ਦੂਜੇ ਰਾਗਾਂ ਦੇ ਮੁਕਾਬਲੇ ਇਹ ਰਾਗ ਉਚਾਰਨ ਕਰਨਾ ਥੋੜ੍ਹਾ ਕਠਿਨ ਜ਼ਰੂਰ ਹੈ ਪਰ ਇਸ ਦੇ ਉਚਾਰਨ ਨਾਲ ਇਨਸਾਨ ਦੇ ਮਨ ਵਿੱਚ ਪਰਮਾਤਮਾ ਨੂੰ ਪਾਉਣ ਤੇ ਉਸ ਦੀ ਪ੍ਰਸ਼ੰਸਾ ਕਰਨ ਦੀ ਪ੍ਰੇਰਣਾ ਮਿਲਦੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਇਹ ਰਾਗ ਪੰਨਾ ਨੰਬਰ 719 ਤੋਂ ਸ਼ੁਰੂ ਹੁੰਦਾ ਹੈ। ਇਸ ਦੇ ਉਚਾਰਨ ਦਾ ਸਮਾਂ ਦਿਨ ਦਾ ਚੌਥਾ ਪਹਿਰ ਹੈ। ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਇਸ ਰਾਗ ਵਿੱਚ ਅੰਕਿਤ ਮਿਲਦੀ ਹੈ।

**ਰਾਗ ਤਿਲੰਗ**: ਇਹ ਰਾਗ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 14ਵਾਂ ਰਾਗ ਹੈ। ਇਹ ਸੁਖੈਨ ਰਾਗ ਹੈ। ਇਹ ਮੁਸਲਮਾਨਾਂ ਦਾ ਹਰਮਨਪਿਆਰਾ ਰਾਗ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਬਰ ਬਾਣੀ ਇਸੇ ਰਾਗ ਵਿੱਚ ਦਰਜ ਹੈ। ਗੁਰੂ ਅੰਗਦ ਦੇਵ ਜੀ ਤੇ ਗੁਰੂ ਅਮਰਦਾਸ ਜੀ ਤੋਂ ਇਲਾਵਾ ਬਾਕੀ ਚਾਰ ਗੁਰੂਆਂ ਦੀ ਬਾਣੀ ਇਸੇ ਰਾਗ ਵਿੱਚ ਦਰਜ ਮਿਲਦੀ ਹੈ। ਇਹ ਰਾਗ ਗੁਰੂ ਗ੍ਰੰਥ ਸਾਹਿਬ ਵਿੱਚ ਪੰਨਾ ਨੰਬਰ 721 ਤੋਂ ਸ਼ੁਰੂ ਹੁੰਦਾ ਹੈ ਅਤੇ ਇਸ ਦੇ ਉਚਾਰਨ ਦਾ ਸਮਾਂ ਦਿਨ ਦੇ ਤੀਸਰੇ ਪਹਿਰ ਦਾ ਹੈ।

**ਰਾਗ ਸੂਹੀ**: ਰਾਗ ਸੂਹੀ ਗਿਣਤੀ ਪੱਖੋਂ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 15ਵਾਂ ਰਾਗ ਹੈ। ਇਹ ਖ਼ੁਸ਼ੀ ਅਤੇ ਆਨੰਦ ਪ੍ਰਦਾਨ ਕਰਨ ਵਾਲਾ ਰਾਗ ਹੈ। ਇਹ ਜੋਸ਼ ਭਰਪੂਰ ਰਾਗ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਆਨੰਦ ਕਾਰਜ ਸਮੇਂ ਪੜ੍ਹੀ ਜਾਣ ਵਾਲੀ ਬਾਣੀ ਇਸੇ ਰਾਗ ਵਿੱਚ ਦਰਜ ਹੈ। ਇਹ ਅੰਕ ਨੰਬਰ 728 ਤੋਂ ਸ਼ੁਰੂ ਹੁੰਦਾ ਹੈ। ਇਸ ਦੇ ਉਚਾਰਨ ਦਾ ਸਮਾਂ ਦਿਨ ਦਾ ਦੂਸਰਾ ਪਹਿਰ ਹੈ।

**ਰਾਗ ਬਿਲਾਵਲ**: ਇਹ ਰਾਗ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 16ਵਾਂ ਰਾਗ ਹੈ। ਇਹ ਪੁਰਾਤਨ ਰਾਗ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਇਹ ਰਾਗ ਅੰਕ ਨੰਬਰ 795 ਤੋਂ ਸ਼ੁਰੂ ਹੁੰਦਾ ਹੈ। ਗੁਰੂ ਅੰਗਦ ਦੇਵ ਜੀ ਤੋਂ ਬਿਨਾਂ ਬਾਕੀ ਪੰਜ ਗੁਰੂ ਸਾਹਿਬਾਨ ਦੀ ਬਾਣੀ ਇਸ ਰਾਗ ਵਿੱਚ ਦਰਜ ਮਿਲਦੀ ਹੈ। ਇਸ ਰਾਗ ਦਾ ਉਚਾਰਨ ਸਮਾਂ ਦਿਨ ਦਾ ਦੂਜਾ ਪਹਿਰ ਹੈ।

ਰਾਗ ਗੌਂਡ: ਇਹ ਰਾਗ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 17ਵਾਂ ਰਾਗ ਹੈ। ਇਹ ਰਾਗ ਮਿਠਾਸ, ਸੁੰਦਰਤਾ ਤੇ ਪ੍ਰਭਾਵਸ਼ਾਲੀ ਢੰਗ ਨਾਲ ਉਚਾਰਨ ਕੀਤਾ ਜਾਣ ਵਾਲਾ ਰਾਗ ਹੈ। ਕਈ ਬਾਣੀਕਾਰ ਜਾਂ ਕੀਰਤਨੀਏ ਇਸ ਰਾਗ ਨੂੰ ਬਿਲਾਵਲ ਰਾਗ ਨਾਲ ਮਿਲਾ ਕੇ ਉਚਾਰਨ ਕਰਦੇ ਹਨ। ਇਸ ਰਾਗ ਦੇ ਉਚਾਰਨ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ।

**ਰਾਗ ਰਾਮਕਲੀ**: ਇਹ ਰਾਗ ਗਿਣਤੀ ਪੱਖੋਂ 18ਵਾਂ ਹੈ। ਇਸ ਦਾ ਸਬੰਧ ਕਰੁਣਾ ਨਾਲ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਇਹ ਰਾਗ ਅੰਕ ਨੰਬਰ 876 'ਤੇ ਦਰਜ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ 'ਸਿਧ ਗੋਸਟਿ' ਇਸੇ ਰਾਗ ਵਿੱਚ ਦਰਜ ਹੈ। ਇਸ ਤੋਂ ਇਲਾਵਾ 'ਆਨੰਦ' ਤੇ 'ਸਦ' ਬਾਣੀਆਂ ਵੀ ਇਸੇ ਰਾਗ ਵਿੱਚ ਦਰਜ ਹਨ।

**ਰਾਗ ਨਟ-ਨਰਾਇਣ**: ਇਹ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 19ਵਾਂ ਰਾਗ ਹੈ। ਇਹ ਸੰਪੂਰਨ ਜਾਤੀ ਦਾ ਰਾਗ ਹੈ, ਜਿਹੜਾ ਵਿਯੋਗ ਪਿੱਛੋਂ ਪਰਮਾਤਮਾ ਨਾਲ ਮਿਲਾਪ ਤੋਂ ਬਾਅਦ ਹੋਣ ਵਾਲੀ ਖ਼ੁਸ਼ੀ, ਪ੍ਰਸੰਨਤਾ ਅਤੇ ਆਨੰਦ ਪ੍ਰਦਾਨ ਕਰਨ ਵਾਲਾ ਹੈ। ਇਹ ਰਾਗ ਗੁਰੂ ਗ੍ਰੰਥ ਸਾਹਿਬ ਵਿੱਚ ਅੰਕ ਨੰਬਰ 975 'ਤੇ ਦਰਜ ਹੈ। ਇਸ ਦਾ ਉਚਾਰਨ ਦਾ ਸਮਾਂ ਰਾਤ ਦਾ ਦੂਸਰਾ ਪਹਿਰ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਵਿੱਚੋਂ ਗੁਰੂ ਰਾਮ ਦਾਸ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਇਸੇ ਰਾਗ ਵਿੱਚ ਦਰਜ ਮਿਲਦੀ ਹੈ।

**ਰਾਗ ਮਾਲੀ ਗਉੜਾ**: ਇਹ ਰਾਗ ਗਿਣਤੀ ਪੱਖੋਂ 20ਵਾਂ ਹੈ। ਇਹ ਪੁਰਾਤਨ ਰਾਗ ਹੈ। ਇਹ ਖ਼ੁਸ਼ੀ ਤੇ ਆਨੰਦ ਪ੍ਰਦਾਨ ਕਰਨ ਵਾਲਾ ਰਾਗ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਵਿੱਚ ਇਹ ਰਾਗ ਅੰਕ ਨੰਬਰ 984 ਤੋਂ ਸ਼ੁਰੂ ਹੁੰਦਾ ਹੈ। ਇਸ ਦਾ ਉਚਾਰਨ ਦਿਨ ਦੇ ਢਲਣ ਸਮੇਂ ਕੀਤਾ ਜਾਂਦਾ ਹੈ। ਗੁਰੂ ਰਾਮ ਦਾਸ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਇਸ ਰਾਗ ਵਿੱਚ ਵੀ ਦਰਜ ਮਿਲਦੀ ਹੈ।

**ਰਾਗ ਮਾਰੂ**: ਗਿਣਤੀ ਪੱਖੋਂ ਇਹ 21ਵਾਂ ਰਾਗ ਹੈ। ਇਹ ਰਾਗ ਜੋਸ਼ ਤੇ ਵੈਰਾਗ ਵਾਲਾ ਹੈ। ਇਸ ਰਾਗ ਨੂੰ ਉਚਾਰਨ ਦਾ ਸਮਾਂ ਦਿਨ ਦੀ ਢਲਦੀ ਦੁਪਹਿਰ ਹੈ। ਇਹ ਗੁਰੂ ਗ੍ਰੰਥ ਸਾਹਿਬ ਵਿੱਚ ਅੰਕ ਨੰਬਰ 989 ਤੋਂ ਸ਼ੁਰੂ ਹੁੰਦਾ ਹੈ। ਇਸ ਦੀਆਂ ਦੋ ਹੋਰ ਕਿਸਮਾਂ ਮਾਰੂ ਦੱਖਣੀ ਤੇ ਮਾਰੂ ਕਾਫੀ ਵੀ ਮਿਲਦੀਆਂ ਹਨ। ਗੁਰੂ ਸਾਹਿਬਾਨ ਵਿੱਚੋਂ ਪਹਿਲੇ ਪੰਜ ਗੁਰੂਆਂ ਤੋਂ ਇਲਾਵਾ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਇਸ ਰਾਗ ਵਿੱਚ ਦਰਜ ਮਿਲਦੀ ਹੈ। ਗੁਰੂ ਅੰਗਦ ਦੇਵ, ਗੁਰੂ ਅਮਰਦਾਸ ਤੇ ਗੁਰੂ ਅਰਜਨ ਦੇਵ ਜੀ ਦੀਆਂ ਲਿਖੀਆਂ ਵਾਰਾਂ ਵੀ ਇਸ ਰਾਗ ਵਿੱਚ ਦਰਜ ਮਿਲਦੀਆਂ ਹਨ।



# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੇਮਿਸਾਲ ਅਧਿਆਤਮਕ ਰਚਨਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦਾ ਸਭ ਤੋਂ ਪਵਿੱਤਰ ਗ੍ਰੰਥ ਹੈ ਜਿਸਨੂੰ ਗੁਰੂ ਸਹਿਬਾਨ ਨੇ ਸਦੀਵੀ ਸ਼ਬਦ-ਰੂਪੀ 'ਗੁਰੂ' ਵਜੋਂ ਮਾਨਤਾ ਦਿੱਤੀ ਹੈ। ਇਸ ਗੱਲ ਵਿੱਚ ਕੋਈ ਅਤਿਕਥਨੀ ਨਹੀਂ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੁਨੀਆਂ ਦਾ ਪਹਿਲਾ ਇੱਕੋ-ਇੱਕ ਅਜਿਹਾ ਗ੍ਰੰਥ ਹੋਵੇਗਾ ਜਿਸ ਵਿੱਚ ਨਾ ਕੇਵਲ ਗੁਰੂ ਸਾਹਿਬਾਨ ਦੀ ਹੀ ਬਾਣੀ ਦਰਜ ਹੈ ਸਗੋਂ ਇਸ ਵਿੱਚ ਬਿਨਾਂ ਕਿਸੇ ਜਾਤੀ ਭੇਦਭਾਵ ਦੇ ਅਨੇਕਾਂ ਸੰਤਾਂ-ਭਗਤਾਂ ਦੀਆਂ ਸਿੱਖਿਆਵਾਂ ਦਾ ਅੰਬਾਰ ਵੀ ਸੰਕਲਿਤ ਹੈ।ਅਰਦਾਸ ਦੇ ਸਰੋਤ ਜਾਂ ਮਾਰਗ ਦਰਸ਼ਕ ਵਜੋਂ ਆਦਿ ਗ੍ਰੰਥ ਸਿੱਖੀ ਵਿੱਚ ਬੰਧਨਾਂ ਅਤੇ ਭਗਤੀ ਦਾ ਕੇਂਦਰੀ ਧੁਰਾ ਹੈ। ਆਦਿ ਗ੍ਰੰਥ ਸਾਹਿਬ ਜੀ ਦਾ ਸੰਕਲਨ ਪੰਜਵੇਂ ਗੁਰੂ ਧੰਨ-ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਪੰਜ ਗੁਰੂਆਂ ਅਤੇ ਹੋਰ ਮਹਾਨ ਸੰਤਾਂ ਜਾ ਭਗਤਾਂ,ਜੋ ਕਿ ਵੱਖ-ਵੱਖ ਧਰਮਾਂ,ਜਾਤਾਂ ਨਾਲ ਸੰਬੰਧ ਰੱਖਦੇ ਸਨ,ਦੀ ਬਾਣੀ ਇੱਕਤਰ ਕਰ ਕੇ ਕੀਤਾ ਕੀਤਾ ਗਿਆ। ਇਸ ਪਵਿੱਤਰ ਬੀੜ ਨੂੰ ਭਾਈ ਗੁਰਦਾਸ ਜੀ ਦੇ ਹੱਥੋਂ ਲਿਖਵਾਇਆ ਗਿਆ। ਸਤੰਬਰ 1604 ਈ: ਨੂੰ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕੀਤਾ। ਬਾਬਾ ਬੁੱਢਾ ਜੀ ਨੂੰ ਗੁਰੁ ਜੀ ਨੇ ਫੁਰਮਾਨ ਕੀਤਾ ਠਬਾਬਾ ਬੁੱਢਾ ਖੋਲੋ ਗ੍ਰੰਥ ਦੇਹੋ ਅਵਾਜ ਸੁਣੈ ਸਭ ਪੰਥੂ। ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਪਹਿਲਾ ਹੁਕਮਨਾਮਾ ਠਸੰਤਾ ਕੇ ਕਾਰਜਿ ਆਪ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮੂ ਲਿਆ ਸੀ। ਉਸੇ ਦਿਨ ਹੀ ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਦੀ ਪਦਵੀ ਦਿੱਤੀ ਗਈ। ਉਸ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਇਕੱਤਰ ਕਰ ਕੇ ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਪਾਸੋ 'ਆਦਿ ਗ੍ਰੰਥ' ਸਾਹਿਬ ਵਿੱਚ ਦਰਜ ਕਰਵਾ ਕੇ ਆਦਿ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਦਾ ਦਰਜਾ ਦਿੱਤਾ ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਮੁਖੀ ਲਿਪੀ ਵਿੱਚ ਲਿਖਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਮੱਧ ਕਾਲ ਵਿਚਲੀ ਬਹੁ-ਭਾਸ਼ਾ ਦੇ ਉਤਮ ਨਮੂਨੇ ਨੂੰ ਆਪਣੇ ਕਲੇਵਰ ਵਿੱਚ ਸਮੋਇਆ ਹੋਇਆ ਹੈ।ਕਿਧਰੇ ਲਹਿੰਦੀ ਪੰਜਾਬੀ,ਕਿਧਰੇ ਬ੍ਰਿਜ ਭਾਸ਼ਾ, ਕਿਤੇ ਖੜ੍ਹੀ ਬੋਲੀ,ਸੰਸਕ੍ਰਿਤ ਅਤੇ ਕਈ ਥਾਂਵਾਂ'ਤੇ ਫਾਰਸੀ ਭਾਸ਼ਾ ਦੇ ਤਲਿਸਮ ਜਾਪਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭਾਸ਼ਾ ਨੂੰ 'ਸੰਤ ਭਾਸ਼ਾ' ਕਿਹਾ ਜਾਂਦਾ ਹੈ। ਕਾਵਿ ਰੂਪਾਂ ਦੀ ਦ੍ਰਿਸ਼ਟੀ ਤੋਂ ਪੰਜਾਬੀ ਸਾਹਿਤ ਦਾ ਅਨਮੋਲ ਖਜ਼ਾਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੇਖਣ ਨੂੰ ਮਿਲਦਾ ਹੈ । ਕੁੱਲ 55 ਕਾਵਿ ਰੂਪ ਵਰਤੇ ਗਏ ਹਨ,ਜਿਨ੍ਹਾਂ ਵਿੱਚੋਂ ਆਰਤੀ, ਅਲਾਹੁਣੀਆਂ, ਸੋਹਿਲਾ, ਰੁਤੀ, ਘੋੜੀਆਂ, ਬਾਰਾਂਮਾਂਹ, ਪੱਟੀ, ਦਿਨ ਰੈਣਿ, ਗਾਥਾ, ਸਤਵਾਰਾ, ਬਿਰਹੜੇ, ਕਾਫੀ, ਬਾਵਨ ਅੱਖਰੀ, ਵਾਰ ਪਾਉੜੀ, ਛੰਤ ਆਦਿ ਪ੍ਰਮੁੱਖ ਹਨ। ਅਲੰਕਾਰਾਂ ਦੀਆਂ ਤਿੰਨ ਕਿਸਮਾਂ ਸ਼ਬਦ ਅਲੰਕਾਰ,ਅਰਥ ਅਲੰਕਾਰ, ਸ਼ਬਦਾਰਥ ਅਲੰਕਾਰ ਦੇ ਦਰਸ਼ਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਕੀਤੇ ਜਾ ਸਕਦੇ ਹਨ। ਜਿਵੇਂ ਠਕਾਮ ਕ੍ਰੋਧ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ॥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਬਾਣੀ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿੱਚ ਨਿੱਤ ਨੇਮ ਦੀਆਂ ਬਾਣੀਆਂ,ਦੂਜੇ ਭਾਗ ਵਿੱਚ ਰਾਗ-ਬੱਧ ਬਾਣੀ,ਜਿਸ ਵਿੱਚ ਇਹ ਸ਼ਬਦ ਅਸ਼ਟਪਦੀਆਂ,ਵਿਸ਼ੇਸ਼ ਬਾਣੀਆਂ, ਛੰਤ ਅਤੇ ਵਾਰਾਂ ਸੰਕਲਿਤ ਹਨ । ਵਾਰਾਂ ਤੋਂ ਪਿੱਛੋਂ ਭਗਤਾਂ ਦੀ ਬਾਣੀ ਸ਼ਾਮਿਲ ਕੀਤੀ ਗਈ ਹੈ।ਸਾਰੀ ਬਾਣੀ ਗੁਰੂ ਕਰਮ ਅਨੁਸਾਰ ਹੈ।ਤੀਜੇ ਭਾਗ ਵਿੱਚ ਸਹਸਕ੍ਰਿਤੀ, ਸਲੋਕ, ਗਾਥਾ, ਫੁਨਹੇ, ਚਉਬਲੇ, ਸਲੋਕ ਭਗਤ ਕਬੀਰ ਅਤੇ ਫਰੀਦ, ਸਵੈਯੇ,ਸਲੋਕ ਵਾਰਾਂ ਤੇ ਵਧੀਕ,ਸਲੋਕ ਮਹੱਲਾ 1 , ਮੁੰਦਾਵਣੀ ਅਤੇ ਰਾਗ ਮਾਲਾ ਸ਼ਾਮਿਲ ਹਨ। ਇਸ ਭਾਗ ਵਿਚਲੀਆਂ ਬਾਣੀਆਂ ਰਾਗ ਰਹਿਤ ਹਨ। ਸਮੁੱਚੀ ਬਾਣੀ 31 ਰਾਗਾਂ ਵਿੱਚ ਰਚੀ ਗਈ ਹੈ। ਪਹਿਲਾ ਰਾਗ ਸਿਰੀਰਾਗ ਅਤੇ ਅੰਤਿਮ ਰਾਗ ਜੈਜਾਵੰਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਭਾਵੇਂ ਸਾਰੇ ਰਸਾਂ ਦੀ ਪ੍ਰਬੀਨਤਾ ਸਹਿਤ ਵਰਤੋਂ ਕੀਤੀ ਗਈ ਹੈ ਪਰ ਇਸ ਵਿਚਲਾ ਪ੍ਰਧਾਨ ਰਸ ਸ਼ਾਂਤ ਰਸ ਹੈ। ਜਿਸ ਦਾ ਸਿਖ਼ਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਲੋਕ ਸੁਣਨ ਸਮੇਂ ਮਿਲਦਾ ਹੈ। ਇਸ ਤੋਂ ਇਲਾਵਾ ਇਸ ਵਿੱਚ ਕਰੁਣਾ, ਵੀਭਤਸ,ਭਿਆਨਕ ਅਤੇ ਰੌਦਰ ਰਸਾਂ ਦੀ ਵੀ ਵਰਤੋਂ ਕੀਤੀ ਗਈ ਹੈ। ਸੋ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਸਾਹਿਬਾਨਾਂ ਤੋਂ ਬਿਨਾਂ ਵੱਖੋ ਵੱਖਰੇ ਪ੍ਰਾਂਤਾਂ,ਧਰਮਾਂ ਅਤੇ ਜਾਤਾਂ ਨਾਲ ਸੰਬੰਧਿਤ ਸੰਤਾਂ,ਫਕੀਰਾਂ ਅਤੇ ਭਗਤਾਂ ਦੀ ਬਾਣੀ ਨੂੰ ਬੜੇ ਯੋਜਨਾਬੱਧ ਤਰੀਕੇ ਨਾਲ ਪ੍ਰਮਾਣਿਕ ਰੂਪ ਵਿੱਚ ਗੁਰੂ ਗ੍ਰੰਥ ਸਾਹਿਬ ਰਾਹੀਂ ਸਾਡੇ ਤੱਕ ਪਹੁੰਚਾਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਹਿਤਕ ਮਹਾਨਤਾ ਦਾ ਜ਼ਿਕਰ ਕਰਦਾ ਹੋਇਆ ਇੱਕ ਪੱਛਮੀ ਵਿਦਵਾਨ ਲਿਖਦਾ ਹੈ ਠਵਿਸ਼ਵ ਦੀਆਂ ਧਰਮ ਪੁਸਤਕਾਂ ਵਿੱਚ ਸ਼ਾਇਦ ਹੀ ਕਿਸੇ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਮਾਨ ਸਾਹਿਤਕ ਖ਼ੂਬਸੂਰਤੀ ਹੋਵੇ ਜਾਂ ਇੱਕ ਰਸ ਅਨੁਭਵੀ,ਗਿਆਨ ਦੀ ਉਚਤਾ ਹੋਵੂ। ਸਰਬ ਕਲਾ ਭਰਪੂਰ ਹਾਜ਼ਰਾ-ਹਜ਼ੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੋਜ਼ਾਨਾ ਪ੍ਰਕਾਸ਼ ਤੇ ਸੁੱਖ ਆਸਨ ਬੜੇ ਅਦਬ ਤੇ ਸਤਿਕਾਰ ਸਹਿਤ ਗੁਰਦੁਆਰਾ ਸਾਹਿਬ ਵਿੱਚ ਕੀਤਾ ਜਾਂਦਾ ਹੈ ਅਤੇ ਲੱਖਾਂ ਕਰੋੜਾਂ ਪ੍ਰਾਣੀ ਹਰ ਰੋਜ਼ ਨਮਸਕਾਰ ਕਰਕੇ 'ਸਰਬੱਤ ਦੇ ਭਲੇ' ਦੀ ਅਰਦਾਸ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪ੍ਰਮੇਸ਼ਰ ਜਾਂ ਨਿਰੰਕਾਰ ਦੇ ਬੋਲ ਹਨ, ਜਿਸ ਨਾਲ ਮਨ ਦੇ ਹਨ੍ਹੇਰੇ ਦੂਰ ਹੁੰਦੇ ਹਨ। ਇਹ ਬੋਲ ਸੰਸਾਰੀ ਜੀਵਾਂ ਨੂੰ ਨਿਰੰਕਾਰ ਦੀ ਕਿਰਪਾ ਦ੍ਰਿਸ਼ਟੀ ਸਦਕਾ ਬਾਣੀਕਾਰਾਂ ਦੇ ਮਾਧਿਅਮ ਰਾਹੀਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਪ੍ਰਾਪਤ ਹੋਇਆ ਹੈ।ਦਸ ਗੁਰੂ ਸਾਹਿਬਾਨ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਭਾਵ 'ਸ਼ਬਦ ਗੁਰੂ' ਹੀ ਸਾਡਾ ਗੁਰੂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਬਾਣੀ ਨੂੰ ਹਿਰਦੇ ਵਿੱਚ ਵਸਾਇਆਂ ਹੀ ਪ੍ਰਮੇਸ਼ਰ ਨਾਲ ਅਭੇਦਤਾ ਪ੍ਰਾਪਤ ਹੋ ਸਕਦੀ ਹੈ । ਗੁਰੂ ਪਾਤਸ਼ਾਹ ਦਾ ਫੁਰਮਾਨ ਹੈ:-

ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿ ਆਇ॥ ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ॥




# ਸਿੱਖ ਰਾਜ
## ਕਿਵੇਂ ਬਣਿਆ?

ਲੇਖਕ : ਗਿ: ਸੋਹਨ ਸਿੰਘ 'ਸੀਤਲ'

ਕਿਸ਼ਤ - 49

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

### ਅੰਬਾਲੇ ਦਾ ਇਲਾਕਾ ਤੇ ਸਰਹਿੰਦ ਲੁੱਟੀ

1754 ਈ. ਦੇ ਅਖ਼ੀਰ ਵਿਚ ਸਿੰਘਾਂ ਦਾ ਬਾਰਾਂ ਹਜ਼ਾਰ ਦਾ ਜੱਥਾ ਅੰਬਾਲੇ ਉਦਾਲੇ ਜਾ ਲੁੱਟ ਮਾਰ ਕਰਨ ਲੱਗਾ। ਸਰਹਿੰਦ ਦੇ ਨੇੜੇ ਜਾ ਕੇ ਸਿੰਘਾਂ ਦੇ ਜਜ਼ਬਾਤ ਭੜਕ ਉਠਦੇ ਸਨ। ਸੋ, ਇਸ ਵਾਰ ਵੀ ਸਿੰਘਾਂ ਨੇ ਧਾਵਾਕਰਕੇ ਸਰਹਿੰਦ ਦਾ ਕਸਬਾ ਜਾ ਲੁੱਟਿਆ ਤੇ ਫੇਰ ਠੀਕਰੀ ਵਾਲੇ ਨੂੰ ਨਿਕਲ ਗਏ। ਏਥੇ ਦਲ ਖਾਲਸੇ ਕੋਲ ਸ: ਆਲਾ ਸਿੰਘ (ਪਟਿਆਲੇ ਦੇ ਰਾਜ ਘਰਾਣੇ ਦਾ ਵੱਡਾ) ਮਦਦ ਵਾਸਤੇ ਆਇਆ। ਬਾਰਾਂ ਹਜ਼ਾਰ ਸਿੰਘ ਆਲਾ ਸਿੰਘ ਦੀ ਮਦਦ ਉਸ ਦੀ ਸਹਾਇਤਾ ਵਾਸਤੇ ਨਾਲ ਚੜ ਪਏ। ਦਲ ਖ਼ਾਲਸੇ ਦੀ ਮਦਦ ਨਾਲ ਸ. ਆਲਾ ਸਿੰਘ ਨੇ ਬੁਡਲਾਡਾ ਉੱਤੇ ਕਬਜ਼ਾ ਕਰ ਲਿਆ। 1755 ਈ। ਦੇ ਆਰੰਭ ਵਿਚ ਸਿੰਘਾਂ ਦਾ ਇਕ ਜੱਥਾ ਫੇਰ ਲਾਹੌਰ ਕੋਲ ਆ ਲੁੱਟ ਮਾਰ ਕਰਨ ਲੱਗਾ।

ਲਾਹੌਰ ਦਾ ਸੂਬੇਦਾਰ ਓਦੋਂ ਖ਼ਵਾਜਾ ਮਿਰਜ਼ਾ ਸੀ। ਉਸਨੇ ਆਪਣੇ ਭਰਾ ਖ਼ਵਾਜਾ ਕਾਜ਼ੀ ਨੂੰ ਫ਼ੌਜ ਦੇਕੇ ਭੇਜਿਆ, ਤਾਂ ਸਿੰਘ ਦੁਆਬਾ ਜਲੰਧਰ ਨੂੰ ਨਿਕਲ ਗਏ।

### ਕੁਤਬ ਖ਼ਾਂ ਦਾ ਸਰਹਿੰਦ ਉੱਤੇ ਕਬਜ਼ਾ

ਕੁਤਬ ਖ਼ਾਂ ਰੁਹੇਲੇ ਨੇ ਬਾਦਸ਼ਾਹ ਦਿੱਲੀ ਦੇ ਵਿਰੁਧ ਬਾਗ਼ੀ ਹੋ ਕੇ ਸਰਹਿੰਦ ਉੱਤੇ ਕਬਜ਼ਾ ਕਰ ਲਿਆ (11 ਮਾਰਚ, 1755 ਈ।) ਤੇ ਓਥੋਂ ਦੇ ਸੂਬੇਦਾਰ ਸਦੀਕ ਬੇਗ ਨੂੰ ਕੱਢ ਦਿੱਤਾ। ਰੁਹੇਲੇ ਦੀ ਤਾਕਤ ਵਧਦੀ ਵੇਖ ਕੇ ਅਦੀਨਾ ਅਦੀਨਾ ਬੇਗ ਤੇ ਕੁਤਬ ਖ਼ਾਂ ਦੀ ਲੜਾਈ

ਬੇਗ ਨੂੰ ਫ਼ਿਕਰ ਬਣ ਗਿਆ। ਉਸ ਨੇ ਦਲਖ਼ਾਲਸੇ ਤੋਂ ਮਦਦ ਹਾਸਲ ਕਰ ਲਈ। ਉਹ (ਸਣੇ ਸਿੰਘਾਂ) ਪੰਜਾਹ ਹਜ਼ਾਰ ਅਸਵਾਰ ਤੇ ਪੰਜਾਹ ਹਜ਼ਾਰ ਪੈਦਲ ਲੈ ਕੇ ਰੁਹੇਲੇ ਦੇ ਵਿਰੁਧ ਚੜਿਆ। 11 ਅਪ੍ਰੈਲ, 1755 ਈ. ਨੂੰ ਰੋਪੜ ਕੋਲ ਬੜੀ ਭਾਰੀ ਲੜਾਈ ਹੋਈ, ਜਿਸ ਵਿਚ ਕੁਤਬ ਖ਼ਾਂ ਰੁਹੇਲਾ ਤੇ ਉਸ ਦਾ ਮਦਦਗਾਰ ਜਮਾਲ ਖ਼ਾਂ ਮਲੇਰਕੋਟਲੇ ਵਾਲੇ ਮਾਰੇ ਗਏ।

### ਅਦੀਨਾ ਬੇਗ ਦਾ ਸਰਹਿੰਦ ਤੇ ਕਬਜ਼ਾ

ਅਦੀਨਾ ਬੇਗ ਨੇ ਸਰਹਿੰਦ ਉੱਤੇ ਕਬਜ਼ਾ ਕਰ ਲਿਆ। ਏਥੇ ਹੀ ਬੱਸ ਨਹੀਂ, ਉਹਨੇ ਸ਼ਾਹਾਬਾਦ, ਥਾਨੇਸਰ, ਘੁੜਾਮ, ਮਨਸੂਰਪੁਰ ਤੇ ਮੁਸਤਫ਼ਾਬਾਦ ਤਕ ਦਾ ਇਲਾਕਾ ਮੱਲ ਲਿਆ। ਬਾਦਸ਼ਾਹ ਤੇ ਵਜ਼ੀਰ ਨੇ ਉਸ ਦਾ ਟਾਕਰਾ ਕਰਨ ਦੀ ਥਾਂ ਉਸ ਨੂੰ 'ਜ਼ਫ਼ਰਜੰਗ ਬਹਾਦਰਦਾ ਖ਼ਿਤਾਬ ਤੇ ਸਰਹਿੰਦ ਦੀ ਸੂਬੇਦਾਰੀ ਦੇ ਸਿੰਘ ਜੈਪੁਰ ਦੇ ਸਿੰਘ ਦੇ ਇਲਾਕੇ ਵਿਚ ਦਿੱਤੀ ਥਾਨੇਸਰ ਤੋਂ ਸਿੰਘ ਅਦੀਨਾ ਬੇਗ ਇਲਾਕੇ ਵਿਚ ਤੋਂ ਵੱਖਰੇ ਹੋ ਗਏ।ਉਹ ਜੈਪੁਰ ਦੇ ਰਾਜਾ ਮਾਧੋ ਸਿੰਘ ਦੇ ਇਲਾਕੇ ਵਿੱਚ ਜਾ ਵੜੇ ਤੇ ਨਾਰਨੌਲ ਤੇ ਕਨੌਂਦ ਦਾ ਇਲਾਕਾ ਜਾ ਲੁਟਿਆ। ਮਾਧੋ ਸਿੰਘ ਨੇ ਮਦਦ ਵਾਸਤੇ ਮਰਹੱਟੇ ਸਦ ਲਏ, ਤਾਂ ਸਿੰਘ ਪਿੱਛੇ ਪੰਜਾਬ ਨੂੰ ਪਰਤ ਆਏ।

ਮੁਰਾਦ ਬੇਗਮ ਦੀ ਮਦਦ ਵਾਸਤੇ ਜਿਹੜੇ ਜਰਨੈਲ ਲਾਹੌਰ ਆਉਂਦੇ ਰਹੇ, ਸਿੰਘ ਉਹਨਾਂ ਨਾਲ ਦਲੇਰਾਨਾ ਟਕਰਦੇ ਰਹੇ। ਜਿਹੜੇ ਦੁਰਾਨੀ ਬਾਕੀ ਲੋਕਾਂ ਵਾਸਤੇ ਹਊਆ ਬਣੇ ਹੋਏ ਸਨ, ਸਿੰਘ ਉਹਨਾਂ ਦੀ ਪਰਵਾਹ ਨਾ ਕਰਦੇ। ਉਹ ਜਰਨੈਲ ਸਿੰਘਾਂ ਦੇ ਮਗਰ ਜੇ ਜ਼ਰਾ ਕੁ ਬੱਲਾਂ ਵਿੱਚ ਵੜਨ ਦੀ ਭੁੱਲ ਕਰਦੇ ਤਾਂ, ਸਿੰਘਾਂ ਦੇ ਹੱਥੋਂ ਨੁਕਸਾਨ ਉਠਾ ਕੇ ਵਾਪਸ ਮੁੜਦੇ।

ਕਸੂਰ ਲੁੱਟਿਆ ਇਕ ਦਿਨ ਸਿੰਘਾਂ ਦਾ ਇਕ ਜੱਥਾ ਕਸੂਰ ਵਿਚ ਜਾ ਵੜਿਆ ਤੇ ਮਨ ਭਾਉਂਦੀ ਲੁੱਟ ਮਾਰ ਕਰ ਕੇ ਨਿਕਲ ਗਿਆ। ਗਸ਼ਤੀ ਫ਼ੌਜ ਹੁਣ ਵੀ ਇਲਾਕੇ ਵਿਚ ਫਿਰਦੀ ਸੀ, ਪਰ ਉਹ ਸਿੰਘਾਂ ਦੇ ਜੱਥੇ ਦੇ ਸਾਮਣੇ ਹੋਣ ਦਾ ਹੌਸਲਾ ਨਾ ਕਰਦੀ। ਸਿੰਘਾਂ ਦੀ ਦੱਸ ਚੜਦੇ ਵਿਚ ਪੈਂਦੀ, ਤਾਂ ਸ਼ਾਹੀ ਫ਼ੌਜ ਲਹਿੰਦੇ ਵੱਲ ਹੋ ਤੁਰਦੀ, ਤੇ ਜੋ ਸਿੰਘ ਪਿੰਡ ਦੀ ਪਹਾੜ ਦੀ ਬਾਹੀ ਉੱਤੇ ਧਾਵਾ ਬੋਲਦੇ, ਤਾਂ ਸਰਕਾਰੀ ਫ਼ੌਜ ਦੋ ਕੋਹ ਦੱਖਣ ਵੱਲ ਨਿਕਲ ਜਾਂਦੀ।

ਉਸ ਵੇਲੇ ਸਭ ਤੋਂ ਵੱਡੀ ਤੇ ਜੱਥੇਬੰਦ ਤਾਕਤ ਪੰਜਾਬ ਵਿਚ ਸਿੰਘਾਂ ਦੀ ਹੀ ਸੀ। ਇਸ ਗੱਲ ਨੂੰ ਲਾਹੌਰ ਦੇ ਹਾਕਮ ਤੇ ਦੇਸ ਦੀ ਪਰਜਾ ਚੰਗੀ ਤਰਾਂ ਸਮਝ ਗਏ ਸਨ।

### ਪਰਜਾ ਤੰਗ ਆ ਗਈ

ਲੋਕ ਆਏ ਦਿਨ ਦੇ ਲੁੱਟੇ ਜਾਣ ਤੋਂ ਤੰਗ ਆ ਗਏ ਸਨ। ਉਹਨਾਂ ਨੂੰ ਕਿਸੇ ਅਜੇਹੇ ਮਾਲਕ (ਹਾਕਮ) ਦੀ ਲੋੜ ਸੀ, ਜੋ ਉਹਨਾਂ ਦੇ ਜਾਨ ਮਾਲ ਦੀ ਰਾਖੀ ਕਰੇ ਤੇ ਅਜੇਹਾ ਮਾਲਕ ਉਹਨਾਂ ਨੂੰ ਕੇਵਲ 'ਦਲ ਖ਼ਾਲਸਾ ਹੀ ਨਜ਼ਰ ਆਉਂਦਾ ਸੀ। ਦੂਜੇ ਪਾਸੇ ਦਲ ਖ਼ਾਲਸਾ' ਦੇ ਸਰਦਾਰ ਵੀ ਸਮਝਦੇ ਸਨ, ਕਿ 'ਸਿੱਖ ਰਾਜ' ਸਥਾਪਨ ਕਰਨ ਦਾ ਏਹੋ ਸਮਾਂ ਹੈ, ਕਿਉਂਕਿ ਪੰਜਾਬ ਵਿਚ ਰਾਜ ਕਰਨ ਯੋਗ ਹੋਰ ਕੋਈ ਤਾਕਤ ਨਹੀਂ ਰਹੀ। ਸੋ ਉਹਨਾਂ ਨੇ ਮੁਲਕ ਉੱਤੇ ਅਧਿਕਾਰ ਜਮਾਉਣ ਦਾ ਇਰਾਦਾ ਬਣਾ ਲਿਆ। ਪਰਜਾ ਨੂੰ ਕਿਸੇ ਮਾਲਕ ਦੀ ਲੋੜ ਸੀ ਤੇ ਸਿੰਘਾਂ ਨੂੰ ਪੰਜਾਬ ਦਾ ਮਾਲਕ ਬਣਨ ਦੀ, ਦੋਹਾਂ ਦਾ ਆਪਸ ਵਿਚ ਸਮਝੌਤਾ ਹੋ ਗਿਆ।

### ਸਿੰਘਾਂ ਦਾ ਰਾਖੀ ਪ੍ਰਬੰਧ

ਸਿੰਘਾਂ ਨੇ ਪਰਜਾ ਵਿਚ ਢੰਡੋਰਾ ਪਿਟਵਾ ਦਿੱਤਾ, "ਜਿਹੜਾ ਪਿੰਡ, ਇਲਾਕਾ ਜਾਂ ਚੌਧਰੀ ਆਪਣੀ ਹਰ ਫ਼ਸਲ ਵਿਚੋਂ ਪੰਜਵਾਂ ਹਿੱਸਾ 'ਦਲ ਖ਼ਾਲਸਾ ਦੀ ਭੇਟਾ ਕਰੇਗਾ, 'ਦਲ' ਉਸ ਦੀ ਹਰ ਤਰਾਂ ਦੀ ਰੱਖਿਆ ਕਰੇਗਾ। ਕੇਵਲ ਏਨਾ ਹੀ ਨਹੀਂ, ਕਿ ਸਿੰਘ ਆਪ ਉਹਦੇ ਇਲਾਕੇ ਵਿਚ ਲੁੱਟ ਮਾਰ ਨਹੀਂ ਕਰਨਗੇ, ਸਗੋਂ ਉਹਨਾਂ ਨੂੰ ਹੋਰ ਲੁਟੇਰਿਆਂ ਜਾਂ ਸਰਕਾਰੀ ਫ਼ੌਜਾਂ ਦੇ ਹੱਥੋਂ ਲੁੱਟੇ ਜਾਣ ਤੋਂ ਬਚਾਉਣਗੇ।ਨਿੱਤ ਦੇ ਸਰਕਾਰੀ ਮਾਮਲੇ ਜਾਂ ਉਗਰਾਹੀਆਂ ਦੇ ਥਾਂ, ਉਹਨਾਂ ਨੂੰ ਛੇ ਮਹੀਨੇ ਪਿਛੋਂ-ਹਾੜੀ, ਸਉਣੀ-ਹੋਈ ਫ਼ਸਲ ਦਾ ਪੰਜਵਾਂ ਹਿੱਸਾ ਦੇਣਾ ਪਵੇਗਾ।"

### ਬਹੁਤੇ ਇਲਾਕੇ ਸਿੰਘ ਦੀ ਰਾਖੀ ਵਿਚ

ਇਹ ਸੁਣ ਕੇ ਪਿੰਡਾਂ ਦੇ ਪਿੰਡ ਤੇ ਇਲਾਕਿਆਂ ਦੇ ਇਲਾਕੇ ਸਿੰਘਾਂ ਦੇ ਅਧੀਨ ਹੋ ਗਏ। ਇਸ ਪਰਬੰਧ ਨੂੰ ਦਲ ਖ਼ਾਲਸਾ ਦੀ"ਰਾਖੀ" ਆਖਦੇ ਹਨ । ਦਰਿਆ ਸਤਲੁਜ, ਬਿਆਸ, ਰਾਵੀ ਤੇ ਝਨਾਂ ਦੇ ਦੋਹੀਂ ਪਾਸੀਂ ਵੱਸਣ ਵਾਲੇ ਦਲ ਖ਼ਾਲਸੇ ਦੀ ਰਾਖੀ ਵਿਚ ਆ ਗਏ। ਕੋਈ ਟਾਵੇਂ ਟਾਵੇਂ ਪਿੰਡ ਜਾਂ ਇਲਾਕੇ ਹੀ ਆਕੀ ਰਹਿ ਗਏ। ਸਿੰਘ ਇਲਾਕੇ ਵਿਚ ਚੱਕਰ ਲਾਉਂਦੇ ਫਿਰਦੇ। ਆਪਣੀ 'ਰਾਖੀ ਵਿਚ ਆ ਚੁੱਕੇ ਪਿੰਡਾਂ ਦੀ ਰਾਖੀ ਕਰਦੇ ਤੇ ਆਕੀ ਪਿੰਡਾਂ ਨੂੰ ਲੁੱਟ ਲੈਂਦੇ।

ਲਾਹੌਰ ਸਰਕਾਰ ਹੀ ਹਕੂਮਤ ਸ਼ਹਿਰਾਂ ਤੇ ਕਿਲਿਆਂ ਦੀਆਂ ਕੰਧਾਂ ਦੇ ਅੰਦਰ ਹੀ ਰਹਿ ਗਈ ਸੀ। ਕੋਈ ਅਫ਼ਸਰ ਬਾਹਰ ਨਿਕਲਣ ਦੀ ਦਲੇਰੀ ਕਰਦਾ, ਤਾਂ ਸਿੰਘਾਂ ਦੇ ਕਿਸੇ ਨਾ ਕਿਸੇ ਜੱਥੇ ਹੱਥੋਂ ਨੁਕਸਾਨ ਉਠਾ ਕੇ ਵਾਪਸ ਪਰਤਦਾ। ਦੁਰਾਨੀ ਜਰਨੈਲ ਜੰਗਬਾਜ਼ ਖ਼ਾਂ ਦੇ ਆਉਣ ਉੱਤੇ ਜਮੀਲੁੱਦੀਨ ਲਾਹੌਰ ਦਾ ਖ਼ਜ਼ਾਨਾ ਲੈਕੇ ਦਿੱਲੀ ਨੂੰ ਉਠ ਨੱਸਿਆ ਸੀ। ਪਰ ਸਿੰਘਾਂ ਨੇ ਸਤਲੁਜ ਨਾ ਟੱਪਣ ਦਿੱਤਾ, ਜਾਂ ਫਲੌਰ ਕੋਲ ਸਭਕੁਛ ਲੁੱਟ ਪੁੱਟ ਲਿਆ । ਸੱਖਣੀ ਜਾਨ ਲੈ ਕੇ ਜਮੀਲੁੱਦੀਨ ਦਿੱਲੀ ਜਾ ਵੜਿਆ।

### ਜਮੀਲੁੱਦੀਨ ਲੁੱਟਿਆ ਖ਼ਾਲਸੇ ਦੇ ਜੱਥਿਆਂ ਦੀ ਵੰਡ

ਮੁਲਕ 'ਰਾਖੀ' ਵਿਚ ਲੈ ਕੇ ਦਲ ਖ਼ਾਲਸਾ ਨੇ ਆਪਣੇ ਜੱਥੇ ਇਲਾਕਿਆਂ ਵਿਚ ਵੰਡ ਦਿੱਤੇ, ਜੋ ਫਿਰ੍ਫਿਰ ਕੇ ਰਾਖੀ ਕਰਨ ਲੱਗੇ ਸ: ਕਰੋੜਾ ਸਿੰਘ ਤੇ ਬਾਬਾ ਦੀਪ ਸਿੰਘ 'ਸ਼ਹੀਦ' ਦੇ ਜੱਥੇ ਸਤਲੁਜ ਤੋਂ ਦੱਖਣ ਵੱਲ ਚਲੇ ਗਏ। ਸਿੰਘਪੁਰੀਏ ਤੇ ਆਹਲੂਵਾਲੀਏ ਦਰਿਆ ਘਾਰਾ (ਬਿਆਸ ਤੇ ਸਤਲੁਜ ਦੇ ਮਿਲਾਪ-ਹਰੀਕੇ-ਤੋਂ ਥੱਲੇ) ਦੇ ਦੋਹੀਂ ਪਾਸੀਂ ਰਾਖੀ ਕਰਨ ਲਈ ਥਾਪੇ ਗਏ ਨਕਈ ਮਿਸਲ ਦੇ ਹਵਾਲੇ ਨੱਕੇ ਦਾ ਇਲਾਕਾ (ਚੂਹਣੀਆਂ ਤਸੀਲ ਤੇ ਉਸ ਦੇ ਨਾਲ ਲੱਗਦਾ ਇਲਾਕਾ) ਕੀਤਾ ਗਿਆ। ਸ: ਜੈ ਸਿੰਘ ਕਨ੍ਹਈਆ ਤੇ ਸ: ਜੱਸਾ ਸਿੰਘ ਰਾਮਗੜੀਆ ਰਿਆੜਕੀ ਵਿਚ ਨੀਯਤ ਹੋਏ। ਸ: ਚੜਤ ਸਿੰਘ ਸ਼ੁਕਰਚੱਕੀਆਂ ਤੇ ਸ: ਹਕ ਸਿੰਘ ਭੰਗੀ ਦੁਆਬਾ ਰਚਨਾ (ਰਾਵੀ ਤੇ ਝਨਾਂ ਦੇ ਵਿਚਲਾ ਹਿੱਸਾ) ਤੇ ਦੁਆਬਾ ਚੱਜ (ਝਨਾਂ ਤੇ ਜਿਹਲਮ ਦੇ ਵਿਚਕਾਰ) ਉੱਤੇ ਕਾਬਜ਼ ਹੋਏ।

☛ ਬਾਕੀ ਅਗਲੇ ਅੰਕ ਵਿੱਚ

# ਸਿੱਖ ਵਿਰੋਧੀ ਬਿਰਤਾਂਤ ਵਾਲੀਆਂ ਫਿਲਮਾਂ ਨਾਲ ਨਿਪਟਿਆ ਕਿਵੇਂ ਜਾਵੇ?

**ਲੇਖਕ : ਪਰਮਿੰਦਰ ਸਿੰਘ ਸ਼ੌਂਕੀ**

ਐਮਰਜੈਂਸੀ" ਫਿਲਮ ਦਾ ਵਿਰੋਧ ਕਰ ਰਹੇ ਸਾਰੇ ਹੀ ਸੱਜਣਾਂ ਨੂੰ ਧਿਆਨ ਦੇਣਾ ਚਾਹੀਦਾ ਹੈ ਕਿ ਇਹ ਫਿਲਮ ਸਿੱਖਾਂ ਜਾਂ ਪੰਜਾਬ ਨੂੰ ਮੁੱਖ ਰੱਖ ਕੇ ਨਹੀਂ ਬਣਾਈ ਗਈ। ਅਜਿਹੀ ਕੋਈ ਫਿਲਮ ਭਾਰਤ ਵਿਚ ਬਣਦੀ ਵੀ ਨਹੀਂ।ਇਹ ਫਿਲਮ ਗੈਰ ਸਿੱਖਾਂ ਤੇ ਗੈਰ ਪੰਜਾਬੀ ਪੱਟੀ ਅੰਦਰ ਨੇਸ਼ਨ/ਸਟੇਟ ਦਾ ਬਿਰਤਾਂਤ ਸਥਾਪਤ ਕਰਨ ਤੇ ਚੁਰਾਸੀਵਿਆਂ ਦੇ ਸਿੱਖ ਸੰਘਰਸ਼ ਦੀ ਸ਼ੁਰੂ ਤੋਂ ਇੱਕ ਗੈਰ ਭਾਰਤੀ ਤਸਵੀਰ ਲੋਕ ਮਨਾਂ ਵਿਚ ਸਥਾਪਤ ਕਰਨ ਲਈ ਬਣਾਈ ਗਈ ਹੈ। ਇਸ ਲਈ ਇਸ ਗੱਲ ਨਾਲ ਉਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ ਕਿ ਇਹ ਫਿਲਮ ਪੰਜਾਬ ਦੇ ਸਿਨਮਿਆਂ ਅੰਦਰ ਲੱਗਦੀ ਹੈ ਜਾਂ ਨਹੀਂ, ਕਿਉਂਕਿ ਇਸ ਦਾ ਪੰਜਾਬ ਵਿਚ ਵਿਰੋਧ ਹੋਏਗਾ ਹੀ ਹੋਏਗਾ, ਇਹ ਗੱਲ ਫਿਲਮ ਬਣਾਉਣ ਵਾਲੇ ਫਿਲਮ ਬਣਾਉਣ ਵੇਲੇ ਤੋਂ ਹੀ ਜਾਣਦੇ ਹਨ। ਹੁਣ ਮੁੱਦੇ ਦੀ ਗੱਲ- ਗੱਲ ਫਿਰ ਤੁਹਾਨੂੰ ਭੈੜੀ ਲੱਗਣੀ ਵੀ ਮੈਂ ਅਜਿਹੀਆਂ ਗੱਲਾਂ ਹੀ ਕਿਉਂ ਕਰਦਾ ਹਾਂ,



ਪਰ ਕਰਨੀ ਬਣਦੀ ਹੈ ਕਿ ਐਮਰਜੈਂਸੀ ਦੀ ਘਟਨਾ ਦਾ ਜਿਸ ਹਵਾਲੇ ਨਾਲ ਅਸੀਂ ਵਿਰੋਧ ਕਰ ਰਹੇ ਹਾਂ, ਉਹ ਪਹਿਲਾਂ ਹੀ ਕਿਤਾਬੀ ਰੂਪ ਵਿਚ ਭਾਰਤ ਦੇ ਬੌਧਿਕ ਵਰਗ ਵਿਚ ਸਥਾਪਿਤ ਕੀਤਾ ਜਾ ਚੁੱਕਾ ਹੈ। ਤੁਸੀਂ ਅੰਗਰੇਜ਼ੀ/ਹਿੰਦੀ ਦੀ ਸ਼ਾਇਦ ਹੀ ਕੋਈ ਕਿਤਾਬ ਅਜਿਹੀ ਲੱਭ ਸਕੋਗੇ, ਜਿਸ ਵਿਚ ਐਮਰਜੈਂਸੀ ਦਾ ਸਿੱਖ/ਪੰਜਾਬ ਜਾਂ ਅਕਾਲੀ ਪੱਖ/ਸਮਝ ਜਾਂ ਘੱਟੋ-ਘੱਟ ਠੋਸ ਬਿਆਨ ਹੀ ਸ਼ਾਮਲ ਕੀਤਾ ਗਿਆ ਹੋਏ।ਇਸ ਪੱਖ ਤੋਂ ਇਹ ਫਿਲਮ ਬਿਰਤਾਂਤ ਦਾ ਮਹਿਜ਼ ਇੱਕ ਹੋਰ ਨਮੂਨਾ ਹੈ, ਇਹੋ ਜੇ ਹੋਰ ਕਈ ਨਮੂਨੇ ਤੁਹਾਡੇ ਵਿਰੋਧ ਤੋਂ ਪਹਿਲਾਂ ਹੀ ਗੈਰ ਪੰਜਾਬੀ ਪੱਟੀ ਅੰਦਰ ਸਟੇਟ ਵੱਲੋਂ ਭਾਰੂ ਕਰਵਾ ਦਿੱਤੇ ਗਏ ਹਨ ਤੇ ਉਸ ਵਕਤ ਤੁਸੀਂ ਸਾਰੇ ਚੁੱਪ ਸੀ। ਹੁਣ ਕੀ ਕੀਤਾ ਜਾਏ- ਸਵਾਲ ਇਹ ਹੈ ਕਿ ਕੀ ਅਜਿਹੀਆਂ ਫਿਲਮਾਂ ਜਾਂ ਘਟਨਾਵਾਂ ਦਾ ਵਿਰੋਧ ਨਾ ਕੀਤਾ ਜਾਏ? ਬਿਲਕੁਲ ਕੀਤਾ ਜਾਏ।ਵਿਰੋਧ ਕਰਨਾ ਜ਼ਰੂਰੀ ਹੈ। ਪਰ ਇਸ ਅਧਾਰ ਤੇ ਕਿ ਵਿਰੋਧ ਸਿਰਫ ਵਿਰੋਧ ਬਣ ਕੇ ਨਾ ਰਹਿ ਜਾਏ।ਸਾਡੇ ਵਿਰੋਧ ਵਿੱਚ ਬਿਰਤਾਂਤ ਭੰਨਣ ਦੀ ਸਮਰੱਥਾ ਹੋਏ ਤੇ ਉਹ ਬਿਰਤਾਂਤ ਪੰਜਾਬ ਜਾਂ ਸਿੱਖ ਮਾਨਸਿਕਤਾ ਨੂੰ ਧਿਆਨ ਵਿਚ ਰੱਖ ਕੇ ਨਾ ਸਿਰਜਿਆ ਜਾਂ ਪੇਸ਼ ਕੀਤਾ ਜਾਏ, ਬਲਕਿ ਜਿਸ ਸਮਾਜ ਤੇ ਲੋਕ ਮਨ ਲਈ ਨੇਸ਼ਨ/ਸਟੇਟ ਹੁਣ ਇਹ ਕਾਰਜ ਕਰਦੀ ਹੈ, ਉਨ੍ਹਾਂ ਨੂੰ ਮੁੱਖ ਰੱਖ ਕੇ ਕੀਤਾ ਜਾਏ।

# ਆਰ. ਐੱਸ. ਐੱਸ. ਦੀਆਂ ਸਰਗਰਮੀਆਂ ਵਿੱਚ ਸਰਕਾਰੀ ਕਰਮਚਾਰੀਆਂ ਦੀ ਸ਼ਮੂਲੀਅਤ ਕਿਉਂ?

**ਲੇਖਕ : ਡਾ. ਅਜੀਤਪਾਲ ਸਿੰਘ ਐੱਮ ਡੀ**

ਹਾਲ ਹੀ ਵਿੱਚ ਕੇਂਦਰ ਸਰਕਾਰ ਨੇ ਆਰਐੱਸਐੱਸ ਦੀਆਂ ਸਰਗਰਮੀਆਂ ਵਿੱਚ ਸਰਕਾਰੀ ਕਰਮਚਾਰੀਆਂ ਦੇ ਭਾਗ ਲੈਣ 'ਤੇ ਲੱਗੀ 58 ਸਾਲ ਪੁਰਾਣੀ ਬੰਦਸ਼ ਨੂੰ ਕਮਰਿਕ ਤੇ ਸਿਖਲਾਈ ਵਿਭਾਗ ਨੇ ਇੱਕ ਆਦੇਸ਼ ਦੀ ਮਾਰਫਤ ਹਟਾ ਦਿੱਤਾ ਹੈ। ਆਦੇਸ਼ ਆਉਣ 'ਤੇ ਕਈ ਦਹਾਕਿਆਂ ਬਾਅਦ ਇਹ ਜਨਤਕ ਵਿਚਾਰ ਵਟਾਂਦਰੇ ਦਾ ਮੁੱਦਾ ਬਣ ਗਿਆ ਹੈ ਤਾਂ ਅੱਡ-ਅੱਡ ਦਲੀਲਾਂ ਸਾਹਮਣੇ ਆ ਰਹੀਆਂ ਹਨ।

ਇਹਨਾਂ ਸਾਰਿਆਂ ਵਿੱਚ ਫੈਸਲੇ ਦਾ ਫੌਰੀ ਪ੍ਰਸੰਗ ਸੰਘ ਤੇ ਭਾਰਤੀ ਜਨਤਾ ਪਾਰਟੀ ਦੇ ਵਿੱਚ ਉਪਜੇ ਤਾਜ਼ਾ ਤਣਾਵਾਂ ਅਤੇ ਬਿਆਨਬਾਜ਼ੀਆਂ ਨੂੰ ਦਿੱਤਾ ਜਾ ਰਿਹਾ ਹੈ। ਇੱਥੇ ਜ਼ਿਕਰ ਕਰਨ ਯੋਗ ਹੈ ਕਿ ਫੈਸਲੇ ਦੀ ਪਿੱਠਭੂਮੀ ਮੱਧ ਪ੍ਰਦੇਸ਼ ਹਾਈਕੋਰਟ ਦੇ ਇੱਕ ਸੇਵਾ ਮੁਕਤ ਸਰਕਾਰੀ ਕਰਮਚਾਰੀ ਦੀ ਪਟੀਸ਼ਨ ਹੈ, ਜਿਸ ਵਿੱਚ ਪਾਬੰਦੀ ਹਟਾਉਣ ਦੀ ਮੰਗ ਕੀਤੀ ਗਈ ਸੀ। ਪਿਛਲੀ ਸੁਣਵਾਈ ਪਿਛਲੇ ਸਾਲ ਸਤੰਬਰ ਵਿੱਚ ਹੋਈ ਸੀ। ਛੇ ਸੁਣਵਾਈਆਂ ਪਿੱਛੋਂ 10 ਜੁਲਾਈ ਨੂੰ ਕੇਂਦਰ ਸਰਕਾਰ ਨੇ ਇੱਕ ਹਲਫਨਾਮਾ ਦਾਇਰ ਕਰਕੇ ਅਦਾਲਤ ਨੂੰ ਦੱਸਿਆ ਸੀ ਕਿ ਉਸ ਨੇ ਪਾਬੰਦੀਸ਼ੁਦਾ ਸੰਗਠਨਾਂ ਵਿੱਚੋਂ ਸੰਘ ਦਾ ਨਾਮ ਹਟਾਉਣ ਦਾ ਫੈਸਲਾ ਲੈ ਲਿਆ ਹੈ। 6 ਦਹਾਕੇ ਪੁਰਾਣੀ ਇਸ ਪਾਬੰਦੀ ਨੂੰ ਲੈ ਕੇ ਕਿੰਨੀ ਗਫਲਤ ਸੀ, ਇਸਦਾ ਪਤਾ ਉਸ ਸਮੇਂ ਲੱਗਾ ਜਦੋਂ ਕੋਰਟ ਦੇ ਬਾਰ-ਬਾਰ ਆਦੇਸ਼ ਦੇ ਬਾਵਜੂਦ ਕੇਂਦਰ ਸਰਕਾਰ ਨੇ ਕੋਈ ਜਵਾਬ ਦਾਖਲ ਨਹੀਂ ਕੀਤਾ। ਘੱਟੋ ਘੱਟ ਪੰਜ ਤਰੀਕਾਂ ਇਹੋ ਜਿਹੀਆਂ ਹਨ, ਜਦੋਂ ਅਦਾਲਤ ਨੇ ਕੇਂਦਰ ਸਰਕਾਰ ਦੇ ਕਰਮਚਾਰੀਆਂ ਦੇ ਆਰਐੱਸਐੱਸ ਨਾਲ ਜੁੜਨ 'ਤੇ ਲੱਗੀ ਪਾਬੰਦੀ ਨਾਲ ਸੰਬੰਧਿਤ ਸਰਕੁਲਰ ਦਾ ਆਧਾਰ ਜਾਣਨ ਦੀ ਕੋਸ਼ਿਸ਼ ਕੀਤੀ ਪਰ ਸਰਕਾਰ ਨੇ ਜਵਾਬ ਨਹੀਂ ਦਿੱਤਾ। ਤਦ ਅਦਾਲਤ ਨੇ ਉੱਚ ਅਧਿਕਾਰੀਆਂ ਨੂੰ ਤਲਬ ਕੀਤਾ। ਜਦੋਂ ਪਹਿਲੀ ਵਾਰ ਸੰਘ ਪ੍ਰਚਾਰਕ ਅਟਲ ਬਿਹਾਰੀ ਵਾਜਪਾਈ ਪ੍ਰਧਾਨ ਮੰਤਰੀ ਬਣੇ, ਉਦੋਂ ਵੀ ਇਹ ਪਾਬੰਦੀ ਜਾਰੀ ਰਹੀ। ਫਿਰ ਦੂਸਰੇ ਪ੍ਰਚਾਰਕ ਨਰਿੰਦਰ ਮੋਦੀ ਦੇ ਤੀਸਰੀ ਵਾਰੀ ਪ੍ਰਧਾਨ ਮੰਤਰੀ ਬਣਨ ਤਕ ਇਸ ਸਥਿਤੀ ਬਣੀ ਰਹੀ ਹੈ ਤੇ ਜਨਤਕ ਦਾਇਰੇ ਵਿੱਚ ਇਸ 'ਤੇ ਕੋਈ ਵੱਡੀ ਚਰਚਾ ਨਹੀਂ ਹੋਈ। ਇਸਦੇ ਬਾਵਜੂਦ ਕਥਿਤ ਤੌਰ 'ਤੇ 2023 ਦੇ ਅੰਤ ਤਕ ਸੰਘ ਦੀਆਂ ਕਰੀਬ ਇੱਕ ਲੱਖ ਸ਼ਾਖਾਵਾਂ ਦੇਸ਼ ਭਰ ਵਿੱਚ ਚਲਦੀਆਂ ਰਹੀਆਂ ਅਤੇ ਸਰਕਾਰੀ ਕਰਮਚਾਰੀ ਉਹਨਾਂ ਵਿੱਚ ਜਾਂਦੇ ਰਹੇ। ਇੰਨਾ ਹੀ ਨਹੀਂ, ਮੰਤਰਾਲਿਆ ਤੋਂ ਲੈ ਕੇ ਵਿਭਾਗਾਂ ਅਤੇ ਉੱਚ ਸਿੱਖਿਆ ਸੰਸਥਾਵਾਂ ਵਿੱਚ ਨਿਯੁਕਤੀਆਂ ਦੇ ਪਿੱਛੇ ਸੰਘ ਦੀ ਭੂਮਿਕਾ ਦੀ ਚਰਚਾ ਹੁੰਦੀ ਰਹੀ। ਦਿਲਚਸਪ ਗੱਲ ਇਹ ਵੀ ਹੈ ਕਿ ਜਿਸ ਮੱਧ ਪ੍ਰਦੇਸ਼ ਤੋਂ ਇਸ ਪਾਬੰਦੀ ਨੂੰ ਚੁਨੌਤੀ ਦਿੱਤੀ ਗਈ, ਉੱਥੇ ਭਾਜਪਾ ਸਰਕਾਰ ਆਉਣ 'ਤੇ 2003 ਵਿੱਚ ਪਾਬੰਦੀ ਹਟਾ ਲਈ ਗਈ ਸੀ। ਅਜਿਹਾ ਕਰਨ ਵਾਲਾ ਇਹ ਇਕਲੌਤਾ ਰਾਜ ਸੀ। ਇਸ ਪ੍ਰਸੰਗ ਵਿੱਚ ਰਾਜ ਸਰਕਾਰ ਦੇ ਕਰਮਚਾਰੀਆਂ ਲਈ ਦੋ ਸਰਕੁਲਰ 2006 ਵਿੱਚ ਜਾਰੀ ਕੀਤੇ ਗਏ ਸਨ। ਇੱਕ ਵਿੱਚ ਕਰਮਚਾਰੀਆਂ ਨੂੰ ਕਿਸੇ ਵੀ ਰਾਜਨੀਤਿਕ ਸੰਗਠਨ ਜਾਂ ਉਸ ਦੀਆਂ



ਸਰਗਰਮੀਆਂ ਤੋਂ ਅਲੱਗ ਰਹਿਣ ਨੂੰ ਕਿਹਾ ਗਿਆ ਸੀ, ਦੂਜੇ ਵਿੱਚ ਰਾਜਸੀ ਸੰਗਠਨਾਂ ਦੀ ਸੂਚੀ ਵਿੱਚੋਂ ਆਰਐੱਸਐੱਸ ਨੂੰ ਅਲੱਗ ਕਰਨ ਦੀ ਗੱਲ ਕਹੀ ਗਈ ਸੀ। ਹਾਲਾਂਕਿ ਕੇਂਦਰੀ ਲੋਕ ਸੇਵਾ ਆਚਾਰ ਨਿਗਮ 1964 ਦੀ ਧਾਰਾ (ਪੰਜ) ਸਾਫ ਕਹਿੰਦੀ ਹੈ ਕਿ ਕੋਈ ਵੀ ਸਰਕਾਰੀ ਕਰਮਚਾਰੀ ਕਿਸੇ ਵੀ ਰਾਜਨੀਤਿਕ ਸੰਗਠਨ ਦਾ ਮੈਂਬਰ ਨਹੀਂ ਹੋ ਸਕਦਾ ਜਾਂ ਉਸ ਨਾਲ ਸੰਬੰਧਿਤ ਨਹੀਂ ਹੋ ਸਕਦਾ, ਜੋ ਰਾਜਨੀਤੀ ਵਿੱਚ ਹਿੱਸਾ ਲੈਂਦਾ ਹੋਵੇ। ਅਤੇ ਨਾ ਹੀ ਉਹ ਕਿਸੇ ਵੀ ਰਾਜਸੀ ਅੰਦੋਲਨ ਜਾਂ ਸਰਗਰਮੀ ਵਿੱਚ ਭਾਗ ਲਏਗਾ, ਉਸ ਦੀ ਮਦਦ ਕਰੇਗਾ ਜਾਂ ਕਿਸੇ ਵੀ ਰੂਪ ਵਿੱਚ ਉਸ ਨਾਲ ਸੰਬੰਧ ਰੱਖੇਗਾ। ਜ਼ਾਹਿਰ ਹੈ ਕਿ ਸੰਘ ਨੂੰ ਰਾਜਸੀ ਸੰਗਠਨਾਂ ਦੀ ਸ਼੍ਰੇਣੀ ਵਿੱਚੋਂ ਬਾਹਰ ਕੱਢ ਦਿੱਤਾ ਗਿਆ ਹੈ ਅਤੇ ਉਸ ਉੱਤੇ 1996 ਵਿੱਚ ਲਾਈ ਪਾਬੰਦੀ ਨੂੰ ਹੁਣ ਹਟਾ ਲਿਆ ਗਿਆ ਹੈ। ਸੰਘ ਆਪ ਕਹਿੰਦਾ ਹੈ ਕਿ ਉਹ ਰਾਜਸੀ ਨਹੀਂ, ਸੱਭਿਆਚਾਰਕ ਸੰਗਠਨ ਹੈ। ਜਦੋਂ ਸਰਕਾਰ ਨੇ ਮੱਧ ਪ੍ਰਦੇਸ਼ ਹਾਈਕੋਰਟ ਦੇ ਪੰਜ ਨੋਟਿਸਾਂ ਦਾ ਕੋਈ ਜਵਾਬ ਨਹੀਂ ਦਿੱਤਾ ਤਾਂ ਅਦਾਲਤ ਨੇ 10 ਜੁਲਾਈ ਨੂੰ ਮਤਲਬ ਇਹ ਕੱਢ ਲਿਆ ਕਿ ਸੰਘ ਦੇ ਫਿਰਕੂ ਜਾਂ ਧਰਮ ਨਿਰਪੱਖਤਾ ਵਿਰੋਧੀ ਹੋਣ ਦੇ ਨਾਮ 'ਤੇ ਸਰਕਾਰੀ ਕਰਮਚਾਰੀਆਂ ਦੇ ਉਸ ਵਿੱਚ ਜਾਣ 'ਤੇ ਲਾਈ ਗਈ ਪਾਬੰਦੀ ਦਾ ਕੋਈ ਆਧਾਰ ਨਹੀਂ ਸੀ। ਇਸ ਦੇ ਸਹਾਰੇ ਕੋਰਟ ਨੇ ਫੈਸਲਾ ਦੇ ਦਿੱਤਾ ਕਿ ਸੰਘ ਰਾਜਨੀਤਿਕ ਸੰਗਠਨ ਨਹੀਂ ਹੈ। ਸੰਗ ਰਾਜਨੀਤਿਕ ਸੰਗਠਨ ਹੈ ਜਾਂ ਸੱਭਿਆਚਾਰਕ, ਇਸ 'ਤੇ ਬਹਿਸ ਕਰਨ ਦੇ ਕਈ ਸੰਦਰਭ ਹੋ ਸਕਦੇ ਹਨ। ਪਰ 1966 ਵਿੱਚ ਸਰਕਾਰੀ ਕਰਮਚਾਰੀਆਂ ਦੇ ਇਸ ਵਿੱਚ ਜਾਣ 'ਤੇ ਲਾਈ ਗਈ ਪਾਬੰਦੀ ਦੇ ਪਿੱਛੋਕੜ ਵਜੋਂ ਸਰਦਾਰ ਵੱਲਵਭਾਈ ਪਟੇਲ ਦੀ ਇੱਕ ਚਿੱਠੀ ਨੂੰ ਪੜ੍ਹਿਆ ਜਾਣਾ ਚਾਹੀਦਾ ਹੈ, ਜੋ ਉਹਨਾਂ ਨੇ ਸੰਘ ਦੇ ਗੁਰੂ ਗੋਵਾਲਕਰ ਨੂੰ ਲਿਖੀ ਸੀ। ਉਸ ਪੱਤਰ ਉਹਨਾਂ ਨੇ ਮਹਾਤਮਾ ਗਾਂਧੀ ਦੀ ਹੱਤਿਆ ਤੋਂ ਬਾਅਦ ਸੰਘ 'ਤੇ ਲੱਗੀ ਪਾਬੰਦੀ ਨੂੰ ਜਾਇਜ਼ ਠਹਿਰਾਉਂਦਿਆਂ ਸੰਘ ਮੁਖੀ ਨੂੰ 1948 ਵਿੱਚ ਲਿਖੀ ਸੀ। ਪਟੇਲ ਲਿਖਦੇ ਹਨ, "ਉਹਨਾਂ ਦੇ ਸਾਰੇ ਭਾਸ਼ਨ ਫਿਰਕੂ ਜ਼ਹਿਰ ਨਾਲ ਭਰੇ ਹੋਏ ਸਨ। ਇਸਦਾ ਅੰਤਿਮ ਸਿੱਟਾ ਇਹ ਸੀ ਕਿ ਦੇਸ਼ ਨੂੰ ਗਾਂਧੀ ਜੀ ਦੇ ਅਨਮੋਲ ਜੀਵਨ ਦਾ ਬਲੀਦਾਨ ਦੇਣਾ ਪਿਆ। ਇਸ ਲਈ ਨਾ ਤਾਂ ਲੋਕਾਂ ਦੀ ਤੇ ਨਾ ਹੀ ਸਰਕਾਰ ਦੀ ਲੋਕ ਵਿਖਾਵੇ ਵਜੋਂ ਹਮਦਰਦੀ ਸੰਘ ਦੇ ਲਈ ਰਹਿ ਗਈ ਹੈ। ਅਸਲ ਵਿੱਚ ਵਿਰੋਧ ਵੀ ਤੇਜ਼ ਹੋਇਆ। ਇਹ ਵਿਰੋਧ ਇੰਨਾ ਜ਼ਿਆਦਾ ਤੇਜ਼ ਹੋਇਆ ਜਦੋਂ ਸੰਘ ਦੇ ਲੋਕਾਂ ਨੇ ਗਾਂਧੀ ਜੀ ਦੇ ਦਿਹਾਂਤ ਪਿੱਛੋਂ ਜਸ਼ਨ ਮਨਾਇਆ ਤੇ ਮਿਠਾਈਆਂ ਵੰਡੀਆਂ, ਇਹਨਾਂ ਹਾਲਾਤ ਵਿੱਚ ਸਰਕਾਰ ਦੇ ਲਈ ਇਹ ਲਾਜ਼ਮੀ ਹੋ ਗਿਆ ਕਿ ਅਸੀਂ ਸਾਰੇ ਇਸ ਖਿਲਾਫ ਕਾਰਵਾਈ ਕਰੀਏ।"

ਇਸ ਬਾਰੇ ਉੱਤਰ ਪ੍ਰਦੇਸ਼ ਦੇ ਨੇਤਾ ਸ਼ਹਿਨਵਾਜ ਆਲਮ ਯਾਦ ਦਿਵਾਉਂਦੇ ਹਨ, "ਨਿਆਪਾਲਿਕਾ ਨੂੰ ਗਾਂਧੀ ਜੀ ਦੀ ਹੱਤਿਆ ਦੀ ਜਾਂਚ ਦੇ ਲਈ ਇੰਦਰਾ ਗਾਂਧੀ ਸਰਕਾਰ ਦੁਆਰਾ ਗਠਿਤ ਜੇ ਐੱਲ ਕਪੂਰ ਕਮਿਸ਼ਨ ਦੀ ਰਿਪੋਰਟ ਪੜ੍ਹਨੀ ਚਾਹੀਦੀ ਹੈ, ਜਿਸ ਵਿੱਚ ਸਮਾਜਵਾਦੀ ਨੇਤਾ ਜੈ ਪ੍ਰਕਾਸ਼ ਨਰਾਇਣ, ਰਾਮ ਮਨੋਹਰ ਲੋਹੀਆ ਤੇ ਕਮਲਾ ਦੇਵੀ ਚਟੋਪਧਾਏ ਦੀ ਪ੍ਰੈੱਸ ਕਾਨਫਰਸ ਵਿੱਚ ਦਿੱਤੇ ਗਏ ਉਸ ਬਿਆਨ ਦਾ ਜ਼ਿਕਰ ਹੈ, ਜਿਸ ਵਿੱਚ ਉਹਨਾਂ ਨੇ ਕਿਹਾ ਸੀ ਕਿ ਗਾਂਧੀ ਜੀ ਦੀ ਹੱਤਿਆ ਲਈ ਕੋਈ ਇੱਕ ਵਿਅਕਤੀ ਜ਼ਿੰਮੇਵਾਰ ਨਹੀਂ ਹੈ, ਬਲਕਿ ਇਸਦੇ ਪਿੱਛੇ ਇੱਕ ਵੱਡੀ ਸਾਜ਼ਿਸ਼ ਅਤੇ ਸੰਗਠਨ ਹੈ। ਇਸ ਸੰਗਠਨ ਵਿੱਚ ਉਹਨਾਂ ਨੇ ਆਰਐੱਸਐੱਸ ਤੇ ਹਿੰਦੂ ਮਹਾਂ ਸਭਾ ਦਾ ਨਾਂ ਲਿਆ ਸੀ।"

ਅਜੇ ਤਕ ਤਾਂ ਭਾਜਪਾ ਵੱਲੋਂ 1966 ਦੀ ਪਾਬੰਦੀ ਨੂੰ ਅਸੰਵਿਧਾਨਕ ਦੱਸਿਆ ਜਾ ਰਿਹਾ ਹੈ। ਸੰਘ ਨਾਲ ਜੁੜੇ ਰਕੇਸ਼ ਸਿਨਹਾ ਇੱਕ ਅੰਗਰੇਜ਼ੀ ਦੈਨਿਕ ਵਿੱਚ ਲਿਖੇ ਲੇਖ ਵਿੱਚ ਕਹਿੰਦੇ ਹਨ, "ਸੰਸਕ੍ਰਿਤਕ ਕੀ ਹੁੰਦਾ ਹੈ ਇਸਦੇ ਲਈ ਉਹਨਾਂ ਨੇ 1968 ਵਿੱਚ ਰਾਜ ਵਿੱਚ ਕੱਛ ਅਵਾਰਡ 'ਤੇ ਹੋਈ ਬਹਿਸ ਦੇ ਪ੍ਰਸੰਗ ਵਿੱਚ ਸੰਘ ਦੇ ਸੰਕਲਪ ਦਾ ਹਵਾਲਾ ਦਿੱਤਾ ਹੈ ਅਤੇ ਸੰਘ ਦੇ ਨੇਤਾ ਦੱਤੋਪੰਤ ਠੇਗੜੀ ਨੂੰ ਉਦਤ ਕੀਤਾ ਹੈ। ਠੇਗੜੀ ਦੇ ਕਥਨ ਦੇ ਅਧਾਰ 'ਤੇ ਉਹ ਕਹਿੰਦੇ ਹਨ ਕਿ 'ਰਾਸ਼ਟਰੀ ਸੁਰੱਖਿਆ ਤੇ ਅਖੰਡਤਾ' ਦੇ ਸਵਾਲ ਰਾਜਨੀਤਿਕ ਨਹੀਂ, ਸੰਸਕ੍ਰਿਤਕ ਵੀ ਹਨ। ਜੇ ਸੰਘ ਦਖਲਅੰਦਾਜ਼ੀ ਕਰਦਾ ਹੈ ਤਾਂ ਸਿਰਫ ਇਸ ਲਈ ਇਹ ਰਾਜਨੀਤਕ ਸੰਗਠਨ ਨਹੀਂ ਹੋ ਸਕਦਾ। ਸਿਨਹਾ ਤਤਕਾਲੀਨ ਗ੍ਰਹਿ ਮੰਤਰੀ ਵਾਈ ਬੀ ਚਵਾਨ ਦਾ ਬਿਆਨ ਵੀ ਉਦਤ ਕਰਦੇ ਹਨ ਕਿ "ਇਹ ਇੱਕ ਦਰਸ਼ਨਿਕ ਸਵਾਲ ਹੈ।"

ਆਪਣੇ ਆਪਣੇ ਰਾਗ ਅਲਾਪੇ ਜਾ ਰਹੇ ਹਨ। ਤਾਜ਼ਾ ਫੈਸਲੇ ਦਾ ਫੌਰੀ ਕਾਰਣ ਸ਼ੁੱਧ ਵਿਹਾਰਕ ਦੱਸਿਆ ਜਾ ਰਿਹਾ ਹੈ। ਆਮ ਚੋਣਾਂ ਤੋਂ ਪਹਿਲਾਂ ਸੰਘ ਸੰਚਾਲਕ ਦਾ ਬਿਆਨ ਕਿ ਸੰਘ ਆਪਣਾ ਸ਼ਤਾਬਦੀ ਸਾਲ ਜਨਤਕ ਧੂਮਧਾਮ ਨਾਲ ਨਹੀਂ ਮਨਾਏਗਾ। ਉਸ ਪਿੱਛੋਂ ਭਾਜਪਾ ਮੁਖੀ ਜੇਪੀ ਨੱਢਾ ਦਾ ਬਿਆਨ ਆਇਆ ਕਿ ਭਾਜਪਾ ਨੂੰ ਹੁਣ ਸੰਘ ਦੀ ਜ਼ਰੂਰਤ ਨਹੀਂ ਰਹਿ ਗਈ। ਚੋਣਾਂ ਦੇ ਨਤੀਜੇ ਤੋਂ ਪਿੱਛੋਂ ਫਿਰ ਭਾਗਵਤ ਦਾ "ਸੁਪਰਮੈਨ" ਵਾਲਾ ਬਿਆਨ ਅਤੇ ਇੰਦਰੇਸ਼ ਕੁਮਾਰ ਦਾ ਸਿੱਧਾ ਬਿਆਨ ਇਹ ਸਭ ਮਿਲ ਕੇ ਭਾਜਪਾ ਅਤੇ ਸੰਘ ਦੇ ਵਿੱਚ ਵਧਦੇ ਤਣਾਅ ਨੂੰ ਦਰਸਾਉਂਦੇ ਰਹੇ ਹਨ। ਚੋਣਾਂ ਤੋਂ ਪਿੱਛੋਂ ਫਿਰ ਭਗਵਤ ਦਾ ਦੋ ਵਾਰ ਗੋਰਖਪੁਰ ਜਾਣਾ ਅਤੇ ਉਸ ਵਿੱਚੋਂ ਯੋਗੀ ਅਦਿੱਤਾਨੰਦ ਦੇ ਖਿਲਾਫ ਕੇਸ਼ਵ ਮੋਰੀਆ ਦੇ ਸਹਾਰੇ ਕੇਂਦਰ ਦੀ ਲਾਮਬੰਦੀ ਦੀ ਖਬਰ ਹੁਣ ਸਾਹਮਣੇ ਹੈ। ਇਸੇ ਰੋਸ਼ਨੀ ਵਿੱਚ ਸਰਕਾਰ ਦੇ ਤਾਜ਼ਾ ਫੈਸਲੇ ਨੂੰ ਦੇਖ ਰਹੇ ਹਨ।

ਇਸ ਦੌਰਾਨ ਯੂਪੀ ਕਾਂਗਰਸ ਦੇ ਘੱਟ ਗਿਣਤੀ ਸੈੱਲ ਦੇ ਪ੍ਰੈੱਸ ਨੋਟ ਨੇ ਇਸ ਫੈਸਲੇ ਨੂੰ ਸੰਵਿਧਾਨਿਕ ਅਧਿਕਾਰਾਂ 'ਤੇ ਹਮਲਾ ਦੱਸਿਆ 'ਤੇ ਕਿਹਾ ਹੈ ਕਿ ਸਰਕਾਰੀ ਕਰਮਚਾਰੀਆਂ ਨੂੰ ਸੰਘ ਵਿੱਚ ਜਾਣ ਲਈ ਛੋਟ ਦੇ ਕੇ ਸਰਕਾਰ ਦਲਿਤਾਂ, ਘੱਟ ਗਿਣਤੀਆਂ, ਆਦਿਵਾਸੀਆਂ, ਪਛੜੀਆਂ ਸ਼੍ਰੇਣੀਆਂ ਅਤੇ ਔਰਤਾਂ ਦੇ ਖਿਲਾਫ ਭੇਦਭਾਵ ਨੂੰ ਸੰਸਥਾਗਤ ਰੂਪ ਦੇਣਾ ਚਾਹੁੰਦੀ ਹੈ।

ਹੁਣ ਦੇਖੀਏ ਅਤੀਤ ਦੀ ਸਚਾਈ ਕੀ ਹੈ? ਸਰਕਾਰੀ ਕਰਮਚਾਰੀਆਂ ਲਈ ਪਾਬੰਦੀਸ਼ੁਦਾ ਸੰਗਠਨਾਂ ਦੀ ਸੂਚੀ ਵਿੱਚੋਂ ਸੰਘ ਨੂੰ ਬਾਹਰ ਕੱਢਣ ਦਾ ਅਤੇ ਉਸ ਵਿੱਚ ਜਮਾਤ-ਏ-ਇਸਲਾਮੀ ਨੂੰ ਬਣਾਈ ਰੱਖਣ ਦਾ ਇੱਕ ਹੋਰ ਅਸਰ ਹੈ। ਪਿਛਲੇ ਦਿਨੀਂ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਂਗਰਸ ਦੇ ਘੋਸ਼ਣਾ ਪੱਤਰ 'ਤੇ ਮੁਸਲਿਮ ਦੀ ਛਾਪ ਵਾਲਾ ਬਿਆਨ ਦਿੱਤਾ ਸੀ, ਤਦ ਹਿੰਦੂ ਮਹਾਸਭਾ, ਮੁਸਲਿਮ ਲੀਗ ਅਤੇ ਦੇਸ਼ ਦੀ ਵੰਡ ਦੇ ਰਿਸ਼ਤੇ ਦੀ ਯਾਦ ਕਾਂਗਰਸ ਪ੍ਰਧਾਨ ਮਲੂਕਾਰੰਜਨ ਖੜਗੇ ਨੇ ਦਿਵਾਈ ਸੀ। ਸੰਦਰਭ ਇਹ ਹੈ ਕਿ 1943 ਵਿੱਚ ਸਿੰਧ ਦੀ ਸੂਬਾਈ ਸਰਕਾਰ ਵਿੱਚ ਮੁਸਲਿਮ ਲੀਗ ਅਤੇ ਹਿੰਦੂ ਮਹਾਸਭਾ ਦੋਨੋਂ ਸ਼ਾਮਿਲ ਸਨ। ਭਾਰਤ ਦੀ ਵੰਡ ਕਰਕੇ ਪਾਕਿਸਤਾਨ ਬਣਾਉਣ ਦਾ ਪਹਿਲਾਂ ਪ੍ਰਸਤਾਵ ਮਾਰਚ 1943 ਵਿੱਚ ਸਿੰਧ ਦੀ ਅਸੈਂਬਲੀ ਵਿੱਚ ਪਾਸ ਹੋਇਆ ਸੀ। ਇਹ ਲਈ ਤਾਜ਼ਾ ਆਦੇਸ਼ ਇਸ ਅਤੀਤ ਨੂੰ ਗੈਰ ਭਰੋਸੇਮੰਦ ਬਣਾਉਣ ਦਾ ਵੀ ਹੈ, ਜਿਸ ਵਿੱਚ ਹਿੰਦੂ ਮਹਾਸਭਾ ਤੇ ਮੁਸਲਿਮ ਲੀਗ ਵੰਡ ਦੇ ਸਹਿਭਾਗੀ ਸਨ। ਇਸ ਆਦੇਸ਼ ਦੀ ਟਾਈਮਿੰਗ ਆਮ ਚੋਣਾਂ ਦੇ ਨਤੀਜਿਆਂ ਦੀ ਤਤਕਾਲਿਕ ਪਿੱਠ ਭੂਮੀ ਵਿੱਚ ਭਾਜਪਾ ਨੂੰ ਸੰਘ ਦੀ ਵਧੀ ਜ਼ਰੂਰਤ ਦਾ ਵੀ ਪਤਾ ਦੱਸਦੀ ਹੈ। ਸੰਘ ਦੇ ਕੁਝ ਪ੍ਰਚਾਰਕਾਂ ਨੂੰ ਗਵਰਨਰ ਬਣਾਇਆ ਜਾਣਾ ਤੇ 29 ਜੁਲਾਈ ਨੂੰ ਹੋਈ ਦੋਨਾਂ ਦੀ ਮੀਟਿੰਗ ਨੂੰ ਵੀ ਇਸੇ ਰੋਸ਼ਨੀ ਵਿੱਚ ਦੇਖਿਆ ਜਾ ਸਕਦਾ ਹੈ।

# ਆਪ ਪਾਰਟੀ ਦੇ ਰਾਜ ਵਿੱਚ-ਪੰਜਾਬ ਦੀ ਸਥਿਤੀ ਵਿਸਫੋਟਿਕ ਕਿਉਂ?

ਲੇਖਕ : ਦਰਬਾਰਾ ਸਿੰਘ ਕਾਹਲੋਂ

ਪੰਜਾਬ ਇਸ ਸਮੇਂ ਇੱਕ ਵੱਡੀ ਰਾਜਨੀਤਕ ਮੰਝਧਾਰ ਦਾ ਸ਼ਿਕਾਰ ਬਣਿਆ ਪਿਆ ਹੈ। ਰਾਜ ਸਰਕਾਰ ਅਤੇ ਰਾਜਨੀਤਕ ਲੀਡਰਸ਼ਿੱਪ ਅੰਦਰ ਰਾਜਨੀਤਕ ਇੱਛਾ ਸ਼ਕਤੀ ਦੀ ਘਾਟ ਕਰਕੇ ਨਾ ਸਿਰਫ ਰਾਜਨੀਤਕ ਬਲਕਿ ਪ੍ਰਸ਼ਾਸਨਿਕ, ਆਰਥਿਕ, ਸਮਾਜਿਕ, ਧਾਰਮਿਕ ਸਮੱਸਿਆਵਾਂ ਵਧਦੀਆਂ ਜਾ ਰਹੀਆਂ ਹਨ। ਪੰਜਾਬ ਰਾਜ ਅਤੇ ਦੇਸ਼-ਵਿਦੇਸ਼ ਵਿੱਚ ਬੈਠ ਜਾਗ੍ਰਿਤ ਲੋਕਾਂ ਦੇ ਹਿਰਦੇ ਬੁਰੀ ਤਰ੍ਹਾਂ ਚਿੰਤਾ ਗ੍ਰਸਤ ਹਨ। ਹਾਲਤ ਇਹ ਹੈ ਕਿ 'ਭੰਡਾ ਭੰਡਾਰੀਆਂ ਕਿੰਨਾ ਕੁ ਭਾਰ, ਇੱਕ ਮੁੱਠੀ ਚੁੱਕ ਲੈ ਦੂਜੀ ਤਿਆਰ।' ਜਦੋਂ ਰਾਜ ਦਾ ਮੁੱਖ ਮੰਤਰੀ 5 ਮਹੀਨੇ ਮੰਤਰੀ ਮੰਡਲ ਦੀ ਮੀਟਿੰਗ ਹੀ ਨਾ ਬੁਲਾਵੇ ਤਾਂ ਰਾਜ ਦੇ ਵੱਖ-ਵੱਖ ਖੇਤਰਾਂ, ਵਿਭਾਗਾਂ, ਨੀਤੀਆਂ 'ਤੇ ਅਮਲ, ਵਿਕਾਸ ਕਾਰਜਾਂ, ਵੱਖ-ਵੱਖ ਜਨਤਕ ਵਰਗਾਂ, ਸਨਅਤਾਂ, ਅਮਨ-ਕਾਨੂੰਨ ਦੀ ਸਥਿਤੀ ਆਦਿ ਵਿੱਚ ਕੀ ਕੀ ਵਿਚਰ ਰਿਹਾ ਹੈ, ਦਾ ਕਿਵੇਂ ਪਤਾ ਚੱਲੇਗਾ? ਅਜਿਹੀ ਸਥਿਤੀ ਵਿੱਚ ਕੇਂਦਰ ਸਰਕਾਰ, ਰਾਜਪਾਲ, ਕੇਂਦਰੀ ਮੰਤਰੀਆਂ, ਵੱਖ-ਵੱਖ ਏਜੰਸੀਆਂ ਨੂੰ ਰਾਜ ਸਰਕਾਰ 'ਤੇ ਹਮਲਿਆਂ ਦੀ ਝੜੀ ਲਗਾਉਣ ਦਾ ਮੌਕਾ ਮਿਲ ਜਾਂਦਾ ਹੈ। ਕੇਂਦਰੀ ਟਰਾਂਸਪੋਰਟ ਮੰਤਰੀ ਸ਼੍ਰੀ ਨਿਤਿਨ ਗਡਕਰੀ ਅਤੇ ਪੰਜਾਬ ਦੇ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਵੱਲੋਂ ਕੇਂਦਰੀ ਵਿਕਾਸ ਕਾਰਜਾਂ ਨੂੰ ਲੈ ਕੇ ਲਿਆਂਦੇ ਪ੍ਰਸ਼ਾਸਨਿਕ ਭੂਚਾਲ ਨੇ ਪੰਜਾਬ ਸਰਕਾਰ ਅਤੇ ਪੰਜਾਬੀਆਂ ਦੀਆਂ ਚਿੰਤਾਵਾਂ ਵਿੱਚ ਘੋਰ ਵਾਧਾ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪ੍ਰਤੀਕਰਮ ਵਿੱਚ ਲਿਖਿਆ ਕੇਂਦਰ ਨੂੰ ਪੱਤਰ ਵੀ ਇਸ ਭੂਚਾਲ ਨੂੰ ਸੰਭਾਲਣ ਵਿੱਚ ਅਸਫਲ ਨਜ਼ਰ ਆਇਆ ਹੈ।

ਰਾਜਪਾਲ ਟਕਰਾਅ ਵੱਲ: ਸਾਬਕਾ ਰਾਜਪਾਲ ਬਨਵਾਰੀ ਲਾਲ ਪ੍ਰੋਹਿਤ ਨੇ ਜਦੋਂ ਰਾਜ ਸਰਕਾਰ ਨਾਲ ਟਕਰਾਅ ਦਾ ਰਾਹ ਚੁਣਿਆ ਤਾਂ ਗੱਲ ਸੁਪਰੀਮ ਕੋਰਟ ਤਕ ਪੁੱਜੀ। ਸੁਪਰੀਮ ਕੋਰਟ ਨੇ ਸਪਸ਼ਟ ਕੀਤਾ ਕਿ ਰਾਜਪਾਲ ਦੀ ਪਦਵੀ ਸੰਵਿਧਾਨਿਕ ਮੁਖੀ ਵਾਲੀ ਹੈ। ਉਹ ਲਛਮਣ ਰੇਖਾ ਪਾਰ ਨਾ ਕਰਨ। ਮੁੱਖ ਮੰਤਰੀ ਨੂੰ ਵੀ ਤੰਬੀਹ ਕੀਤੀ ਕਿ ਜੇ ਰਾਜਪਾਲ ਕੋਈ ਜਾਣਕਾਰੀ ਹਾਸਿਲ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਅਦਬ ਸਹਿਤ ਮੁਹਈਆ ਕਰਵਾਈ ਜਾਏ।

ਉਨ੍ਹਾਂ ਦੀ ਥਾਂ ਅਸਾਮ ਤੋਂ ਬਦਲ ਕੇ ਨਿਯੁਕਤ ਕੀਤੇ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਵੱਲੋਂ ਆਉਂਦੇ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਸੀ ਸਹਿਯੋਗ ਦਾ ਸੁਹਿਰਦ ਭਰਿਆ ਹੱਥ ਵਧਾਇਆ। ਪਰ ਸ਼ਾਇਦ ਕੇਂਦਰ ਸਰਕਾਰ ਨੇ ਉਨ੍ਹਾਂ ਦੀ ਨਿਯੁਕਤੀ ਹੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਨਿੱਤ-ਪ੍ਰਤੀ ਕੰਮਾਂ ਵਿੱਚ ਦਿੱਲੀ ਦੇ ਉਪ ਰਾਜਪਾਲ ਜਾਂ ਕੇਰਲ, ਪੱਛਮੀ ਬੰਗਾਲ, ਤਾਮਿਲਨਾਡੂ ਸਮੇਤ ਗੈਰ-ਭਾਜਪਾਈ ਸਰਕਾਰਾਂ ਵਾਲੇ ਰਾਜਾਂ ਵਿੱਚ ਨਿਯੁਕਤੀ ਦਬੰਗ ਰਾਜਪਾਲਾਂ ਵਾਂਗ ਅੜਿੱਕੇ ਪੈਦਾ ਕਰਨ ਲਈ ਕੀਤੀ ਹੈ। ਰਾਜਪਾਲ ਆਪਣੇ ਅਹੁਦੇ ਦੀ ਸੰਵਿਧਾਨਿਕ ਸਥਿਤੀ ਤੋਂ ਭਲੀਭਾਂਤ ਜਾਣੂ ਹਨ ਕਿਉਂਕਿ ਉਹ 10 ਸਾਲ ਰਾਜਸਥਾਨ ਅੰਦਰ ਭਾਜਪਾ ਸਰਕਾਰਾਂ ਵੇਲੇ ਗ੍ਰਹਿ ਮੰਤਰੀ ਰਹੇ ਹਨ।

ਲੇਕਿਨ ਦੇਸ਼ ਦੇ ਫੈਡਰਲ ਢਾਂਚੇ ਨੂੰ ਕਮਜ਼ੋਰ ਹੀ ਨਹੀਂ ਬਲਕਿ ਨੇਸਤੇਨਾਬੂਦ ਕਰਨ ਦੇ ਇਰਾਦੇ ਨਾਲ ਪਿਛਲੇ ਦਿਨੀਂ ਦਿੱਲੀ ਵਿਖੇ ਰਾਜਪਾਲਾਂ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਨਿਰਦੇਸ਼ ਦਿੱਤੇ ਕਿ ਉਹ ਕੇਂਦਰੀ ਯੋਜਨਾਵਾਂ ਅਤੇ ਵਿਕਾਸ ਕਾਰਜਾਂ ਦੀ ਰਾਜ ਅੰਦਰ ਨਿਗਰਾਨੀ ਕਰਨ। ਇਹ ਸਰਾਸਰ ਗੈਰ ਸੰਵਿਧਾਨਿਕ ਨਿਰਦੇਸ਼ ਹੈ। ਪੰਜਾਬ ਦੇ ਰਾਜਪਾਲ ਨੇ ਪਹਿਲਾਂ ਚੀਫ ਸੈਕਟਰੀ ਅਤੇ ਪ੍ਰਮੁੱਖ ਸਕੱਤਰਾਂ ਅਤੇ ਫਿਰ



ਪ੍ਰਸ਼ਾਸਨਿਕ ਸਕੱਤਰਾਂ ਨਾਲ ਮੀਟਿੰਗਾਂ ਕੀਤੀਆਂ। ਅਜਿਹਾ ਪੰਜਾਬ ਵਿੱਚ ਕਦੇ ਪਹਿਲਾਂ ਨਹੀਂ ਹੋਇਆ। ਸਾਬਕਾ ਰਾਜਪਾਲ ਬਨਵਾਰੀ ਲਾਲ ਪ੍ਰੋਹਿਤ ਸਰਹੱਦੀ ਜ਼ਿਲ੍ਹਿਆਂ ਦੇ ਦੌਰੇ ਸਮੇਂ ਮੁੱਖ ਅਤੇ ਡੀ.ਜੀ.ਪੀ. ਨੂੰ ਨਾਲ ਲਿਜਾਂਦੇ ਰਹੇ ਹਨ। ਪਰ ਅਜਿਹੀਆਂ ਮੀਟਿੰਗਾਂ ਉਨ੍ਹਾਂ ਨੇ ਵੀ ਨਹੀਂ ਬੁਲਾਈਆਂ ਸਨ ਕਿਉਂਕਿ ਸੰਵਿਧਾਨ ਇਜਾਜ਼ਤ ਨਹੀਂ ਦਿੰਦਾ। ਰਾਜਪਾਲ ਨੂੰ ਮੁੱਖ ਮੰਤਰੀ ਅਤੇ ਮੁੱਖ ਸਕੱਤਰ ਰਾਹੀਂ ਜਾਣਕਾਰੀ ਪ੍ਰਾਪਤ ਕਰਨ ਦਾ ਅਧਿਕਾਰ ਹੈ, ਪਰ ਨਿਰਦੇਸ਼ ਦੇਣ ਦਾ ਨਹੀਂ। ਭਗਵੰਤ ਮਾਨ ਤੋਂ ਪਹਿਲਾਂ ਕਿਸੇ ਮੁੱਖ ਮੰਤਰੀ ਦੇ ਕਾਰਜਕਾਲ ਵਿੱਚ ਕਿਸੇ ਰਾਜਪਾਲ ਨੇ ਸੰਵਿਧਾਨਿਕ ਲੱਛਮਣ ਰੇਖਾ ਨਹੀਂ ਸੀ ਉਲੰਘੀ। ਬਲਕਿ ਪਾਣੀਆਂ ਦੀਆਂ ਸੰਧੀਆਂ ਖਤਮ ਕਰਨ ਵਾਲਾ ਬਿੱਲ 12 ਜੁਲਾਈ, 2004 ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਸੈਂਬਲੀ ਵਿੱਚ ਪਾਸ ਕਰਾ ਕੇ, ਵਿਰੋਧੀ ਧਿਰ ਦੇ ਆਗੂ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਨਾਲ ਲੈ ਕੇ ਰਾਜਪਾਲ ਭਵਨ ਵਿੱਚ ਜਾ ਕੇ ਉਸੇ ਵਕਤ ਮਨਜ਼ੂਰ ਕਰਾ ਲਿਆ ਸੀ।

ਭਗਵੰਤ ਮਾਨ ਕੁਰਸੀ ਦੀ ਅਹਿਮੀਅਤ ਬਾਰੇ ਐਲਨ ਮਸਕ ਦੀ ਕਹਾਣੀ ਸੁਣਾਉਂਦੇ ਹਨ। ਅੱਜ ਇਹ ਕਹਾਣੀ ਆਪਣੇ 'ਤੇ ਲਾਗੂ ਕਰਕੇ ਰਾਜਪਾਲ ਨੂੰ ਲੋਕਾਂ ਵੱਲੋਂ ਹੂੰਝਾ ਫੇਰੂ ਫਤਵੇ ਰਾਹੀਂ ਚੁਣੇ ਮੁੱਖ ਮੰਤਰੀ ਦੀ ਕੁਰਸੀ ਦੀ ਸੰਵਿਧਾਨਿਕ ਅਹਿਮੀਅਤ ਵਿਖਾਉਣ ਦੀ ਲੋੜ ਹੈ। ਦੇਸ਼ ਅੰਦਰ ਫੈਡਰਲ ਢਾਂਚੇ ਅਤੇ ਰਾਜਾਂ ਦੇ ਅਧਿਕਾਰਾਂ ਦੀ ਰਾਖੀ ਲਈ ਸਾਰੇ ਗੈਰ-ਭਾਜਪਾਈ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਨਾਲ ਲੈ ਕੇ ਸੰਘਰਸ਼ ਵਿੱਢਣ ਦੀ ਲੋੜ ਹੈ। ਉਨ੍ਹਾਂ ਨੂੰ ਇਹ ਸੁਨੇਹਾ ਪੂਰੇ ਰਾਸ਼ਟਰ ਨੂੰ ਸਪਸ਼ਟ ਦੇਣ ਦੀ ਲੋੜ ਹੈ ਕਿ ਜੋ ਪੁਜ਼ੀਸ਼ਨ ਰਾਸ਼ਟਰ ਪੱਧਰ 'ਤੇ ਪ੍ਰਧਾਨ ਮੰਤਰੀ ਦੀ ਹੁੰਦੀ ਹੈ, ਉਹੀ ਰਾਜ ਪੱਧਰ 'ਤੇ ਮੁੱਖ ਮੰਤਰੀ ਦੀ ਹੁੰਦੀ ਹੈ।

ਸਿਸੋਧੀਆ ਹਮਲਾ: ਕਰੀਬ 17 ਮਹੀਨੇ ਸ਼ਰਾਬ ਘੋਟਾਲੇ ਵਿੱਚ ਜੇਲ੍ਹ ਕੱਟਣ ਤੋਂ ਬਾਅਦ ਜਦੋਂ ਦਿੱਲੀ ਦੇ ਉਪ ਮੁੱਖ ਮੰਤਰੀ ਤਿਹਾੜ ਜੇਲ੍ਹ ਤੋਂ ਬਾਹਰ ਆਏ ਤਾਂ ਉਨ੍ਹਾਂ ਨੇ ਰਾਜਪਾਲ ਦੇ ਬਸਤੀਵਾਦੀ ਵਿਰਸੇ ਵਾਲੇ ਅਹੁਦੇ ਨੂੰ ਭਾਰਤੀ ਲੋਕਤੰਤਰੀ ਵਿਵਸਥਾ 'ਤੇ ਥੋਪਣ ਨੂੰ ਲੈ ਕੇ ਤਾਬੜ ਹਮਲਿਆਂ ਦੀ ਝੜੀ ਲਗਾਈ। ਇਸ ਨੂੰ ਫੈਡਰਲ ਡੈਮੋਕਰੇਸੀ 'ਤੇ ਸਿੱਧਾ ਹਮਲਾ, ਰਾਜ ਸਰਕਾਰਾਂ ਅਸਥਿਰ ਕਰਨ, ਕੰਮ ਕਾਜ ਵਿੱਚ ਅੜਿੱਕੇ ਪਾਉਣ ਵਾਲਾ ਬੇਲੋੜਾ ਅਹੁਦਾ ਕਰਾਰ ਦਿੰਦੇ ਹੋਏ ਖਤਮ ਕਰਨ ਦੀ ਅਵਾਜ਼ ਬੁਲੰਦ ਕੀਤੀ। ਡਿਕਟੇਟਰਾਨਾ ਬਿਰਤੀ ਵਾਲੀ ਅਜੋਕੀ ਕੇਂਦਰ ਸਰਕਾਰ ਜਾਣ ਬੁੱਝ ਕੇ ਅੜਿੱਕੇਬਾਜ਼, ਦਬੰਗ, ਬਾਹੂਬਲੀ ਰਾਜਨੀਤੀਵਾਨ ਗੈਰ ਭਾਜਪਾਈ ਸ਼ਾਸਤ ਰਾਜਾਂ ਵਿੱਚ ਨਿਯੁਕਤ ਕਰ ਰਹੀ ਹੈ। ਜੇ ਇਸ ਅਹੁਦੇ ਦਾ ਬਦਨਾਮ ਇਤਿਹਾਸ ਫਰੋਲਿਆ ਜਾਵੇ ਤਾਂ ਇਸਦੀ ਸ਼ੁਰੂਆਤ ਲਈ ਕਾਂਗਰਸ ਪਾਰਟੀ ਦੀ ਅਗਵਾਈ ਵਾਲੀਆਂ ਕੇਂਦਰ ਸਰਕਾਰਾਂ ਨੇ ਅਤਿ ਏਕਾਧਿਕਾਰਵਾਦੀ ਬੇਸ਼ਰਮੀ ਨਾਲ ਕੀਤੀ ਸੀ। ਜੇ ਰਾਜਪਾਲ ਨੂੰ ਪੰਜਾਬ ਵਿੱਚ ਅਹਿਮ ਰੋਲ ਅਦਾ ਕਰਨ ਦਾ ਚਾਅ ਹੈ ਤਾਂ ਚੰਡੀਗੜ੍ਹ, ਜਿਸਦਾ ਉਹ ਪ੍ਰਸ਼ਾਸਕ ਨਿਯੁਕਤ ਹੈ, ਨੂੰ ਪੰਜਾਬ ਦੀ ਰਾਜਧਾਨੀ ਵਜੋਂ ਤਬਦੀਲ ਕਰਨ ਦਾ ਇਤਿਹਾਸਕ ਰੋਲ ਨਿਭਾਵੇ। ਪੰਜਾਬ ਦੇ ਪਾਣੀਆਂ ਦੀ ਰਾਖੀ ਦਾ ਜ਼ਾਮਨ ਬਣੇ, ਕੇਂਦਰ ਵੱਲੋਂ ਪੰਜਾਬ ਦਾ ਦੱਬਿਆ ਰਾਸ਼ਟਰੀ ਸਿਹਤ ਮਿਸ਼ਨ, ਆਰ ਡੀ ਐੱਫ, ਸਰਬ ਸਿੱਖਿਆ ਅਭਿਯਾਨ ਸੰਬੰਧੀ 8000 ਕਰੋੜ ਤੋਂ ਵੱਧ ਫੰਡ ਜਾਰੀ ਕਰਾਉਣ ਲਈ ਤੁਰੰਤ ਕੇਸ ਪ੍ਰਸਤੁਤ ਕਰੇ। ਕੇਂਦਰ ਸਰਕਾਰ ਦੇ ਪ੍ਰਜੈਕਟਾਂ ਦੀ ਪੂਰਤੀ ਲਈ ਮੁੱਖ ਮੰਤਰੀ ਨਾਲ ਤਾਲਮੇਲ ਕਰੇ। ਕਿਸਾਨੀ ਦੇ ਮਸਲੇ ਹੱਲ ਕਰਨ ਲਈ ਕੇਂਦਰ ਸਰਕਾਰ ਨਾਲ ਕਿਸਾਨ ਯੂਨੀਅਨਾਂ ਦੀ ਗੱਲਬਾਤ ਲਈ ਸੁਖਾਵਾਂ ਮਾਹੌਲ ਬਣਾਵੇ।

ਅਮਨ-ਕਾਨੂੰਨ: ਪੰਜਾਬ ਇੱਕ ਅਤਿ ਸੰਵੇਦਨਸ਼ੀਲ ਸਰਹੱਦੀ ਰਾਜ ਹੈ, ਜਿਸਦੀ ਕਰੀਬ 553 ਕਿਲੋਮੀਟਰ ਸਰਹੱਦ ਪਾਕਿਸਤਾਨ ਨਾਲ ਲਗਦੀ ਹੈ। ਇਸ ਸਮੇਂ ਪੰਜਾਬ ਅੰਦਰ ਅਮਨ-ਕਾਨੂੰਨ ਪ੍ਰਸ਼ਨ ਨੂੰ ਲੈ ਕੇ ਕੇਂਦਰ ਅਤੇ ਰਾਜ ਸਰਕਾਰ ਦੇ ਨਜ਼ਰੀਏ ਵਿੱਚ ਬਹੁਤ ਜ਼ਿਆਦਾ ਫ਼ਰਕ ਹੈ। ਕੇਂਦਰ ਸਰਕਾਰ ਅਤੇ ਕੇਂਦਰ ਏਜੰਸੀਆਂ ਅਨੁਸਾਰ ਰਾਜ ਵਿੱਚ ਗੈਰ ਕਾਨੂੰਨੀ ਮਾਈਨਿੰਗ, ਨਸ਼ੀਲੇ ਪਦਾਰਥਾਂ ਦੀ ਘਰ-ਘਰ ਤਕ ਵਿਕਰੀ, ਓਵਰਡੋਜ਼ ਮੌਤਾਂ, ਗੈਂਗਸਟਰਵਾਦ, ਫਿਰੌਤੀਆਂ, ਅਰਾਜਕਤਾ ਜਾਰੀ ਹਨ। ਫਿਰੌਤੀਆਂ, ਸਾੜ ਕੇ ਮਾਰਨ, ਕਤਲ ਕਰਨ ਦੀਆਂ ਧਮਕੀਆਂ ਕਰਕੇ ਕੇਂਦਰੀ ਵਿਕਾਸ ਪ੍ਰਜੈਕਟ ਅਤੇ ਹਾਈਵੇਅ ਉਸਾਰੀ ਰੁਕੀ ਹੋਈ ਹੈ, ਜਿਸ ਕਰਕੇ ਕੁਝ ਪ੍ਰਜੈਕਟ ਵਾਪਸ ਲੈਣ ਦੀ ਨੌਬਤ ਆਈ ਪਈ ਹੈ। ਲੇਕਿਨ ਮੁੱਖ ਮੰਤਰੀ ਅਜਿਹੀ ਵਿਸਫੋਟਕ ਸਥਿਤੀ ਤੋਂ ਸਾਫ ਇਨਕਾਰ ਕਰਦੇ ਹਨ। ਲੇਕਿਨ ਲੱਖ ਸੋਨ ਟਕੇ ਦਾ ਸਵਾਲ ਇਹ ਹੈ ਕਿ ਫਿਰ ਮੁੱਖ ਮੰਤਰੀ ਨੂੰ ਅਜ਼ਾਦੀ ਦਿਵਸ 'ਤੇ ਬੁਲੇਟ ਪਰੂਫ ਸ਼ੀਸ਼ੇ, ਬਖਤਰਬੰਦ ਸੁਰੱਖਿਆ ਦੀ ਲੋੜ ਕਿਉਂ ਪਈ? ਚੰਡੀਗੜ੍ਹ ਰਿਹਾਇਸ਼ ਦਾ ਰਸਤਾ ਬੰਦ ਕਰਨ ਦੀ ਕੀ ਲੋੜ ਪਈ? ਮੁੱਖ ਮੰਤਰੀ ਜੀ, ਹੁਣ ਤਕ ਦੇ ਸਭ ਪੰਜਾਬ ਦੇ ਮੁੱਖ ਮੰਤਰੀਆਂ ਨਾਲੋਂ ਭਾਰੀ ਭਰਕਮ ਸੁਰੱਖਿਆ ਕਿਉਂ ਰੱਖੀ ਬੈਠੇ ਹੋ, ਜੇ ਅਮਨ-ਕਾਨੂੰਨ ਦੀ ਸਥਿਤੀ ਸੁਖਾਵੀਂ ਹੈ? ਆਮ ਆਦਮੀ ਤੁਹਾਨੂੰ ਮਿਲ ਨਹੀਂ ਸਕਦਾ। ਪਿਛਲੇ ਦਿਨੀਂ ਦੀਨਾਨਗਰ ਮਹਾਰਾਜਾ ਰਣਜੀਤ ਸਿੰਘ ਦੀ ਗਰਮੀਆਂ ਦੀ ਰਾਜਧਾਨੀ ਵਜੋਂ ਜਾਣੇ ਜਾਂਦੇ ਕਸਬੇ ਵਿਖੇ ਫਲਾਈਓਵਰ ਪੁਲ ਦਾ ਉਦਘਾਟਨ ਕਰਨ ਗਏ, ਜੋ ਪ੍ਰਜੈਕਟ ਸਥਾਨਿਕ ਕਾਂਗਰਸ ਵਿਧਾਇਕਾ ਅਰੁਣਾ ਚੌਧਰੀ ਨੇ ਵੱਡੇ ਯਤਨਾਂ ਨਾਲ ਲਿਆਂਦਾ ਸੀ, ਤੁਸਾਂ ਉਸ ਨੂੰ ਤਾਂ ਇਸ ਮੌਕੇ ਕੀ ਬੁਲਾਉਣਾ ਸੀ, ਆਮ ਦੀਨਾ ਨਗਰੀਆ ਨੇੜੇ ਨਹੀਂ ਫੱਟਕਣ ਦਿੱਤਾ। ਇਹ ਉਹ ਸਥਾਨ ਹੈ ਜਿੱਥੇ ਮਹਾਰਾਜਾ ਦੀਨਾਨਗਰੀਆ ਨਾਲ ਬੈਠ ਕੇ ਅੰਬ ਚੂਪਦਾ, ਸਵੇਰੇ ਟਹਿਲ ਕਦਮੀ ਜਾਂ ਘੋੜ ਸਵਾਰੀ ਕਰਦਾ ਆਮ ਲੋਕਾਂ ਦੇ ਘਰਾਂ, ਖੇਤਾਂ-ਖਲਿਆਣਾਂ ਵਿੱਚ ਜਾ ਵੜਦਾ ਸੀ।

ਜੇਕਰ ਰਾਜ ਵਿੱਚ ਨਿੱਤ ਪ੍ਰਤੀ ਪ੍ਰਸ਼ਾਸਨ ਚਲਾਉਣ, ਕੇਂਦਰੀ ਵਿਕਾਸ ਕਾਰਜਾਂ, ਆਪਮੁਹਾਰੇ ਸਰਹੱਦੀ ਜਾਂ ਹੋਰ ਸੰਵੇਦਨਸ਼ੀਲ ਥਾਵਾਂ ਦੇ ਦੌਰਿਆਂ ਵੇਲੇ ਰਾਜਪਾਲ ਅਤੇ ਮੁੱਖ ਮੰਤਰੀ ਵਿਚਾਲੇ ਟਕਰਾਅ ਵਧਦਾ ਹੈ ਤਾਂ ਰਾਜ ਦਾ ਅਮਨ-ਕਾਨੂੰਨ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ।

ਕਮਜ਼ੋਰ ਸਥਿਤੀ : ਮਰੀ ਮੁਰਗੀ ਅਤੇ ਬੱਕਰੀ ਦਾ ਹੜ੍ਹਾਂ ਵੇਲੇ ਕੀਤਾ ਵਾਅਦਾ ਗੱਪ ਬਣ ਕੇ ਰਹਿ ਗਿਆ। ਕਿਸਾਨਾਂ ਦੇ ਮਸਲੇ ਹੱਲ ਕਰਨ ਲਈ ਮਾਨ ਸਰਕਾਰ ਨਾਕਾਮ ਰਹੀ। ਬੇਰੋਜ਼ਗਾਰੀ ਅਤੇ ਬ੍ਰੇਨ ਡਰੇਨ ਵਿੱਚ ਲਗਾਤਾਰ ਵਾਧਾ ਜਾਰੀ ਰਿਹਾ। ਉਦਯੋਗ ਆਉਣੇ ਤਾਂ ਕੀ ਸਨ, ਰਹਿੰਦੇ ਵੀ ਭੱਜਣ ਲਈ ਤਿਆਰ ਹਨ। ਭ੍ਰਿਸ਼ਟਾਚਾਰ ਬੇਰੋਕ-ਟੋਕ ਜਾਰੀ ਹੈ। ਸਭ ਵਿਧਾਇਕ ਭ੍ਰਿਸ਼ਟਾਚਾਰ ਦੀ ਵਹਿੰਦੀ ਗੰਗਾ ਵਿੱਚ ਚੁੱਭੀਆਂ ਮਾਰ ਰਹੇ ਹਨ। ਨਿਯੁਕਤੀਆਂ-ਬਦਲੀਆਂ ਵਿੱਚ ਹੱਥ ਰੰਗ ਰਹੇ ਹਨ, ਲੋਕਾਂ ਨਾਲੋਂ ਟੁੱਟ ਚੁੱਕੇ ਹਨ। ਪ੍ਰਮਾਣ 13 ਲੋਕ ਸਭਾ ਵਿੱਚੋਂ ਤਿੰਨ ਦੀ ਹੀ ਜਿੱਤ ਸਾਹਮਣੇ ਹੈ। ਹੁਣ ਉਪ ਚੋਣਾਂ ਜਿੱਤ ਕੇ ਨਹੀਂ ਸਰਨਾ। ਮੁੱਖ ਮੰਤਰੀ ਕਹਿੰਦੇ ਸੀ ਸੀਤਲ ਅੰਗੁਰਾਲ ਨੇ ਭਾਜਪਾ ਵਿੱਚ ਜਾ ਕੇ ਉਪ ਚੋਣ ਥੋਪੀ ਹੈ, ਹੁਣ ਬੰਗਾ ਤੋਂ ਅਕਾਲੀ ਵਿਧਾਇਕ ਡਾ. ਸੁੱਖੀ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਕੇ ਕੀ ਉਪ ਚੋਣ ਲੋਕਾਂ 'ਤੇ ਨਹੀਂ ਥੋਪੀ? ਕੇਂਦਰ ਸਰਕਾਰ ਸਮਝਦੀ ਹੈ ਕਿ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਪੰਜਾਬ ਵਿੱਚ ਕਮਜ਼ੋਰ ਸਥਿਤੀ ਵਿੱਚ ਘਿਰ ਚੁੱਕੇ ਹਨ। ਉਹ ਇਨ੍ਹਾਂ ਨੂੰ ਰਾਜਨੀਤਕ, ਆਰਥਿਕ, ਧਾਰਮਿਕ ਮਸਲਿਆਂ ਨੂੰ ਲੈ ਕੇ ਮਸਲ ਦੇਣਾ ਚਾਹੁੰਦੀ ਹੈ। ਅਰਵਿੰਦ ਕੇਜਰੀਵਾਲ ਦੇ ਜੇਲ੍ਹ ਵਿੱਚ ਹੋਣ ਨਾਲ ਪਾਰਟੀ ਬੇਕਾਬੂ, ਦਿਸ਼ਾਹੀਣ ਅਤੇ ਕਮਜ਼ੋਰ ਹੋ ਰਹੀ ਹੈ। ਰਾਜ ਵਿੱਚ ਤਿਲ ਭਰ ਵੀ ਆਰਥਿਕ, ਰਾਜਨੀਤਕ, ਪ੍ਰਸ਼ਾਸਨਿਕ, ਸਮਾਜਿਕ ਸਥਿਤੀ ਵਿੱਚ ਬਦਲਾਅ ਨਾ ਹੋਣ ਕਰਕੇ ਪੰਜਾਬੀ ਬੁਰੀ ਤਰ੍ਹਾਂ ਬੇਚੈਨ ਹਨ। ਕਾਂਗਰਸ ਤਮਾਸ਼ਾਈ ਬਣੀ ਬੈਠੀ ਹੈ।

ਅਸਹਿਯੋਗ : ਸ਼ੁਰੂ ਤੋਂ ਅਫਸਰਸ਼ਾਹੀ ਅਤੇ ਵਿਧਾਇਕਾਂ ਦੇ ਅਸਹਿਯੋਗ, ਮੀਡੀਆ ਕੁਪ੍ਰਬੰਧ ਕਰਕੇ ਸਰਕਾਰ ਵਧੀਆ ਢੰਗ ਨਾਲ ਨਹੀਂ ਚੱਲ ਸਕੀ। ਮੀਡੀਆ ਹੀ ਅਸਲ ਸ਼ੀਸ਼ਾ ਵਿਖਾਉਂਦਾ ਹੈ, ਜੋ ਮਾਨ ਸਰਕਾਰ ਨੇ ਵੇਖਣਾ ਨਹੀਂ ਚਾਹਿਆ। ਆਪਣੇ ਸਹਿਯੋਗੀਆਂ ਦੇ ਪਰ ਕਟਦੇ ਰਹੇ, ਇੱਕ ਭਰੋਸੇਯੋਗ ਕੈਬਨਿਟ ਟੀਮ ਖੜ੍ਹੀ ਨਹੀਂ ਕਰ ਸਕੇ। ਵਧੀਆ ਸਰਕਾਰ, ਵਧੀਆ ਕੈਬਨਿਟ ਅਤੇ ਪ੍ਰਸ਼ਾਸਨਿਕ ਟੀਮ 'ਤੇ ਨਿਰਭਰ ਕਰਦੀ ਹੈ। ਰਾਜ ਵਿੱਚ ਢਾਈ ਸਾਲ ਬਾਅਦ ਵੀ ਰੈਗੂਲਰ ਪੁਲਿਸ ਮੁਖੀ ਨਹੀਂ ਹੈ।

ਆਰਥਿਕ ਕੁਪ੍ਰਬੰਧ: ਕੇਂਦਰ ਸਰਕਾਰ ਦੇ ਅਸਹਿਯੋਗ, ਪੰਜਾਬ ਨੂੰ ਕੋਈ ਆਰਥਿਕ ਪੈਕੇਜ ਨਾ ਦੇਣਾ, ਵਾਹਗਾ ਵਪਾਰ ਲਾਂਘਾ ਬੰਦ ਰੱਖਣਾ, ਸਰਕਾਰ ਵੱਲੋਂ ਲਗਾਤਾਰ ਕਰਜ਼ਾ (80000 ਕਰੋੜ) ਲੈ ਕੇ ਡੰਗ ਟਪਾਉਣਾ, ਰਿਉੜੀ ਵੰਡ 'ਤੇ ਰੋਕ ਨਾ ਲਾਉਣ ਕਰਕੇ ਪੰਜਾਬ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੈ।

ਪੰਥਕ ਟਕਰਾਅ, ਬੇਅਦਬੀ ਬੇਇਨਸਾਫੀ, ਰੈਡੀਕਲ ਸ਼ਕਤੀਆਂ ਦਾ ਉਭਾਰ ਵੀ ਮਾਨ ਸਰਕਾਰ ਦੇ ਗਲੇ ਦੀ ਹੱਡੀ ਬਣ ਸਕਦਾ ਹੈ। ਕੁੱਲ ਮਿਲਾ ਕੇ ਪੰਜਾਬ ਦੀ ਸਥਿਤੀ ਵਿਸਫੋਟਿਕ ਰੂਪ ਧਾਰਨ ਕਰੀ ਬੈਠੀ ਹੈ। ਕੇਂਦਰ ਅਤੇ ਰਾਜ ਸਰਕਾਰਾਂ ਦੇ ਸਹਿਯੋਗ ਬਗੈਰ ਇਸਦਾ ਹੱਲ ਸੰਭਵ ਨਹੀਂ, ਜੋ ਕਿੱਧਰੇ ਨਜ਼ਰ ਨਹੀਂ ਆ ਰਿਹਾ।

# ਪੰਜਾਬ ਦੇ ਨੌਜਵਾਨ ਵਰਗ ਵਿਚ ਵਿਦੇਸ਼ਾਂ ਵੱਲ ਜਾਣ ਦੀ ਲੱਗੀ ਅੰਨ੍ਹੀ ਦੌੜ ਨੂੰ ਠੱਲ੍ਹ ਪਾਉਣ ਦੀ ਲੋੜ

ਲੇਖਕ : ਜਸ਼ਨਪ੍ਰੀਤ ਸਿੰਘ ,ਫਿਰੋਜ਼ਪੁਰ

ਨੌਜਵਾਨ ਦੇਸ਼ ਦਾ ਸਰਮਾਇਆ ਹੁੰਦੇ ਹਨ। ਦੇਸ਼ ਦਾ ਭਵਿੱਖ ਉਨ੍ਹਾਂ ਉੱਤੇ ਹੀ ਨਿਰਭਰ ਕਰਦਾ ਹੈ। ਉਹੀ ਚੰਗੇ ਸਮਾਜ ਦੇ ਸਿਰਜਣਹਾਰ ਹੁੰਦੇ ਹਨ ਤੇ ਦੇਸ਼ ਦੀ ਤਰੱਕੀ ਅਤੇ ਖੁਸ਼ਹਾਲੀ ਦਾ ਮੁੱਢ ਬੰਨ੍ਹਦੇ ਹਨ। ਪਰ ਸਾਡੇ ਦੇਸ਼ ਦੀ ਬਦਕਿਸਮਤੀ ਇਹ ਹੈ ਕਿ ਮਹਿੰਗੀ ਪੜ੍ਹਾਈ ਕਰਨ ਤੋਂ ਬਾਅਦ ਵੀ ਨੌਜਵਾਨ ਵਰਗ ਨੂੰ ਨੌਕਰੀਆਂ ਨਹੀਂ ਮਿਲ ਰਹੀਆਂ। ਹਰ ਸਾਲ ਲੱਖਾਂ ਨੌਜਵਾਨ ਮੁੰਡੇ-ਕੁੜੀਆਂ ਪੜ੍ਹਨ-ਲਿਖਣ ਤੋਂ ਬਾਅਦ ਰੁਜ਼ਗਾਰ ਲਈ ਬਾਜ਼ਾਰ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਸਾਡੇ ਦੇਸ਼ ਅੰਦਰ ਬੇਰੁਜ਼ਗਾਰਾਂ ਦੀ ਗਿਣਤੀ ਵਿਚ ਹਰ ਸਾਲ ਵੱਡਾ ਵਾਧਾ ਹੋ ਰਿਹਾ ਹੈ।

ਪੜ੍ਹਨ-ਲਿਖਣ ਤੋਂ ਬਾਅਦ ਵੀ ਉਨ੍ਹਾਂ ਨੂੰ ਰੁਜ਼ਗਾਰ ਨਾ ਮਿਲਣ ਕਰ ਕੇ ਉਨ੍ਹਾਂ ਦਾ ਮਨ ਗੁੱਸੇ ਨਾਲ ਭਰਿਆ ਹੋਇਆ ਹੁੰਦਾ ਹੈ। ਦੇਸ਼ ਦੀ ਗੰਧਲੀ ਹੋ ਰਹੀ ਰਾਜਨੀਤੀ , ਪ੍ਰਦੂਸ਼ਿਤ ਹੋ ਰਿਹਾ ਵਾਤਾਵਰਨ ਤੇ ਭ੍ਰਿਸ਼ਟ ਹੋ ਰਹੇ ਨਿਜ਼ਾਮ ਦਾ ਬੋਲਬਾਲਾ ਚਾਰੇ ਪਾਸੇ ਹੈ। ਭਾਰਤ ਵਿਚ ਦਰੁਸਤ ਨਿਜ਼ਾਮ ਦੀ ਬਹੁਤ ਵੱਡੀ ਘਾਟ ਹੈ। ਪੜ੍ਹ-ਲਿਖ ਕੇ ਵੀ ਸਹੀ ਨੌਕਰੀਆਂ ਨਾ ਮਿਲਣ ਕਾਰਨ ਨੌਜਵਾਨ ਵਰਗ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਹੈ। ਪੜ੍ਹਨ-ਲਿਖਣ ਤੋਂ ਬਾਅਦ ਜ਼ਿਆਦਾਤਰ ਨੌਜਵਾਨ ਸਰਕਾਰੀ ਨੌਕਰੀ ਕਰਨੀ ਚਾਹੁੰਦੇ ਹਨ ਪਰ ਹਰ ਨੌਜਵਾਨ ਨੂੰ ਸਰਕਾਰੀ ਨੌਕਰੀ ਮਿਲਣੀ ਸੰਭਵ ਨਹੀਂ । ਦੇਸ਼ ਵਿਚ ਆਪਣਾ ਕੁਝ ਨਾ ਬਣਦਾ ਵੇਖ ਕੇ ਨੌਜਵਾਨ ਧੜੱਲੇ ਨਾਲ ਵਿਦੇਸ਼ਾਂ ਦਾ ਰੁਖ਼ ਕਰ ਰਹੇ ਹਨ। ਉਨ੍ਹਾਂ ਨੇ ਵਿਦੇਸ਼ ਜਾਣ ਨੂੰ ਆਪਣਾ ਸੁਪਨਾ ਬਣਾਇਆ ਹੋਇਆ ਹੈ ਅਤੇ ਉਹ ਕਰਜ਼ੇ ਚੁੱਕ ਕੇ, ਜ਼ਮੀਨਾਂ ਵੇਚ ਕੇ ਵਿਦੇਸ਼ ਜਾ ਰਹੇ ਹਨ। ਕੈਨੇਡਾ, ਅਮਰੀਕਾ, ਆਸਟ੍ਰੇਲੀਆ , ਨਿਊਜ਼ੀਲੈਂਡ ਆਦਿ ਦੇਸ਼ਾਂ ਵਿਚ ਜਾਣ ਵਾਲੇ ਇਹ ਨੌਜਵਾਨ ਆਪਣੇ ਦੇਸ਼ ਤੋਂ ਬਾਰਾਂ ਜਮਾਤਾਂ ਪਾਸ ਕਰਦੇ ਹੀ ਅੰਡਰ ਗ੍ਰੈਜੂਏਟ ਕੋਰਸਾਂ ਲਈ ਉਡਾਰੀ ਮਾਰ ਜਾਂਦੇ ਹਨ । ਭਾਰਤ ਦੇ ਪੜ੍ਹੇ-ਲਿਖੇ ਵਿਗਿਆਨੀ, ਇੰਜੀਨੀਅਰ ਧੜਾਧੜ ਦੇਸ਼ ਛੱਡ ਰਹੇ ਹਨ। ਇਕੱਲੇ ਅਮਰੀਕਾ ਵਿਚ ਹੀ 9.5 ਲੱਖ ਭਾਰਤੀ ਵਿਗਿਆਨੀ ਤੇ ਇੰਜੀਨੀਅਰ ਗਏ ਹਨ। ਇਕ ਹੋਰ ਰਿਪੋਰਟ ਮੁਤਾਬਕ 2003 ਤੋਂ 2013 ਤੱਕ ਭਾਰਤ ਤੋਂ ਜਾਣ ਵਾਲੇ ਵਿਗਿਆਨੀਆਂ ਤੇ ਇੰਜੀਨੀਅਰਾਂ ਵਿਚ 8.5 ਫ਼ੀਸਦੀ ਦਾ ਵਾਧਾ ਹੋਇਆ ਸੀ।



ਆਸਟ੍ਰੇਲੀਆ 'ਚ 9% ਲੋਕ ਭਾਰਤੀ ਹਨ। ਸੰਨ 2006 ਵਿਚ ਆਸਟ੍ਰੇਲੀਆ ਵਿਚ ਭਾਰਤੀ ਮੂਲ ਦੇ ਲੋਕਾਂ ਦੀ ਗਿਣਤੀ 15,300 ਸੀ ਜੋ 2016 ਵਿਚ ਵਧ ਕੇ 40,145 ਹੋ ਗਈ ਸੀ । ਪੰਜਾਬੀ ਨੌਜਵਾਨ ਹੋਰ ਮੁਲਕਾਂ 'ਚ ਰਹਿ ਕੇ ਆਪਣਾ ਭਵਿੱਖ ਉਜਵਲ ਬਣਾਉਣਾ ਲੋਚਦੇ ਹਨ। ਉਹ ਵਿਦੇਸ਼ ਜਾਣ ਲਈ ਸਟੱਡੀ ਵੀਜ਼ਾ, ਵਿਜ਼ਟਰ ਵੀਜ਼ਾ , ਪੁਆਇੰਟ ਆਧਾਰਤ ਵੀਜ਼ਾ ਆਦਿ ਦਾ ਸਹਾਰਾ ਲੈਂਦੇ ਹਨ । ਪੰਜਾਬ ਦੇ ਤਿੰਨ ਲੱਖ ਤੋਂ ਵੱਧ ਵਿਦਿਆਰਥੀ ਹਰ ਸਾਲ ਆਈਲੈਟਸ ਦਾ ਇਮਤਿਹਾਨ ਦਿੰਦੇ ਹਨ। ਆਸਟ੍ਰੇਲੀਆ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗਿਣਤੀ 'ਚ 27% ਦਾ ਵਾਧਾ ਹੋਇਆ ਹੈ ਜਦਕਿ ਕੈਨੇਡਾ ਵਿਚ ਕੁਝ ਯੂਨੀਵਰਸਿਟੀਆਂ 'ਚ ਇਹ ਗਿਣਤੀ ਪਿਛਲੇ ਸਾਲ ਦੇ ਮੁਕਾਬਲੇ 75% ਤੋਂ ਵੀ ਵੱਧ ਹੈ। ਭਾਰਤ ਤੇ ਪੰਜਾਬ ਸਰਕਾਰ ਨੂੰ ਇਸ ਰੁਝਾਨ ਨੂੰ ਠੱਲ੍ਹ ਪਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ।

# ਹਰੀ ਕਰਾਂਤੀ ਦੇ ਬਰਬਾਦ ਕੀਤੇ ਪੰਜਾਬ ਨੂੰ "ਹਰੀ ਊਰਜਾ ਕਰਾਂਤੀ" ਦੀ ਲੋੜ

ਲੇਖਕ : ਰਵਿੰਦਰ ਚੋਟ
ਸੰਪਰਕ : 98726 - 73703

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਧਰਤੀ 'ਤੇ ਪਿਛਲੇ ਸਮੇਂ ਵਿੱਚ ਕੋਲਾ, ਤੇਲ ਅਤੇ ਗੈਸ ਹੀ ਮੁੱਖ ਤੌਰ 'ਤੇ ਊਰਜਾ ਦੇ ਸਾਧਨ ਰਹੇ ਹਨ। ਭੂ ਵਿਗਿਆਨੀਆਂ ਨੇ ਇਹ ਦੱਸਿਆ ਸੀ ਕਿ ਲੱਖਾਂ ਕਰੋੜਾਂ ਸਾਲ ਪਹਿਲਾਂ ਧਰਤੀ ਦੀ ਉਥਲ ਪੁਥਲ ਕਾਰਨ ਉਸ ਸਮੇਂ ਦੀ ਬਨਸਪਤੀ, ਜਾਨਦਾਰ ਪ੍ਰਾਣੀ ਅਤੇ ਹੋਰ ਨਿਕਸੁਕ ਧਰਤੀ ਹੇਠ ਦੱਬਿਆ ਗਿਆ। ਬਨਸਪਤੀ ਅਤੇ ਰੁੱਖ ਧਰਤੀ ਦੇ ਭਾਰੀ ਦਬਾਅ ਹੇਠ ਕੋਲਾ ਬਣ ਗਏ ਅਤੇ ਜਾਨਦਾਰ ਪ੍ਰਾਣੀਆਂ ਦੀ ਮਿੱਝ ਹੀ ਤੇਲ/ਪੈਟਰੋਲੀਅਮ ਵਿੱਚ ਤਬਦੀਲ ਹੋ ਗਈ। ਇਹ ਭੰਡਾਰ ਸੀਮਤ ਹਨ ਅਤੇ ਇਹਨਾਂ ਵਿੱਚ ਵਾਧਾ ਨਹੀਂ ਹੋ ਰਿਹਾ। ਮਨੁੱਖ ਇਹਨਾਂ ਦੀ ਆਪਣੀਆਂ ਲੋੜਾਂ ਤੋਂ ਵੀ ਵੱਧ ਵਰਤੋਂ ਕਰਦਾ ਆ ਰਿਹਾ ਹੈ। ਇਹ ਵੀ ਸਪਸ਼ਟ ਹੋ ਚੁੱਕਾ ਹੈ ਕਿ ਇਹ ਸਾਧਨ ਹੋਰ ਬਹੁਤਾਂ ਸਮਾਂ ਨਹੀਂ ਚੱਲਣਗੇ ਕਿਉਂਕਿ ਵਿਗਿਆਨੀਆਂ ਦੇ ਨਿਰਣੇ ਮੁਤਾਬਕ ਇਹ ਸਾਧਨ ਜਲਦੀ ਖਤਮ ਹੋਣ ਵਾਲੇ ਹਨ। ਇੱਕ ਅੰਦਾਜ਼ੇ ਮੁਤਾਬਕ ਜੇ ਖਪਤ ਦੀ ਇਹੀ ਰਫਤਾਰ ਰਹੀ ਤਾਂ ਉਪਲਬਧ ਕੋਲਾ 2060 ਤਕ ਖਤਮ ਹੋਣ ਦੀ ਸੰਭਾਵਨਾ ਹੈ ਅਤੇ ਤੇਲ ਹੋਰ 50 ਸਾਲ ਤਕ ਚੱਲੇਗਾ। ਧਰਤੀ ਹੇਠ ਬਾਕੀ ਬਚਦਾ ਤੇਲ ਅਤੇ ਕੋਲਾ ਮਨੁੱਖ ਦੀ ਪਹੁੰਚ ਤੋਂ ਬਾਹਰ ਹੋ ਜਾਵੇਗਾ ਕਿਉਂਕਿ ਜਾਂ ਤਾਂ ਇਹ ਬਹੁਤ ਡੂੰਘਾ ਹੋਵੇਗਾ ਜਾਂ ਅਗਿਆਤ ਹੋਵੇਗਾ। ਇਸ ਲਈ ਸਾਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਚਾਲੂ ਰੱਖਣ ਲਈ ਇਹਨਾਂ ਦੇ ਬਦਲ ਲੱਭਣੇ ਪੈਣਗੇ। ਇਹਨਾਂ ਸਾਧਨਾਂ ਦੇ ਵੱਡੇ ਵਪਾਰੀ, ਜਿਹੜੇ ਇਹਨਾਂ ਤੋਂ ਬੇਹਿਸਾਬਾ ਧੰਨ ਕਮਾਉਂਦੇ ਰਹੇ ਹਨ, ਇਹਨਾਂ ਦੇ ਮੁੱਕਣ 'ਤੇ ਉਹਨਾਂ ਨੂੰ ਹੋਰ ਕਮਾਈ ਦੇ ਸਾਧਨ ਲੱਭਣ ਦੀ ਚਿੰਤਾ ਬਣ ਰਹੀ ਹੈ। ਇਸ ਲਈ ਉਹਨਾਂ ਦੇ ਖਰੀਦੇ ਹੋਏ ਵਿਗਿਆਨੀ ਉਹਨਾਂ ਲਈ ਕਮਾਈ ਦੇ ਹੋਰ ਸਾਧਨ ਜੁਟਾਉਣ ਵਿੱਚ ਲੱਗੇ ਹੋਏ ਹਨ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਕੁਦਰਤ ਨੇ ਸਾਡੇ ਲਈ ਸ਼ਕਤੀ ਦੇ ਅਣਗਿਣਤ ਸੋਮੇ ਪੈਦਾ ਕੀਤੇ ਹੋਏ ਹਨ ਪਰ ਅਸੀਂ ਸਹੀ ਵਰਤੋਂ ਨਾ ਕਰਕੇ ਕੁਦਰਤ ਦਾ ਨਿਰਾਦਰ ਹੀ ਨਹੀਂ ਕਰ ਰਹੇ ਸਗੋਂ ਆਪਣੇ ਲਈ ਬਹੁਤ ਸਾਰੀਆਂ ਮੁਸੀਬਤਾਂ ਸਹੇੜ ਰਹੇ ਹਾਂ।

ਜਿਸ ਤਰ੍ਹਾਂ ਅਸੀਂ ਧਰਤੀ 'ਤੇ ਮਿੱਟੀ, ਪਾਣੀ ਤੇ ਹਵਾ ਨੂੰ ਪ੍ਰਦੂਸ਼ਿਤ ਕਰ ਕੇ ਪਛਤਾ ਰਹੇ ਹਾਂ ਤੇ ਕੁਦਰਤ ਦੀ ਹਰ ਕਰੋਪੀ ਝੱਲ ਰਹੇ ਹਾਂ, ਉਸੇ ਤਰ੍ਹਾਂ ਅਸੀਂ ਕੋਲਾ, ਤੇਲ ਤੇ ਗੈਸ ਦੀ ਬੇਲੋੜੀ ਦੁਰਵਰਤੋਂ ਕਰਕੇ ਆਪਣੇ ਲਈ ਬਹੁਤ ਵੱਡੀ ਮੁਸੀਬਤ ਨੂੰ ਦਾਅਵਤ ਦੇ ਰਹੇ ਹਾਂ। ਕੁਦਰਤ ਦੀਆਂ ਦਾਤਾਂ ਨੂੰ ਸੰਜਮ ਨਾਲ ਵਰਤਣ ਦੀ ਥਾਂ ਅਸੀਂ ਗੁਲਸ਼ਰੇ ਉਡਾ ਰਹੇ ਹਾਂ। ਇਸਦੇ ਹੀ ਨਤੀਜੇ ਵਜੋਂ ਕੁਦਰਤੀ ਕਰੋਪੀਆਂ ਹੜ੍ਹ, ਤੁਫਾਨ ਤੇ ਭੂਚਾਲ ਆਦਿ ਸਾਡੀ ਮੱਤ ਨੂੰ ਹਲੂਣਾ ਦੇ ਰਹੇ ਹਨ ਪਰ ਅਸੀਂ ਸੁਧਰ ਨਹੀਂ ਰਹੇ।

ਹੁਣ ਅਸੀਂ ਪਾਣੀ, ਹਵਾ ਅਤੇ ਸੂਰਜੀ ਰੋਸ਼ਨੀ ਦੀ ਊਰਜਾ ਦੀ ਵੱਧ ਤੋਂ ਵੱਧ ਵਰਤੋਂ ਕਰਨ ਲਈ ਮਜਬੂਰ ਹੋ ਗਏ ਹਾਂ। ਬਹੁਤ ਸਾਰੇ ਦੇਸ਼ਾਂ ਨੇ ਇਹਨਾਂ ਸਾਧਨਾਂ ਨੂੰ ਮਨੁੱਖੀ ਭਲਾਈ ਲਈ ਵਰਤਣਾ ਸ਼ੁਰੂ ਕਰ ਦਿੱਤਾ ਹੈ। ਉੱਨਤ ਕਹੇ ਜਾਂਦੇ ਦੇਸ਼ ਇਹਨਾਂ ਤੋਂ ਬਿਜਲੀ ਪੈਦਾ ਕਰਕੇ ਹੋਰ ਉੱਨਤੀ ਵਲ ਵਧ ਰਹੇ ਹਨ। ਇਸੇ ਨੂੰ ਉਹਨਾਂ ਨੇ ਹਰੀ ਊਰਜਾ (ਗਰੀਨ ਅਨਰਜੀ) ਦਾ ਨਾਮ ਦਿੱਤਾ ਹੈ ਕਿਉਂਕਿ ਇਸ ਊਰਜਾ ਤੋਂ ਕੋਲੇ ਜਾਂ ਤੇਲ ਤੋਂ ਪੈਦਾ ਹੋ ਰਹੇ ਪ੍ਰਦੂਸ਼ਣ ਦੇ ਮੁਕਾਬਲੇ ਨਾ ਮਾਤਰ ਹੀ ਪ੍ਰਦੂਸ਼ਣ ਪੈਦਾ ਹੁੰਦਾ ਹੈ। ਇਹ ਸਾਧਨ ਈਕੋ-ਫਰੈਂਡਲੀ ਹਨ। ਸਾਡੇ ਦੇਸ਼ ਵਿੱਚ ਬਹੁਤੀ ਊਰਜਾ ਕੋਲੇ ਅਤੇ ਤੇਲ ਤੋਂ ਪੈਦਾ ਕੀਤੀ ਜਾਂਦੀ ਹੈ, ਕੁਝ ਹਾਈਡਰੋਪਾਵਰ ਤੋਂ ਕੀਤੀ ਜਾਂਦੀ ਹੈ। ਪਰ ਜਿੰਨੇ ਸਾਡੇ ਦੇਸ਼ ਵਿੱਚ ਦਰਿਆ ਅਤੇ ਨਦੀਆਂ ਝਰਨੇ ਹਨ, ਉਹਨਾਂ ਦਾ ਬਹੁਤਾ ਲਾਭ ਨਹੀਂ ਲਿਆ ਜਾ ਰਿਹਾ।



ਸੰਸਾਰ ਵਿੱਚ ਵੱਡੇ ਦੇਸ਼ਾਂ ਵਿਚੋਂ 134 ਦੇਸ਼ ਫੌਸਿਲ ਫਿਊਲ ਜਾਣੀ ਕੋਲੇ ਤੇ ਤੇਲ ਤੋਂ ਬਿਜਲੀ ਪੈਦਾ ਕਰਕੇ ਆਪਣੇ ਉਦਯੋਗ ਅਤੇ ਹੋਰ ਕਾਰੋਬਾਰ ਚਲਾਉਂਦੇ ਹਨ ਜਿਹੜੇ ਕਿ ਲਗਭਗ 65% ਬਣਦੇ ਹਨ। ਸਾਡੇ ਦੇਸ਼ ਨੂੰ ਵੀ ਇਹਨਾਂ ਵਿੱਚ ਹੀ ਗਿਣਿਆ ਜਾ ਸਕਦਾ ਹੈ। ਦੂਸਰੇ ਪਾਸੇ ਤਕਰੀਬਨ 66 ਦੇਸ਼ ਅਜਿਹੇ ਹਨ ਜਿਹੜੇ ਕਿ 31% ਦੇ ਨੇੜੇ ਹਨ - ਉਹ ਆਪਣਾ ਕਾਰੋਬਾਰ ਪੌਣ, ਪਾਣੀ ਤੇ ਸੂਰਜੀ ਊਰਜਾ ਤੋਂ ਬਿਜਲੀ ਪੈਦਾ ਕਰਕੇ ਚਲਾ ਰਹੇ ਹਨ। ਸੱਤ ਦੇਸ਼ (4%) ਅਜਿਹੇ ਵੀ ਹਨ ਜਿਹੜੇ ਕਿ ਨਿਊਕਲੀਅਰ ਬਿਜਲੀ ਪੈਦਾ ਕਰਕੇ ਆਪਣੇ ਕੰਮ ਚਲਾ ਰਹੇ ਹਨ। ਚੀਨ ਇੱਕ ਅਜਿਹਾ ਦੇਸ਼ ਹੈ ਜਿਹੜਾ ਕਿ ਸਭ ਤੋਂ ਵੱਧ ਹਰੀ ਊਰਜਾ (ਗਰੀਨ ਅਨਾਰਜ਼ੀ) ਦੀ ਵਰਤੋਂ ਕਰ ਰਿਹਾ ਹੈ। ਦੁਨੀਆ ਵਿੱਚ ਜਿੰਨੀ ਕੁੱਲ ਹਰੀ ਊਰਜਾ ਪੈਦਾ ਕੀਤੀ ਜਾ ਰਹੀ ਹੈ, ਉਸਦਾ ਅੱਧਾ ਹਿੱਸਾ ਸਿਰਫ ਚੀਨ ਵਿੱਚ ਪੌਣ ਅਤੇ ਸੂਰਜੀ ਊਰਜਾ ਤੋਂ ਪੈਦਾ ਕੀਤੀ ਜਾ ਰਹੀ ਹੈ ਅਤੇ ਵਰਤੀ ਜਾ ਰਹੀ ਹੈ। ਉਹ ਤਾਂ ਆਪਣੇ ਹਰ ਵੱਡੇ ਸ਼ਹਿਰ ਨੂੰ ਰਾਤ ਨੂੰ ਜਗਮਗਾਉਣ ਲਈ ਆਪਣੇ ਬਣਾਉਟੀ ਸੂਰਜ ਪੈਦਾ ਕਰਨ ਦੀ ਹੋੜ ਵਿੱਚ ਲੱਗੇ ਹੋਏ ਹਨ।

ਉਰੂਗੁਆ ਦੁਨੀਆ ਦਾ ਦੂਸਰਾ ਸਭ ਤੋਂ ਛੋਟਾ ਦੇਸ਼ ਜਿਹੜਾ ਕਿ ਦੱਖਣੀ ਅਮਰੀਕਾ ਦੇ ਦੱਖਣ-ਪੂਰਬ ਵਿੱਚ ਸਥਿਤ ਹੈ ਅਤੇ ਰਾਜਨੀਤਕ ਤੇ ਆਰਥਿਕ ਤੌਰ 'ਤੇ ਬਰਾਜ਼ੀਲ ਅਤੇ ਅਰਜਨਟੀਨਾ ਦੇ ਪ੍ਰਭਾਵ ਹੇਠ ਰਿਹਾ ਹੈ, ਕੋਲੇ ਤੇ ਤੇਲ ਨੂੰ ਛੱਡ ਕੇ ਆਪਣੀ ਵਰਤੋਂ ਦੀ 91% ਬਿਜਲੀ ਹਾਈਡਰੋ-ਪਾਵਰ ਸੂਰਜੀ ਊਰਜਾ ਅਤੇ ਪੌਣ ਸ਼ਕਤੀ ਤੋਂ ਪੈਦਾ ਕਰ ਰਿਹਾ ਹੈ। ਉਹ ਬਿਜਲੀ ਦਾ ਕੁਝ ਹਿੱਸਾ ਕੁਦਰਤੀ ਬਾਇਓ ਫਿਊਲਜ਼ ਤੋਂ ਵੀ ਪੈਦਾ ਕਰ ਰਿਹਾ ਹੈ। ਇੰਨਾ ਛੋਟਾ ਦੇਸ਼ ਹੋਣ ਦੇ ਬਾਵਜੂਦ ਉਹ ਆਪਣੀ ਫਾਲਤੂ ਬਿਜਲੀ ਦੱਖਣੀ ਅਮਰੀਕਾ, ਅਰਜਨਟੀਨਾ ਅਤੇ ਬਰਾਜ਼ੀਲ ਨੂੰ ਵੇਚਣ ਦੀ ਤਿਆਰੀ ਵਿੱਚ ਹੈ। ਇਸੇ ਤਰ੍ਹਾਂ ਕੀਨੀਆ ਵਿੱਚ ਅਫਰੀਕਾ ਦਾ ਸਭ ਤੋਂ ਵੱਡਾ ਪੌਣ-ਸ਼ਕਤੀ ਨਾਲ ਬਿਜਲੀ ਪੈਦਾ ਕਰਨ ਵਾਲਾ ਪ੍ਰੋਜੈਕਟ ਤੁਰਕਾਨਾ ਝੀਲ ਦੇ ਨੇੜੇ ਬਣਿਆ ਹੋਇਆ ਹੈ। ਮੋਰਾਕੋ ਵਿੱਚ ਦੁਨੀਆਂ ਦਾ ਸਭ ਤੋਂ ਵੱਡਾ ਸੋਲਰ ਫਾਰਮ ਬਣਾਇਆ ਗਿਆ ਹੈ। ਇਹ ਸਹਾਰਾ ਮਾਰੂਥਲ ਵਿੱਚ ਕਾਇਮ ਕੀਤਾ ਗਿਆ ਹੈ ਜਿਹੜਾ ਕਿ ਬਹੁਤ ਸਾਰੇ ਸ਼ਹਿਰਾਂ ਨੂੰ ਬਿਜਲੀ ਦੇ ਰਿਹਾ ਹੈ।

ਨਿਊਜ਼ੀਲੈਂਡ ਵਿੱਚ ਵੀ 84% ਬਿਜਲੀ ਤੇਲ ਅਤੇ ਕੋਲੇ ਤੋਂ ਬਗੈਰ ਹੋਰ ਸਾਧਨਾਂ ਤੋਂ ਪੈਦਾ ਕੀਤੀ ਜਾਂਦੀ ਹੈ, ਜਿਸ ਲਈ ਪੌਣ, ਪਾਣੀ ਤੇ ਸੂਰਜੀ ਸ਼ਕਤੀ ਨੂੰ ਵਰਤਿਆ ਜਾਂਦਾ ਹੈ। ਉਹਨਾਂ ਦਾ ਟੀਚਾ ਹੈ ਕਿ 2035 ਤਕ ਇੰਨੇ ਸਾਧਨ ਪੈਦਾ ਕਰ ਲਏ ਜਾਣ ਤਾਂ ਕਿ ਸੌ ਫੀਸਦੀ ਲੋੜੀਂਦੀ ਬਿਜਲੀ ਸ਼ਕਤੀ ਇਸੇ ਤਰ੍ਹਾਂ ਪੈਦਾ ਕੀਤੀ ਜਾ ਸਕੇ। ਨੌਰਵੇ ਵੀ 2016 ਤੋਂ ਉਹਨਾਂ ਦੀ ਵਰਤੋਂ ਦੀ 98% ਬਿਜਲੀ ਹਾਈਡਰੋ ਪਾਵਰ ਤੋਂ ਪੈਦਾ ਕਰ ਰਿਹਾ ਹੈ। ਉਹਨਾਂ ਨੇ ਆਪਣੇ ਦਰਿਆਵਾਂ ਅਤੇ ਝਰਨਿਆਂ ਦੇ ਪਾਣੀ ਦੀ ਬਹੁਤ ਹੀ ਸੁਚੱਜੀ ਵਰਤੋਂ ਕੀਤੀ ਹੈ। ਅਸਟਰੇਲੀਆ ਵੀ ਇਨ੍ਹਾਂ ਤਕਨੀਕਾ ਵਿੱਚ ਮੋਹਰੀ ਰੋਲ ਨਿਭਾ ਰਿਹਾ ਹੈ। ਜਰਮਨ ਦੇ ਇੱਕ ਫੈਦਮ ਨਾਮ ਦੇ ਕਸਬੇ ਵਿੱਚ 150 ਟੱਬਰਾਂ ਨੇ ਸਹਿਕਾਰੀ ਰੂਪ ਵਿੱਚ ਪੌਣ ਬਿਜਲੀ ਟਰਬਾਇਨਾਂ ਲਗਾ ਕੇ ਆਪਣੇ ਇਲਾਕੇ ਦੇ ਸਾਰੇ ਕੰਮ ਚਲਾ ਲਏ।

ਸਾਡੇ ਦੇਸ਼ ਵਿੱਚ ਕਈ ਵੱਡੀਆਂ ਨਿੱਜੀ ਕੰਪਨੀਆਂ ਇਸ ਖੇਤਰ ਵਿੱਚ ਕੰਮ ਕਰ ਰਹੀਆਂ ਹਨ। ਗੌਤਮ ਅਡਾਨੀ ਨੇ 2015 ਵਿੱਚ ਸੂਰਜੀ ਸ਼ਕਤੀ ਤੇ ਪੌਣ ਸ਼ਕਤੀ ਅਧਾਰਤ "ਅਡਾਨੀ ਗਰੀਨ ਅਨਰਜ਼ੀ ਲਿਮਟਿਡ" ਨਾਮ ਦੀ ਆਪਣੀ ਕੰਪਨੀ ਅਹਿਮਦਾਬਾਦ (ਗੁਜਰਾਤ) ਵਿਖੇ ਸ਼ੁਰੂ ਕੀਤੀ, ਜਿਹੜੀ ਕਿ ਸਾਡੇ ਦੇਸ਼ ਦੀ ਸਭ ਤੋਂ ਵੱਡੀ ਕੰਪਨੀ ਹੈ। ਇਸ ਸਮੇਂ ਇਹ ਕੰਪਨੀ ਦੇ 11 ਸੂਬਿਆਂ ਵਿੱਚ ਸ਼ਕਤੀ ਪ੍ਰੋਜੈਕਟ ਚੱਲ ਰਹੇ ਹਨ। ਇਹਨਾਂ ਕੰਪਨੀਆਂ ਵਿੱਚ ਸੂਰਜੀ ਕਣ (ਸੋਲਰ ਸੈੱਲ) ਨੂੰ ਸਿੱਧੇ ਤੌਰ 'ਤੇ ਹੀ ਬਿਜਲੀ ਵਿੱਚ ਬਦਲਿਆ ਜਾਂਦਾ ਹੈ, ਜਿਸ ਨੂੰ ਫੋਟੋਵੋਲਟਿਕ ਪ੍ਰਨਾਲੀ ਕਿਹਾ ਜਾਂਦਾ ਹੈ। ਇਹ ਬਿਜਲੀ ਵੱਡੇ ਪੱਧਰ 'ਤੇ ਵਰਤੀ ਜਾਂਦੀ ਹੈ। ਉਹਨਾਂ ਦਾ ਟੀਚਾ ਹੈ ਕਿ ਕੁਝ ਸਾਲਾਂ ਵਿੱਚ ਇਸ ਨੂੰ ਸਾਰੇ ਦੇਸ਼ ਵਿੱਚ ਫੈਲਾ ਦਿੱਤਾ ਜਾਵੇਗਾ। ਸਾਰੀਆਂ ਗੱਡੀਆਂ, ਮੋਟਰਾਂ ਇਸੇ ਊਰਜਾ ਨਾਲ ਚਲਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਬਾਹਰਲੇ ਕਈ ਦੇਸ਼ਾਂ ਵਿੱਚ ਵੀ ਇਸ ਪ੍ਰੋਜੈਕਟ ਨੂੰ ਫੈਲਾਉਣ ਦੀਆਂ ਸਕੀਮਾਂ ਘੜੀਆਂ ਜਾ ਰਹੀਆਂ ਹਨ। ਹਿਮਾਂਸ਼ੂ ਮੋਦੀ ਦੀ ਕੰਪਨੀ "ਸੱਜ਼ਲਨ ਇਨਰਜ਼ੀ" ਜਿਸਦਾ ਮੁੱਖ ਦਫਤਰ ਪੂਨੇ ਵਿਖੇ ਹੈ, ਬਿਜਲੀ ਪੈਦਾ ਕਰਨ ਵਾਲੀਆਂ ਪੌਣ-ਟਰਬਾਈਨਾਂ ਬਣਾਉਂਦੀ ਹੈ। ਇਹ ਪੌਣ ਤੋਂ ਬਿਜਲੀ ਪੈਦਾ ਕਰਨ ਵਾਲੇ ਸਾਰੇ ਉਪਕਰਨ ਤਿਆਰ ਕਰਕੇ ਕੌਮਾਂਤਰੀ ਪੱਧਰ 'ਤੇ ਅਠਾਰਾਂ ਤੋਂ ਵੱਧ ਦੇਸ਼ਾਂ ਨੂੰ ਸਪਲਾਈ ਕਰ ਰਹੇ ਹਨ। ਇਹ ਕਈ ਭਾਰਤੀ ਸੂਬਿਆਂ ਨੂੰ ਵੀ ਭੇਜਣ ਦਾ ਇਰਾਦਾ ਰੱਖਦੇ ਹਨ।

ਇਸੇ ਤਰ੍ਹਾਂ ਟਾਟਾ ਗਰੁੱਪ ਵੀ ਪਿੱਛੇ ਨਹੀਂ ਰਿਹਾ। ਉਹ ਵੀ ਸੂਰਜੀ ਰੋਸ਼ਨੀ ਨੂੰ ਬਿਜਲੀ ਵਿੱਚ ਬਦਲਕੇ ਉਦਯੋਗਾਂ ਲਈ ਵਰਤ ਰਿਹਾ ਹੈ। ਉਹਨਾਂ ਦੀ ਕੰਪਨੀ ਵੀ 4975 ਮੈਗਾਵਾਟ ਬਿਜਲੀ ਪੈਦਾ ਕਰਨ ਦੀ ਸਮਰੱਥਾ ਰੱਖਦੀ ਹੈ। ਰਿਲਾਇੰਸ ਗਰੁੱਪ ਵੀ ਆਪਣੀ 'ਸਟੱਲਿੰਗ ਐਂਡ ਵਿਲਸਨ ਰੀਨਿਊਵਲ ਅਨਰਜ਼ੀ" ਨਾਮ ਦੀ ਕੰਪਨੀ ਰਾਹੀਂ ਇਸ ਖੇਤਰ ਵਿੱਚ ਕੰਮ ਕਰ ਰਹੇ ਹਨ। ਇਸ ਵਿੱਚ ਉਹ ਸੋਲਰ ਸ਼ਕਤੀ ਤੋਂ ਬਿਜਲੀ ਬਣਾਉਣ ਦੇ ਪ੍ਰੋਜੈਕਟ ਡਿਜ਼ਾਇਨ ਕਰਦੇ ਹਨ। ਉਹਨਾਂ ਦੇ ਇਹ ਪ੍ਰੋਜੈਕਟ ਆਂਧਰਾ ਪ੍ਰਦੇਸ਼, ਵੀਅਤਨਾਮ ਤੇ ਚਿਲੀ ਆਦਿ ਵਿਖੇ ਚੱਲ ਰਹੇ ਹਨ। ਹੀਰੋ ਗਰੁੱਪ ਨੇ ਵੀ "ਹੀਰੋ ਫਿਊਚਰ ਇਨਰਜ਼ੀ" ਕੰਪਨੀ ਰਾਹੀਂ ਪੌਣ ਸ਼ਕਤੀ ਨੂੰ ਸਟੋਰ ਕਰਨ ਅਤੇ ਹਰੀ ਹਾਈਡਰੋ ਪਾਵਰ ਦਾ ਕੰਮ ਭਾਰਤ, ਵੀਤਨਾਮ, ਯੂਕਰੇਨ, ਯੂ.ਕੇ., ਬੰਗਲਾ ਦੇਸ਼ ਆਦਿ ਦੇਸ਼ਾਂ ਵਿੱਚ ਸ਼ੁਰੂ ਕਰ ਰੱਖਿਆ ਹੈ। ਗੁਜਰਾਤ ਦੀ ਇੱਕ ਕੰਪਨੀ "ਕੇ.ਪੀ.ਆਈ ਗਰੀਨ ਅਨਰਜ਼ੀ" ਵੀ ਪੌਣ ਸ਼ਕਤੀ 'ਤੇ ਕੰਮ ਕਰ ਰਹੀ ਹੈ। ਇਹਨਾਂ ਤੋਂ ਇਲਾਵਾ ਕਾਰਪੋਰੇਟ ਸੈਕਟਰ ਦੀਆਂ ਹੋਰ ਵੀ ਕੰਪਨੀਆਂ ਭਵਿੱਖ ਦੀ "ਹਰੀ ਊਰਜਾ ਸ਼ਕਤੀ" ਦੀ ਕਮਾਈ ਵਲ ਧਿਆਨ ਧਰ ਕੇ ਇਸ ਖੇਤਰ ਵਿੱਚ ਗੰਭੀਰਤਾ ਨਾਲ ਕੰਮ ਕਰ ਰਹੀਆਂ ਹਨ। ਵਿਕਸਿਤ ਦੇਸ਼ਾਂ ਵਿੱਚ ਯਾਤਰਾ ਕਰਦੇ ਸਮੇਂ ਵੇਖਿਆ ਜਾ ਸਕਦਾ ਹੈ ਕਿ ਜਰਨੈਲੀ ਸੜਕਾਂ ਦੇ ਨਾਲ ਜਾਂ ਖੁੱਲ੍ਹੀਆਂ ਥਾਵਾਂ 'ਤੇ ਪੌਣ ਟਰਬਾਈਨਾਂ ਚੱਲ ਰਹੀਆਂ ਹੁੰਦੀਆਂ ਹਨ ਤੇ ਨਾਲ ਹੀ ਬਿਜਲੀ ਪੈਦਾ ਕਰਕੇ ਸਪਲਾਈ ਕਰ ਰਹੀਆਂ ਹੁੰਦੀਆਂ ਹਨ। ਯੂਰਪੀ ਤੇ ਅਰਬ ਦੇਸ਼ਾਂ ਵਿੱਚ ਮਾਰੂਥਲਾਂ ਵਿੱਚ ਵੀ ਇਹਨਾਂ ਰਾਹੀਂ ਬਿਜਲੀ ਪੈਦਾ ਕੀਤੀ ਜਾਂਦੀ ਹੈ। ਦੁਬਈ ਦੇ ਮਾਰੂਥਲ ਦੇ ਟਿੱਬਿਆ ਉੱਤੇ ਥਾਂ ਥਾਂ 'ਤੇ ਚੱਲ ਰਹੀਆਂ ਪੌਣ ਟਰਬਾਈਨਾਂ ਵੇਖੀਆਂ ਜਾ ਸਕਦੀਆਂ ਹਨ। ਸਾਡੇ ਦੇਸ਼ ਵਿੱਚ ਵੀ ਪੁਰਾਣੇ ਸਮਿਆਂ ਤੋਂ ਪਣ-ਚੱਕੀਆਂ ਤੇ ਪੌਣ-ਚੱਕੀਆਂ ਚੱਲਦੀਆਂ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਪੌਣ ਸ਼ਕਤੀ ਅਤੇ ਸੂਰਜੀ ਸ਼ਕਤੀ ਨੇੜ ਭਵਿੱਖ ਵਿੱਚ ਖਤਮ ਨਹੀਂ ਹੋ ਸਕਦੀਆਂ ਪਰ ਇਹ ਕੁਦਰਤੀ ਵਰਤਾਰੇ ਹਨ। ਕਦੇ ਪੌਣ ਤੇਜ਼ ਚਲਦੀ ਹੈ ਅਤੇ ਕਦੇ ਨਹੀਂ ਚਲਦੀ। ਇਸੇ ਤਰ੍ਹਾਂ ਸੂਰਜ ਵੀ ਕਦੇ ਆਪਣੇ ਜਲੌ ਵਿੱਚ ਹੁੰਦਾ ਹੈ ਤੇ ਕਦੇ ਬਦਲਾਂ ਪਿੱਛੇ ਲੁਕ ਜਾਂਦਾ ਹੈ। ਮਨੁੱਖ ਨੂੰ ਇਹਨਾਂ ਦੀਆਂ ਸ਼ਕਤੀਆਂ ਨੂੰ ਸਟੋਰ ਕਰਨ ਦੀ ਲੋੜ ਪਵੇਗੀ। ਇਸੇ ਤਰ੍ਹਾਂ ਪਾਣੀ ਦੇ ਸੋਮਿਆਂ ਨੂੰ ਵੀ ਆਪਣੀ ਵਰਤੋਂ ਲਈ ਅਨੁਕੂਲ ਕਰਨ ਲਈ ਯਤਨ ਕਰਨੇ ਪੈਣਗੇ। ਇਹਨਾਂ ਤਿੰਨਾਂ ਹੀ ਵਸੀਲਿਆਂ ਤੋਂ ਪੈਦਾ ਹੋਣ ਵਾਲੀ ਸ਼ਕਤੀ ਵਾਤਾਵਰਣ ਪ੍ਰਦੂਸ਼ਿਤ ਨਹੀਂ ਕਰਦੀ। ਮਨੁੱਖੀ ਸਿਹਤ 'ਤੇ ਵੀ ਫੌਸਿਲ ਸ਼ਕਤੀਆਂ ਦੇ ਪ੍ਰਦੂਸ਼ਣ ਤੋਂ ਬਹੁਤ ਘੱਟ ਮਾਰੂ ਅਸਰ ਕਰਦੀਆਂ ਹਨ। ਸਾਡੇ ਦੇਸ਼ ਵਿੱਚ ਇਹਨਾਂ ਸ਼ਕਤੀਆਂ 'ਤੇ ਵੀ ਕਾਰਪੋਰੇਟ ਸੈਕਟਰ ਦਾ ਗਲਬਾ ਵਧ ਰਿਹਾ ਹੈ ਕਿਉਂਕਿ ਇਹਨਾਂ ਪ੍ਰੋਜੈਕਟਾਂ ਵਿੱਚ ਪੈਸਾ ਬਹੁਤਾ ਲਗਦਾ ਹੈ। ਇਸ ਖੇਤਰ ਨੂੰ ਹੁਣ ਤੋਂ ਹੀ ਸਰਕਾਰਾਂ ਨੂੰ ਆਪਣੇ ਹੱਥਾਂ ਵਿੱਚ ਲੈਣ ਦੀ ਲੋੜ ਹੈ। ਜੇਕਰ ਸਰਕਾਰਾਂ ਨੇ ਨਾ ਸੋਚਿਆ ਤਾਂ ਭਵਿੱਖ ਵਿੱਚ ਵੀ ਆਮ ਲੋਕ ਕਾਰਪੋਰੇਟ ਸੈਕਟਰ ਦੇ ਕੋਲੋਂ ਲੁੱਟ ਹੁੰਦੇ ਰਹਿਣਗੇ। ਇਸ ਖੇਤਰ ਵਿੱਚ ਸਰਕਾਰਾਂ ਬੇਰੁਜ਼ਗਾਰਾਂ ਲਈ ਰੁਜ਼ਗਾਰ ਵੀ ਪੈਦਾ ਕਰ ਸਕਦੀਆਂ ਹਨ। ਪੰਜਾਬ ਵਿੱਚ ਥਰਮਲ ਪਲਾਂਟਾਂ ਵਿੱਚ ਹਮੇਸ਼ਾ ਕੋਲਾ ਮੁੱਕਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਮਹਿੰਗੇ ਕੋਲੇ ਤੋਂ ਪੈਦਾ ਕੀਤੀ ਬਿਜਲੀ ਦਾ ਬਹੁਤਾ ਹਿੱਸਾ ਸਬਸਿਡੀ ਅਤੇ ਜ਼ੀਰੋ ਬਿੱਲਾਂ ਵਿੱਚ ਚਲੇ ਜਾਂਦਾ ਹੈ। ਸੋ ਪੰਜਾਬ ਸਰਕਾਰ ਨੂੰ ਵੀ ਪੌਣ ਸ਼ਕਤੀ, ਪਾਣੀ ਅਤੇ ਸੂਰਜੀ ਸ਼ਕਤੀ ਤੋਂ ਲਾਭ ਲੈਣ ਬਾਰੇ ਸੋਚਣਾ ਚਾਹੀਦਾ ਹੈ। ਪੰਜਾਬ ਕੋਲ ਇਹਨਾਂ ਸ਼ਕਤੀਆਂ ਦੇ ਵਿਸ਼ਾਲ ਵਸੀਲੇ ਹਨ ਜਿਹੜੇ ਕਿ ਭੰਗ ਦੇ ਭਾੜੇ ਜਾ ਰਹੇ ਹਨ। ਹਰੀ ਕਰਾਂਤੀ ਨੇ ਜਿਹੜਾ ਦਰਦ ਸਾਨੂੰ ਸਾਡੀ ਪੌਣ-ਪਾਣੀ ਅਤੇ ਧਰਤੀ ਦੂਸ਼ਿਤ ਕਰਕੇ ਦਿੱਤਾ ਹੈ - "ਹਰੀ ਊਰਜਾ ਕਰਾਂਤੀ" ਉਸ ਨੂੰ ਕੁਝ ਘੱਟ ਕਰ ਸਕਦੀ ਹੈ।

# ਮਜ਼ਬੂਰੀ

ਲੇਖਕ : ਗੁਰਤੇਜ ਸਿੰਘ ਖੁਡਾਲ, ਸੰਪਰਕ: 94641-29118



ਕਾਫ਼ੀ ਮੈਲੇ ਅਤੇ ਫਟੇ ਜਿਹੇ ਕੱਪੜਿਆਂ ਵਾਲੀ ਇੱਕ ਬਜ਼ੁਰਗ ਔਰਤ ਪਿਛਲੇ ਕਾਫ਼ੀ ਸਮੇਂ ਤੋਂ ਸਾਡੇ ਦਫਤਰ ਦੇ ਮੇਨ ਗੇਟ 'ਤੇ ਬੈਠੀ ਆਉਂਦੇ ਜਾਂਦੇ ਲੋਕਾਂ ਤੋਂ ਪੈਸੇ ਮੰਗਦੀ ਸੀ! ਅਦਾਲਤਾਂ ਵਿੱਚ ਬਾਹਰੋਂ ਆਉਣ ਜਾਣ ਵਾਲੇ ਸਾਰੇ ਲੋਕ ਅਤੇ ਮੁਲਾਜ਼ਮ ਬਜ਼ੁਰਗ ਤੇ ਲੋੜਵੰਦ ਸਮਝ ਕੇ ਉਸ ਨੂੰ ਪੈਸੇ ਦੇ ਜਾਂਦੇ ਸਨ। ਉਸ ਦਾ ਸਮਾਂ ਬਿਲਕੁਲ ਪੱਕਾ ਸੀ।

ਉਹ ਸਾਡੇ ਦਫਤਰ ਆਉਣ ਤੋਂ ਪਹਿਲਾਂ ਮੇਨ ਗੇਟ 'ਤੇ ਬੈਠੀ ਮਿਲਦੀ ਸੀ। ਦਫਤਰ ਵਿੱਚ ਅੱਧੀ ਛੁੱਟੀ (ਖਾਣੇ ਦਾ ਟਾਈਮ) ਵੇਲੇ ਭਾਵ ਇੱਕ ਵਜੇ ਇਹ ਬਜ਼ੁਰਗ ਔਰਤ ਵੀ ਇੱਕ ਪਾਸੇ ਜਾ ਕੇ ਲੋਕਾਂ ਤੋਂ ਮੰਗੇ ਹੋਏ ਪੈਸਿਆਂ ਦੀ ਗਿਣਦੀ ਕਰਦੀ ਸੀ। ਉਸ ਦਾ ਪੈਸੇ ਗਿਣਨ ਦਾ ਪੱਕਾ ਟਿਕਾਣਾ ਸਾਡੀ ਚਾਹ ਵਾਲੀ ਕੰਟੀਨ ਕੋਲ ਸੀ। ਅਸੀਂ ਵੀ ਰੋਜ਼ਾਨਾ ਇੱਕ ਵਜੇ ਚਾਹ ਪੀਣ ਜਾਂਦੇ ਤਾਂ ਉਸ ਬਜ਼ੁਰਗ ਮਾਤਾ ਨੂੰ ਵੀ ਇੱਕ ਕੱਪ ਪਿਲਾ ਦਿੰਦੇ ਸੀ। ਉਸ ਨੂੰ ਪੁੱਛ ਵੀ ਲੈਂਦੇ ਕਿ ਮਾਤਾ ਅੱਜ ਕਿੰਨੇ ਪੈਸੇ ਬਣ ਗਏ। ਫਿਰ ਉਹ ਦੱਸ ਦਿੰਦੀ ਸੀ ਕਿ "ਆਜ ਤੋ ਬੇਟਾ ਦੋ ਸੌ ਬਨਾ ਹੈਂ ਜਾਂ ਤੀਨ ਸੌ ਬਨਾ ਹੈ!" ਸਾਡੇ ਸਾਹਮਣੇ ਨਾਲੇ ਚਾਹ ਪੀਂਦੀ ਨਾਲ ਗੱਲਾਂ ਕਰਨ ਲੱਗ ਜਾਂਦੀ ਸੀ। ਅਸੀਂ ਕਿਹਾ, "ਮਾਤਾ, ਤੈਨੂੰ ਹਰ ਰੋਜ਼ ਦੋ ਜਾਂ ਤਿੰਨ ਸੌ ਦੇ ਕਰੀਬ ਪੈਸੇ ਇਕੱਠੇ ਹੋ ਜਾਂਦੇ ਹਨ! ਫਿਰ ਤੂੰ ਹਰ ਰੋਜ਼ ਕਿਉਂ ਆਉਂਦੀ ਏਂ? ਕਦੇ ਆਰਾਮ ਵੀ ਕਰ ਲਿਆ ਕਰ। ਤੇਰੀ ਉਮਰ ਕਾਫ਼ੀ ਹੈ!" "ਬੇਟਾ, ਕਿਆ ਬਤਾਊਂ, ਯਹਾਂ ਆਨੇ ਸੇ ਪਹਿਲੇ ਮੈਂ ਹਰ ਰੋਜ਼ ਸੁਬ੍ਹਾ ਏਕ ਮੰਦਰ ਕੇ ਗੇਟ ਪਰ ਬੈਠ ਕਰ ਭੀ ਮਾਂਗਤੀ ਹੂ! ਵਹਾਂ ਵੀ ਬੇਟਾ, ਮੇਰੇ ਕੋ ਦੋ-ਡੇਢ ਸੌ ਬਨ ਜਾਤਾ ਹੈ!" ਅਸੀਂ ਸਾਰੇ ਸਾਥੀ ਬਹੁਤ ਹੈਰਾਨ ਹੋਏ ਤੇ ਕਿਹਾ, "ਮਾਤਾ, ਤੂੰ ਇੰਨੇ ਪੈਸੇ ਕੀ ਕਰਨੇ ਹਨ?" ਸਾਨੂੰ ਤਾਂ ਇਹ ਸੀ ਕਿ ਇਹ ਬਜ਼ੁਰਗ ਔਰਤ ਇੱਕ ਵਜੇ ਪੈਸੇ ਗਿਣ ਕੇ, ਚਾਹ ਪੀ ਕੇ ਆਪਣੇ ਘਰ ਚਲੀ ਜਾਂਦੀ ਹੈ ਅਤੇ ਘਰ ਜਾ ਕੇ ਅਰਾਮ ਕਰਦੀ ਹੋਵੇਗੀ। ਮਾਤਾ ਕਹਿੰਦੀ, "'ਨਹੀਂ ਬੇਟਾ, ਅਭੀ ਤੋ ਮੈਨੇ ਬਾਜ਼ਾਰ ਵਾਲੇ ਮੇਨ ਚੌਂਕ ਮੇਂ ਜਾਕਰ ਬੈਠ ਕਰ ਮਾਂਗਨਾ ਹੈ। ਮੈਂ ਸੁਬ੍ਹਾ ਛੇ ਬਜੇ ਘਰ ਸੇ ਆਤੀ ਹੂ ਔਰ ਸ਼ਾਮ ਕੋ ਸਾਤ ਬਜੇ ਘਰ ਜਾਤੀ ਹੂ!" ਇਹ ਗੱਲ ਸੁਣ ਕੇ ਅਸੀਂ ਸਾਰੇ ਹੈਰਾਨ ਹੋ ਗਏ। ਫਿਰ ਮਾਤਾ ਨੇ ਦੱਸਿਆ ਕਿ ਉੱਥੇ ਵੀ ਦੋ ਢਾਈ ਸੌ ਰੁਪਏ ਬਣ ਜਾਂਦੇ ਹਨ। ਅਸੀਂ ਸਾਰਾ ਹਿਸਾਬ ਲਾਇਆ ਕਿ ਮਾਤਾ ਨੂੰ ਹਰ ਰੋਜ਼ ਅੱਠ ਸੌ ਤੋਂ ਲੈ ਕੇ ਹਜ਼ਾਰ ਰੁਪਏ ਤੱਕ ਬਣਦੇ ਹਨ। ਅਸੀਂ ਕਿਹਾ, "ਮਾਤਾ, ਤੂੰ ਕਦੇ ਆਰਾਮ ਵੀ ਕਰ ਲਿਆ ਕਰ। ਤੇਰੀ ਉਮਰ ਬਹੁਤ ਹੈ। ਤੂੰ ਹਰ ਰੋਜ਼ ਆਉਂਦੀ ਏ, ਕਦੇ ਛੁੱਟੀ ਵੀ ਕਿਉਂ ਨਹੀਂ ਕਰਦੀ?"

ਫਿਰ ਉਸ ਬਜ਼ੁਰਗ ਮਾਤਾ ਨੇ ਹਕੀਕਤ ਦੱਸੀ, "ਮੈਂ ਅਪਨੀ ਬੇਟੀ ਕੇ ਪਾਸ ਰਹਿਤੀ ਹੂੰ, ਮੇਰੇ ਘਰਵਾਲੇ ਕੀ ਮੌਤ ਹੋ ਗਈ ਹੈ! ਮੇਰਾ ਜਵਾਈ ਕੁਝ ਕਾਮ ਨਹੀਂ ਕਰਤਾ। ਸਾਰਾ ਦਿਨ ਵੇਹਲਾ ਘਰ ਮੈਂ ਪੜਾ ਰਹਿਤਾ ਹੈ। ਮੈਂ ਜਿਤਨੇ ਭੀ ਪੈਸੇ ਲੇਕਰ ਜਾਤੀ ਹੂੰ ਵੋ ਸਭ ਲੇ ਲੇਤਾ ਹੈ! ਦਾਰੂ ਪੀਤਾ ਹੈ, ਨਸ਼ੇ ਕਰਤਾ ਹੈ ਔਰ ਮੀਟ ਖਾਤਾ ਹੈ। ਅਗਰ ਮੈਂ ਕਹੂੰ ਕਿ ਮੈਂ ਨਹੀਂ ਜਾਨਾ ਮੈਂ ਬੀਮਾਰ ਹੂੰ ਤੋ ਮੇਰੇ ਕੋ ਪੀਟਤਾ ਹੈ। ਮੈਂ ਕਿਆ ਕਰੂੰ ਬੇਟਾ, ਮੇਰੀ ਮਜਬੂਰੀ ਹੈ ਔਰ ਮੈਂ ਬਹੁਤ ਦੁਖੀ ਹੂੰ।"

# ਏ.ਆਈ. ਰੋਬੋਟਿਕਸ-ਵਿਕਾਸ ਜਾਂ ਤਬਾਹੀ ਵੱਲ ਪਹਿਲਾ ਕਦਮ?

ਲਿਖਤ : ਸੰਦੀਪ ਕੁਮਾਰ
ਸੰਪਰਕ : 70098-07121



ਏਆਈ ਰੋਬੋਟਿਕਸ ਇੱਕ ਅਜਿਹਾ ਖੇਤਰ ਹੈ ਜੋ ਕ੍ਰਿਤ੍ਰਿਮ ਬੁੱਧੀ ਅਤੇ ਰੋਬੋਟਿਕਸ ਦੇ ਮਿਲਾਪ ਨਾਲ ਬਣਿਆ ਹੈ। ਇਸ ਵਿੱਚ ਰੋਬੋਟਾਂ ਨੂੰ ਸਮਰੱਥ ਬਣਾਉਣ ਲਈ ਕ੍ਰਿਤ੍ਰਿਮ ਬੁੱਧੀ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਜੋ ਉਹ ਮਨੁੱਖਾਂ ਵਾਂਗ ਸੋਚ ਸਕਣ, ਸਿੱਖ ਸਕਣ ਅਤੇ ਆਪਣੇ ਆਪ ਫੈਸਲੇ ਲੈ ਸਕਣ। ਏਆਈ ਰੋਬੋਟਿਕਸ ਦਾ ਮੁੱਖ ਮਕਸਦ ਹੈ ਰੋਬੋਟਾਂ ਨੂੰ ਐਸੇ ਕੰਮ ਕਰਨ ਦੇ ਯੋਗ ਬਣਾਉਣਾ ਜੋ ਪਹਿਲਾਂ ਸਿਰਫ਼ ਮਨੁੱਖ ਕਰ ਸਕਦੇ ਸਨ। ਏਆਈ ਰੋਬੋਟਿਕਸ ਦੇ ਉਤਪਾਦ ਬਹੁਤ ਸਾਰੇ ਖੇਤਰਾਂ ਵਿੱਚ ਵਰਤੇ ਜਾਂਦੇ ਹਨ। ਉਦਾਹਰਣ ਵਜੋਂ, ਉਦਯੋਗਿਕ ਰੋਬੋਟਾਂ ਦੀ ਵਰਤੋਂ ਕਾਰਖਾਨਿਆਂ ਵਿੱਚ ਹੁੰਦੀ ਹੈ ਜਿੱਥੇ ਉਹ ਉਤਪਾਦਨ ਦੇ ਕੰਮ ਕਰਦੇ ਹਨ। ਇਹ ਰੋਬੋਟ ਸਹੀ ਅਤੇ ਤੇਜ਼ੀ ਨਾਲ ਕੰਮ ਕਰ ਸਕਦੇ ਹਨ, ਜਿਸ ਨਾਲ ਮਨੁੱਖੀ ਮਿਹਨਤ ਘੱਟ ਹੁੰਦੀ ਹੈ ਅਤੇ ਉਤਪਾਦਨ ਦੀ ਕੁਆਲਟੀ ਵਿੱਚ ਸੁਧਾਰ ਹੁੰਦਾ ਹੈ। ਸਿਹਤ ਸੇਵਾਵਾਂ ਵਿੱਚ, ਰੋਬੋਟ ਸਰਜਰੀ ਵਿੱਚ ਸਹਾਇਕ ਸਾਬਿਤ ਹੋ ਰਹੇ ਹਨ, ਜਿਸ ਨਾਲ ਸਟੇਮ ਸੈੱਲ ਥੈਰੇਪੀ ਅਤੇ ਸਰਜਰੀ ਮਾਮਲਿਆਂ ਵਿੱਚ ਰਿਕਵਰੀ ਤੇਜ਼ ਹੁੰਦੀ ਹੈ।

ਨਿੱਜੀ ਸਹਾਇਕ ਰੋਬੋਟ ਵੀ ਆਮ ਹੋ ਰਹੇ ਹਨ, ਜਿਵੇਂ ਕਿ ਸਮਾਰਟ ਸਪੀਕਰ ਅਤੇ ਹੋਮ ਕਲੀਨਿੰਗ ਰੋਬੋਟ। ਇਹ ਰੋਬੋਟ ਮਨੁੱਖਾਂ ਦੀ ਜਿੰਦਗੀ ਨੂੰ ਆਸਾਨ ਬਣਾਉਂਦੇ ਹਨ ਅਤੇ ਵੱਖ-ਵੱਖ ਕੰਮ, ਜਿਵੇਂ ਕਿ ਘਰ ਸਾਫ਼ ਕਰਨਾ, ਸਮਾਂ ਸੇਟ ਕਰਨਾ, ਅਤੇ ਸੰਗੀਤ ਚਲਾਉਣਾ, ਆਸਾਨੀ ਨਾਲ ਕਰ ਸਕਦੇ ਹਨ। ਸਿਹਤ ਸੇਵਾਵਾਂ ਵਿੱਚ, ਰੋਬੋਟਾਂ ਦੀ ਵਰਤੋਂ ਵਧ ਰਹੀ ਹੈ। ਇਹ ਰੋਬੋਟ ਪੇਸ਼ੀਆਂ ਦਾ ਪ੍ਰਬੰਧਨ, ਮਰੀਜ਼ਾਂ ਦੀ ਦੇਖਭਾਲ ਅਤੇ ਔਪਰੇਸ਼ਨ ਕਰਨ ਵਿੱਚ ਮਦਦਗਾਰ ਸਾਬਿਤ ਹੋ ਰਹੇ ਹਨ। ਉਦਾਹਰਣ ਵਜੋਂ, ਦਾਵਿਨਸੀ ਸਰਜਿਕਲ ਸਿਸਟਮ ਇੱਕ ਉੱਨਤ ਰੋਬੋਟਿਕ ਸਿਸਟਮ ਹੈ ਜੋ ਸਟੇਮ ਸੈੱਲ ਥੈਰੇਪੀ ਅਤੇ ਸਰਜਰੀ ਮਾਮਲਿਆਂ ਵਿੱਚ ਰਿਕਵਰੀ ਤੇਜ਼ ਕਰਨ ਵਿੱਚ ਸਹਾਇਕ ਹੈ। ਆਪਣੇ ਨਿੱਜੀ ਜੀਵਨ ਵਿੱਚ ਵੀ, ਏਆਈ ਰੋਬੋਟਿਕਸ ਨੇ ਕਈ ਤਰ੍ਹਾਂ ਦੇ ਸਹਾਇਕ ਉਪਕਰਣ ਵਿਕਸਿਤ ਕੀਤੇ ਹਨ। ਸਮਾਰਟ ਸਪੀਕਰ, ਜਿਵੇਂ ਕਿ ਐਮਜ਼ਾਨ ਐਲਕਸਾ ਅਤੇ ਗੂਗਲ ਹੋਮ, ਰੋਜ਼ਾਨਾ ਕੰਮਾਂ ਨੂੰ ਆਸਾਨ ਬਣਾਉਂਦੇ ਹਨ। ਘਰ ਦੇ ਕੰਮਾਂ ਵਿੱਚ ਸਹਾਇਕ ਰੋਬੋਟ, ਜਿਵੇਂ ਕਿ ਰੋਬੋਵੈਕਸ, ਘਰ ਸਾਫ਼ ਕਰਨ ਵਿੱਚ ਮਦਦ ਕਰਦੇ ਹਨ। ਸੰਖੇਪ ਵਿੱਚ, ਏਆਈ ਰੋਬੋਟਿਕਸ ਇੱਕ ਤੇਜ਼ੀ ਨਾਲ ਵਿਕਸਿਤ ਹੋ ਰਿਹਾ ਖੇਤਰ ਹੈ ਜੋ ਭਵਿੱਖ ਵਿੱਚ ਸਾਡੇ ਜੀਵਨ ਦੇ ਬਹੁਤ ਸਾਰੇ ਪਹਿਲੂਆਂ ਨੂੰ ਬਦਲਣ ਦੀ ਸਮਰੱਥਾ ਰੱਖਦਾ ਹੈ।

ਏਆਈ ਰੋਬੋਟਿਕਸ ਦੇ ਵਿਕਾਸ ਨੇ ਬੇਸ਼ਕ ਸਾਡੇ ਜੀਵਨ ਨੂੰ ਬਹੁਤ ਸਾਰੇ ਪਹਿਲੂਆਂ ਨੂੰ ਬਦਲਿਆ ਹੈ, ਪਰ ਇਸ ਦੇ ਨਾਲ ਹੀ ਇਸ ਦੇ ਖਤਰੇ ਅਤੇ ਚੁਣੌਤੀਆਂ ਵੀ ਵੱਡੇ ਪੱਧਰ ਤੇ ਸਾਹਮਣੇ ਆਏ ਹਨ। ਸਭ ਤੋਂ ਵੱਡਾ ਖਤਰਾ ਨੌਕਰੀਆਂ ਦੇ ਗੁਆਚਣ ਨਾਲ ਸੰਬੰਧਤ ਹੈ। ਜਿਵੇਂ-ਜਿਵੇਂ ਰੋਬੋਟਾਂ ਅਤੇ ਏਆਈ ਸਿਸਟਮਾਂ ਦੀ ਵਰਤੋਂ ਵੱਧਦੀ ਜਾ ਰਹੀ ਹੈ, ਬਹੁਤ ਸਾਰੀਆਂ ਮੈਨੂਅਲ ਨੌਕਰੀਆਂ ਖਤਮ ਹੋ ਰਹੀਆਂ ਹਨ। ਉਦਯੋਗਿਕ ਉਤਪਾਦਨ ਤੋਂ ਲੈ ਕੇ ਸੇਵਾ ਦੇ ਖੇਤਰ ਤੱਕ, ਬਹੁਤ ਸਾਰੇ ਕੰਮ ਹੁਣ ਰੋਬੋਟ ਅਤੇ ਆਟੋਮੇਟਡ ਸਿਸਟਮ ਕਰ ਰਹੇ ਹਨ। ਇਸ ਨਾਲ ਬੇਰੁਜ਼ਗਾਰੀ ਵਧਣ ਦੇ ਆਸਾਰ ਹਨ, ਖਾਸ ਤੌਰ 'ਤੇ ਉਹਨਾਂ ਲੋਕਾਂ ਲਈ ਜਿਨ੍ਹਾਂ ਕੋਲ ਤਕਨੀਕੀ ਕੋਸ਼ਲਤਾ ਦੀ ਘਾਟ ਹੈ।

ਦੂਜਾ ਖਤਰਾ, ਡਾਟਾ ਗੋਪਨੀਯਤਾ ਅਤੇ ਸੁਰੱਖਿਆ ਦਾ ਹੈ। ਰੋਬੋਟ ਅਤੇ ਏਆਈ ਸਿਸਟਮ ਬਹੁਤ ਸਾਰੀ ਜਾਣਕਾਰੀ ਇਕੱਠੀ ਕਰਦੇ ਹਨ, ਜਿਸ ਨਾਲ ਗੋਪਨੀਯਤਾ ਸੰਬੰਧੀ ਮੁੱਦੇ ਉੱਭਰਦੇ ਹਨ। ਜੇਕਰ ਇਹ ਜਾਣਕਾਰੀ ਗਲਤ ਹੱਥਾਂ ਵਿੱਚ ਚਲੀ ਜਾਵੇ, ਤਾਂ ਇਸ ਨਾਲ ਵੱਡੇ ਪੱਧਰ ਤੇ ਨੁਕਸਾਨ ਹੋ ਸਕਦਾ ਹੈ। ਹੈਕਿੰਗ ਅਤੇ ਸਾਇਬਰ ਅਪਰਾਧਾਂ ਦੀ ਸੰਭਾਵਨਾ ਵੀ ਵੱਧ ਰਹੀ ਹੈ, ਕਿਉਂਕਿ ਜਿਵੇਂ-ਜਿਵੇਂ ਰੋਬੋਟ ਅਤੇ ਏਆਈ ਸਿਸਟਮ ਇੰਟਰਨੈੱਟ ਨਾਲ ਜੁੜਦੇ ਹਨ, ਉਹਨਾਂ ਨੂੰ ਸੁਰੱਖਿਆ ਦੇ ਮਾਮਲਿਆਂ 'ਚ ਜਿਆਦਾ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਤੀਜਾ ਖਤਰਾ, ਰੋਬੋਟਾਂ ਦਾ ਮਨੁੱਖਾਂ ਤੋਂ ਬੇਹਤਰੀ ਹਾਸਲ ਕਰਨਾ ਹੈ । ਜੇਕਰ ਰੋਬੋਟਾਂ ਨੂੰ ਮਨੁੱਖੀ ਬੁੱਧੀ ਅਤੇ ਯੋਗਤਾ ਦੇਖ ਕੇ ਅੱਗੇ ਵਧਾਇਆ ਜਾਂਦਾ ਹੈ, ਤਾਂ ਉਹ ਇੱਕ ਵਾਰ ਐਸੇ ਪੱਧਰ ਤੇ ਪਹੁੰਚ ਸਕਦੇ ਹਨ ਜਿੱਥੇ ਉਹ ਮਨੁੱਖਾਂ ਲਈ ਖਤਰਾ ਬਣ ਸਕਦੇ ਹਨ। ਇਥੇ ਦੋ ਮੁੱਖ ਚਿੰਤਾਵਾਂ ਹਨ: ਪਹਿਲੀ, ਸਵਤੰਤਰ ਰੋਬੋਟਾਂ ਦੀ ਸੁਰੱਖਿਆ ਅਤੇ ਦੂਜੀ, ਉਹਨਾਂ ਦੇ ਫੈਸਲੇ ਲੈਣ ਦੀ ਸਮਰੱਥਾ। ਜੇਕਰ ਰੋਬੋਟਾਂ ਨੂੰ ਇੰਟੈਲੀਜੈਂਟ ਬਣਾਇਆ ਜਾਂਦਾ ਹੈ, ਤਾਂ ਉਹ ਆਪਣੇ ਆਪ ਫੈਸਲੇ ਲੈ ਸਕਦੇ ਹਨ, ਜੋ ਹਮੇਸ਼ਾ ਸਹੀ ਨਹੀਂ ਹੋ ਸਕਦੇ।

ਨੈਤਿਕ ਅਤੇ ਕਾਨੂੰਨੀ ਮੁੱਦੇ , ਇਕ ਹੋਰ ਮਹੱਤਵਪੂਰਨ ਚਿੰਤਾ ਹੈ । ਰੋਬੋਟਾਂ ਅਤੇ ਏਆਈ ਦੇ ਫੈਸਲੇ ਕਈ ਵਾਰ ਨੈਤਿਕ ਹੁੰਦੇ ਹਨ, ਜਿਨ੍ਹਾਂ ਦਾ ਸਹੀ ਜਾਂ ਗਲਤ ਦਾ ਨਿਰਣਾ ਕਰਨਾ ਅਸਾਨ ਨਹੀਂ। ਇਸ ਦੇ ਨਾਲ ਹੀ, ਜੇਕਰ ਕੋਈ ਰੋਬੋਟ ਕੋਈ ਗਲਤੀ ਕਰਦਾ ਹੈ ਜਾਂ ਨੁਕਸਾਨ ਪਹੁੰਚਾਉਂਦਾ ਹੈ, ਤਾਂ ਇਸ ਦੀ ਜੰਮਿਵਾਰੀ ਕਿਸ ਦੀ ਹੋਵੇਗੀ, ਇਸ 'ਤੇ ਵੀ ਵੱਡੀ ਚਰਚਾ ਜ਼ਰੂਰੀ ਹੈ। ਸੰਖੇਪ ਵਿੱਚ, ਏਆਈ ਰੋਬੋਟਿਕਸ ਦੇ ਵਿਕਾਸ ਨਾਲ ਬਹੁਤ ਸਾਰੇ ਖਤਰੇ ਜੁੜੇ ਹਨ, ਜੋ ਸਮਾਜ ਵਿੱਚ ਵੱਡੇ ਬਦਲਾਅ ਅਤੇ ਚੁਣੌਤੀਆਂ ਨੂੰ ਜਨਮ ਦੇ ਸਕਦੇ ਹਨ। ਇਹਨਾਂ ਖਤਰਿਆਂ ਦਾ ਹੱਲ ਲੱਭਣਾ ਅਤੇ ਸੁਚੱਜੇ ਨਿਯਮ ਬਣਾਉਣਾ ਬਹੁਤ ਜ਼ਰੂਰੀ ਹੈ, ਤਾਂ ਜੋ ਇਹ ਤਕਨੀਕ ਸਾਡੇ ਲਈ ਲਾਭਕਾਰੀ ਸਾਬਿਤ ਹੋਵੇ ਅਤੇ ਖਤਰੇ ਘੱਟ ਕੀਤੇ ਜਾ ਸਕਣ।

ਆਉਣ ਵਾਲੇ ਸਮੇਂ ਵਿੱਚ ਏਆਈ ਰੋਬੋਟਿਕਸ ਦਾ ਭਵਿੱਖ ਬਹੁਤ ਦਿਲਚਸਪ ਅਤੇ ਵਿਆਪਕ ਦ੍ਰਿਸ਼ਟੀਕੋਣ ਤੋਂ ਮਹੱਤਵਪੂਰਨ ਹੋ ਸਕਦਾ ਹੈ। ਏਆਈ ਰੋਬੋਟਿਕਸ ਦੇ ਸਕਾਰਾਤਮਕ ਅਤੇ ਨਕਾਰਾਤਮਕ ਦੋਨੋ ਪੱਖ ਹਨ, ਜੋ ਇਸ ਦੀ ਵਿਆਪਕ ਪ੍ਰਭਾਵਸ਼ੀਲਤਾ ਨੂੰ ਦਰਸਾਉਂਦੇ ਹਨ। ਏਆਈ ਰੋਬੋਟਿਕਸ ਦਾ ਵਿਕਾਸ ਬਹੁਤ ਸਾਰੇ ਖੇਤਰਾਂ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆ ਸਕਦਾ ਹੈ। ਸਿਹਤ ਸੇਵਾਵਾਂ ਵਿੱਚ, ਰੋਬੋਟਾਂ ਦੀ ਮਦਦ ਨਾਲ ਜਿਆਦਾ ਸਹੀ ਅਤੇ ਤੇਜ਼ ਸਰਜਰੀ ਕੀਤੀ ਜਾ ਸਕਦੀ ਹੈ, ਜਿਸ ਨਾਲ ਮਰੀਜ਼ਾਂ ਦੀ ਸਿਹਤ ਅਤੇ ਜਿੰਦਗੀ ਦੀ ਗੁਣਵੱਤਾ ਵਿੱਚ ਸੁਧਾਰ ਹੋਵੇਗਾ। ਉਦਯੋਗਿਕ ਖੇਤਰਾਂ ਵਿੱਚ, ਰੋਬੋਟਿਕਸ ਦੇ ਆਉਣ ਨਾਲ ਉਤਪਾਦਨ ਦੀ ਦਰ ਤੇਜ਼ ਹੋਵੇਗੀ ਅਤੇ ਖਰਚੇ ਘੱਟ ਹੋਣਗੇ। ਇਹ ਮਨੁੱਖੀ ਮਿਹਨਤ ਨੂੰ ਘਟਾਉਣਗੇ ਅਤੇ ਨਵੀਂ ਨੌਕਰੀਆਂ ਦੇ ਮੌਕੇ ਪੈਦਾ ਕਰਨਗੇ ਜਿਵੇਂ ਕਿ ਰੋਬੋਟਿਕ ਸਿਸਟਮਾਂ ਦੀ ਡਿਜ਼ਾਇਨਿੰਗ, ਮੈਂਟੇਨੈਂਸ ਅਤੇ ਪ੍ਰੋਗਰਾਮਿੰਗ। ਰੋਜਾਨਾ ਦੇ ਜੀਵਨ ਵਿੱਚ, ਸਮਾਰਟ ਰੋਬੋਟ ਘਰੇਲੂ ਕੰਮਾਂ ਨੂੰ ਸੌਖਾ ਬਣਾਉਣਗੇ, ਜੋ ਮਨੁੱਖਾਂ ਨੂੰ ਹੋਰ ਸਿਰਜਣਾਤਮਕ ਅਤੇ ਮਨੋਰੰਜਨਕ ਗਤੀਵਿਧੀਆਂ ਲਈ ਵੱਧ ਸਮਾਂ ਦੇਣਗੇ।

ਦੂਜੇ ਪਾਸੇ, ਏਆਈ ਰੋਬੋਟਿਕਸ ਦੇ ਵਿਕਾਸ ਨਾਲ ਕੁਝ ਨਕਾਰਾਤਮਕ ਪ੍ਰਭਾਵ ਵੀ ਹੋ ਸਕਦੇ ਹਨ। ਸਭ ਤੋਂ ਵੱਡਾ ਖਤਰਾ ਬੇਰੁਜ਼ਗਾਰੀ ਦਾ ਹੈ। ਜਿਵੇਂ-ਜਿਵੇਂ ਰੋਬੋਟ ਮਨੁੱਖੀ ਕੰਮ ਸੰਭਾਲਣਗੇ, ਬਹੁਤ ਸਾਰੀਆਂ ਰਵਾਇਤੀ ਨੌਕਰੀਆਂ ਖਤਮ ਹੋਣਗੀਆਂ। ਇਸ ਨਾਲ ਸਮਾਜ ਵਿੱਚ ਆਰਥਿਕ ਅਸਮਾਨਤਾ ਵਧੇਗੀ। ਡਾਟਾ ਸੁਰੱਖਿਆ ਅਤੇ ਨਿੱਜਤਾ ਵੀ ਇੱਕ ਵੱਡੀ ਚਿੰਤਾ ਹੈ, ਕਿਉਂਕਿ ਰੋਬੋਟ ਬਹੁਤ ਸਾਰਾ ਡਾਟਾ ਇਕੱਠਾ ਕਰਨਗੇ ਜੋ ਗਲਤ ਹੱਥਾਂ ਵਿੱਚ ਜਾ ਸਕਦਾ ਹੈ। ਰੋਬੋਟਾਂ ਦੀ ਖੁਦਮੁਖਤਿਆਰਤਾ ਵੀ ਖਤਰਾ ਪੈਦਾ ਕਰ ਸਕਦੀ ਹੈ, ਜੇਕਰ ਉਹ ਮਨੁੱਖਾਂ ਦੇ ਕਾਬੂ ਤੋਂ ਬਾਹਰ ਹੋ ਜਾਣ। ਇਸ ਦੇ ਨਾਲ ਹੀ, ਨੈਤਿਕ ਅਤੇ ਕਾਨੂੰਨੀ ਮੁੱਦੇ ਵੀ ਉੱਭਰ ਸਕਦੇ ਹਨ ਜਿਵੇਂ ਕਿ ਰੋਬੋਟਾਂ ਦੇ ਫੈਸਲੇ ਤੇ ਇਹ ਨਿਰਣਾ ਕਰਨਾ ਕਿ ਜੰਮਿਵਾਰੀ ਕਿਸ ਦੀ ਹੈ?

ਸੰਖੇਪ ਵਿੱਚ, ਏਆਈ ਰੋਬੋਟਿਕਸ ਦਾ ਭਵਿੱਖ ਬਹੁਤ ਹਦ ਤੱਕ ਮਨੁੱਖਤਾ ਲਈ ਲਾਭਦਾਇਕ ਹੋ ਸਕਦਾ ਹੈ, ਪਰ ਇਸ ਦੇ ਸਹੀ ਪ੍ਰਬੰਧਨ ਅਤੇ ਨਿਯਮਾਂ ਦੀ ਲੋੜ ਹੈ। ਸਾਨੂੰ ਇਨ੍ਹਾਂ ਤਕਨੀਕਾਂ ਦੇ ਸੁਚੱਜੇ ਵਿਕਾਸ ਅਤੇ ਵਰਤੋਂ ਲਈ ਸਾਵਧਾਨ ਅਤੇ ਜੰਮਿਵਾਰ ਰਹਿਣਾ ਪਵੇਗਾ, ਤਾਂ ਜੋ ਸਮਾਜ 'ਚ ਉਸਦਾ ਸਕਾਰਾਤਮਕ ਪ੍ਰਭਾਵ ਜਿਆਦਾ ਅਤੇ ਨਕਾਰਾਤਮਕ ਪ੍ਰਭਾਵ ਘੱਟ ਹੋਵੇ।

**ਐਮ.ਸੀ.ਏ, ਐਮ.ਏ ਮਨੋਵਿਗਆਨ**
**ਕੰਪਿਊਟਰ ਅਧਿਆਪਕ**
**ਸ.ਸ.ਸ.ਸ. ਗਰਦਲੇ,ਰੂਪਨਗਰ**

# ਦੁਨੀਆਂ ਨੂੰ ਬਰਬਾਦੀ ਵੱਲ ਧੱਕ ਰਹੀ ਹੈ ਵਧਦੀ ਆਬਾਦੀ

ਲੇਖਕ : ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਸੰਪਰਕ : 97816-46008

ਸੰਨ 2017 ਵਿੱਚ ਦੁਨੀਆ ਦੀ ਆਬਾਦੀ 750 ਕਰੋੜ ਦੇ ਕਰੀਬ ਸੀ ਜਿਸ ਵਿੱਚੋਂ 18.5 ਫ਼ੀਸਦੀ ਹਿੱਸਾ ਚੀਨ ਵਿੱਚ 17.9 ਫ਼ੀਸਦੀ ਹਿੱਸਾ ਭਾਰਤ ਵਿੱਚ ਵਸਦਾ ਸੀ ਜਦੋਂ ਕਿ ਅਮਰੀਕਾ ਅਤੇ ਜਰਮਨੀ ਵਿੱਚ ਕ੍ਰਮਵਾਰ 4.3 ਅਤੇ 1.1 ਫ਼ੀਸਦੀ ਆਬਾਦੀ ਵਸਦੀ ਸੀ ਪਰ 1 ਜਨਵਰੀ, ਸੰਨ 2023 ਨੂੰ ਦੁਨੀਆਂ ਦੀ ਕੁੱਲ ਆਬਾਦੀ 7,94,26,45,086 ਭਾਵ 794 ਕਰੋੜ ਤੋਂ ਵੱਧ ਹੋ ਗਈ ਸੀ ਤੇ 14 ਅਪਰੈਲ, ਸੰਨ 2023 ਦੇ ਅੰਕੜਿਆਂ ਅਨੁਸਾਰ ਦੁਨੀਆਂ ਦੀ ਕੁੱਲ ਆਬਾਦੀ ਵਿੱਚੋਂ ਭਾਰਤ ਵਿੱਚ 17.7, ਚੀਨ ਵਿੱਚ 17.6 ਫ਼ੀਸਦੀ, ਅਮਰੀਕਾ ਵਿੱਚ 4.17 ਅਤੇ ਪਾਕਿਸਤਾਨ ਵਿੱਚ 2.86 ਫ਼ੀਸਦੀ ਜਨਸੰਖਿਆ ਵਸਦੀ ਸੀ। ਦਿਲਚਸਪ ਤੱਥ ਹੈ ਕਿ ਹਰੇਕ 14 ਮਹੀਨਿਆਂ ਬਾਅਦ ਦੁਨੀਆਂ ਦੀ ਆਬਾਦੀ ਦਸ ਕਰੋੜ ਵਧ ਜਾਂਦੀ ਹੈ। ਸੰਨ 2016 ਵਿੱਚ ਦੁਨੀਆਂ ਦੀ ਆਬਾਦੀ 740 ਕਰੋੜ ਸੀ ਤੇ ਸੰਨ 2019 ਵਿੱਚ ਇਹ ਵਧ ਕੇ 770 ਕਰੋੜ ਹੋ ਗਈ ਸੀ। ਅੱਜ ਦੁਨੀਆ ਦੀ ਸਭ ਤੋਂ ਵੱਧ ਆਬਾਦੀ ਭਾਰਤ ਵਿੱਚ ਵਸਦੀ ਹੈ ਜਦੋਂ ਕਿ ਕਈ ਸਾਲ ਤਕ ਪਹਿਲੇ ਨੰਬਰ 'ਤੇ ਰਿਹਾ ਚੀਨ ਆਪਣੀ ਆਬਾਦੀ ਨਿਯੰਤ੍ਰਣ ਸੰਬੰਧੀ ਸਖ਼ਤ ਨੀਤੀ ਸਦਕਾ ਹੁਣ ਦੂਜੇ ਨੰਬਰ 'ਤੇ ਖਿਸਕ ਚੁੱਕਾ ਹੈ। ਇਸ ਵਕਤ ਚੀਨ ਦੀ ਅਨੁਮਾਨਿਤ ਆਬਾਦੀ 141 ਕਰੋੜ ਤੋਂ ਵੱਧ ਤੇ ਭਾਰਤ ਦੀ 142 ਕਰੋੜ ਤੋਂ ਵੱਧ ਮੰਨੀ ਜਾ ਰਹੀ ਹੈ। ਜਨਸੰਖਿਆ ਮਾਹਿਰਾਂ ਅਨੁਸਾਰ ਸੰਨ 2020 ਤੋਂ ਜਾਪਾਨ ਅਤੇ ਦੱਖਣੀ ਕੋਰੀਆ ਦੀ ਆਬਾਦੀ ਵਿੱਚ ਗਿਰਾਵਟ ਦਰਜ ਹੋਣੀ ਸ਼ੁਰੂ ਹੋ ਗਈ ਹੈ 'ਤੇ ਇੱਕ ਅੰਦਾਜ਼ੇ ਅਨੁਸਾਰ ਸੰਨ 2059 ਵਿੱਚ ਭਾਰਤ ਦੀ ਆਬਾਦੀ 170 ਕਰੋੜ ਹੋ ਜਾਵੇਗੀ।

ਅੱਜ ਵਿਸ਼ਵ ਆਬਾਦੀ ਦਿਵਸ ਹੈ। ਇਸ ਦਿਵਸ ਨੂੰ ਮਨਾਉਣ ਦੀ ਸ਼ੁਰੂਆਤ 'ਯੂਨਾਈਟਿਡ ਨੇਸ਼ਨਜ਼ ਡਿਵੈਲਪਮੈਂਟ ਪ੍ਰੋਗਰਾਮ' ਦੀ ਗਵਰਨਿੰਗ ਕੌਂਸਲ ਨੇ ਵਿਸ਼ਵ ਬੈਂਕ ਦੇ ਸੀਨੀਅਰ ਡੈਮੋਗ੍ਰਾਫ਼ਰ ਵਜੋਂ ਸੇਵਾ ਨਿਭਾਅ ਰਹੇ ਡਾ. ਕੇ.ਸੀ. ਜ਼ਕਾਰੀਆ ਦੀ ਸਲਾਹ 'ਤੇ ਸੰਨ 1989 ਵਿੱਚ ਕੀਤੀ ਸੀ ਕਿਉਂਕਿ 11 ਜੁਲਾਈ, ਸੰਨ 1987 ਦੇ ਦਿਨ ਦੁਨੀਆਂ ਦੀ ਆਬਾਦੀ ਨੇ 500 ਕਰੋੜ ਦੇ ਯਾਦਗਾਰੀ ਅੰਕੜੇ ਨੂੰ ਛੂਹਿਆ ਸੀ। ਅੱਜ ਦੇ ਦਿਨ ਨੂੰ 'ਵਿਸ਼ਵ ਆਬਾਦੀ ਦਿਵਸ' ਵਜੋਂ ਮਨਾਉਣ ਦੀ ਸ਼ੁਰੂਆਤ ਕਰਨ ਦਾ ਮੁੱਖ ਮੰਤਵ ਦੁਨੀਆ ਭਰ ਦੇ ਲੋਕਾਂ ਦਾ ਧਿਆਨ ਇਸ ਧਰਤੀ ਗ੍ਰਹਿ 'ਤੇ ਵਧ ਰਹੇ ਆਬਾਦੀ ਭਾਰ ਵੱਲ ਦੁਆਉਣਾ ਸੀ ਤੇ ਉਨ੍ਹਾਂ ਦਰਮਿਆਨ ਇਹ ਚਰਚਾ ਛੇੜਨਾ ਸੀ ਕਿ ਆਬਾਦੀ ਦੇ ਵਾਧੇ ਨਾਲ ਹਰੇਕ ਮੁਲਕ ਦੇ ਕੁਦਰਤੀ ਸਰੋਤਾਂ ਦਾ ਬੁਰਾ ਹਾਲ ਹੋ ਰਿਹਾ ਹੈ। ਇਸ ਦਿਨ ਨੂੰ ਮਨਾਉਣ ਪਿੱਛੇ ਇੱਕ ਮਕਸਦ ਇਹ ਵੀ ਹੈ ਕਿ ਧਰਤੀ ਦੇ ਵਾਸੀਆਂ ਦਾ ਧਿਆਨ ਆਬਾਦੀ 'ਤੇ ਕਾਬੂ ਪਾਉਣ, ਗ਼ਰੀਬੀ ਅਤੇ ਅਣਪੜ੍ਹਤਾ ਘਟਾਉਣ, ਲਿੰਗ ਆਧਾਰਿਤ ਵਿਤਕਰਾ ਖ਼ਤਮ ਕਰਨ, ਗਰਭਵਤੀ ਔਰਤਾਂ ਦੀ ਹਾਲਤ ਸੁਧਾਰਨ ਅਤੇ ਮਨੁੱਖੀ ਹੱਕਾਂ ਦੀ ਰਾਖੀ ਕਰਨ ਵੱਲ ਦੁਆਇਆ ਜਾ ਸਕੇ। ਇਹ ਦਿਨ ਸਾਨੂੰ ਚੇਤੇ ਕਰਵਾਉਂਦਾ ਹੈ ਕਿ ਦੁਨੀਆਂ ਭਰ ਦੇ ਕੁਦਰਤੀ ਸਰੋਤਾਂ ਤੋਂ ਦਬਾਅ ਘਟਾਉਣ ਲਈ ਆਬਾਦੀ ਦਾ ਘਟਣਾ ਬੜਾ ਜ਼ਰੂਰੀ ਹੈ। ਜੇਕਰ ਵਰਤਮਾਨ ਦਰ ਨਾਲ ਦੁਨੀਆ ਦੀ ਆਬਾਦੀ ਵਧਦੀ ਰਹੀ ਤਾਂ ਸਾਫ਼ ਪਾਣੀ ਅਤੇ ਸਾਫ਼ ਹਵਾ ਲਈ ਜੂਝ ਰਹੀ ਅਜੋਕੀ ਦੁਨੀਆਂ ਦਾ ਭਵਿੱਖ ਕੋਈ ਬਹੁਤ ਵਧੀਆ ਨਹੀਂ ਹੋਵੇਗਾ ਤੇ ਵਿਦਵਾਨਾਂ ਦਾ ਰਾਇ ਹੈ ਕਿ ਹੋ ਸਕਦਾ ਹੈ ਅਗਲਾ ਵਿਸ਼ਵ ਯੁੱਧ ਸਾਫ਼ ਪਾਣੀ ਅਤੇ ਸਾਫ਼ ਹਵਾ ਦੀ ਪ੍ਰਾਪਤੀ ਲਈ ਲੜਿਆ ਜਾਵੇ।

ਕੁੱਲ ਦੁਨੀਆ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਕਈ ਬੇਹੱਦ ਦਿਲਚਸਪ ਗੱਲਾਂ ਸਾਹਮਣੇ ਆਉਂਦੀਆਂ ਹਨ। ਜੇਕਰ ਪ੍ਰਤੀ ਵਰਗ ਕਿਲੋਮੀਟਰ ਖੇਤਰ ਵਿੱਚ ਆਬਾਦੀ ਦੀ ਘਣਤਾ ਦੀ ਗੱਲ ਕਰੀਏ ਤਾਂ ਚੀਨ ਵਿੱਚ ਇਹ ਅੰਕੜਾ 153, ਭਾਰਤ ਵਿੱਚ 428, ਇੰਡੋਨੇਸ਼ੀਆ ਵਿੱਚ 151 ਅਤੇ ਅਮਰੀਕਾ ਵਿੱਚ 36 ਵਿਅਕਤੀ ਹੈ। ਦੁਨੀਆਂ ਦੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਚੀਨ ਦੀ ਮੈਂਡਰਿਨ ਭਾਸ਼ਾ ਹੈ ਅਤੇ ਦੁਨੀਆ ਦਾ ਸਭ ਤੋਂ ਵੱਧ ਅਮੀਰ ਦੇਸ਼ ਲਕਸਮਬਰਗ ਹੈ ਜਿੱਥੇ ਪ੍ਰਤੀ ਵਿਅਕਤੀ ਔਸਤ ਆਮਦਨ 1,30,000 ਅਮਰੀਕੀ ਡਾਲਰ ਹੈ ਜਦੋਂ ਕਿ ਸਭ ਤੋਂ ਗ਼ਰੀਬ ਮੁਲਕ ਬਰੂਡੀ ਹੈ ਜਿੱਥੇ ਪ੍ਰਤੀ ਵਿਅਕਤੀ ਔਸਤ ਆਮਦਨ ਕੇਵਲ 308 ਡਾਲਰ ਹੈ। ਦੁਨੀਆ ਦਾ ਆਬਾਦੀ ਪੱਖੋਂ ਸਭ ਤੋਂ ਛੋਟਾ ਦੇਸ਼ ਵੈਟੀਕਨ ਸਿਟੀ ਹੈ, ਜਿਸਦੀ ਆਬਾਦੀ ਕੇਵਲ 800 ਤੋਂ ਕੁਝ ਵੱਧ ਵਿਅਕਤੀ ਹੈ ਜਦੋਂ ਕਿ ਯੂ.ਕੇ.ਅਧੀਨ ਆਉਂਦੇ ਪਿਟਕੈਰਨ ਟਾਪੂਆਂ 'ਤੇ ਕੁੱਲ ਆਬਾਦੀ ਕੇਵਲ 50 ਦੇ ਕਰੀਬ ਵਿਅਕਤੀ ਹੀ ਹਨ।

ਸੰਨ 2022 ਵਿੱਚ ਭਾਰਤ ਵਿੱਚ ਔਸਤ ਉਮਰ 70.19 ਸਾਲ ਦੇ ਕਰੀਬ ਸੀ ਜਦੋਂ ਕਿ ਸਾਲ 2023 ਵਿੱਚ ਇਹ ਵਧ ਕੇ 70.42 ਸਾਲ ਹੋ ਗਈ ਸੀ ਤੇ ਸਾਲ 2024 ਵਿੱਚ ਇਸਨੇ 70.62 ਸਾਲ ਦਾ ਅੰਕੜਾ ਛੂਹ ਲਿਆ ਹੈ। ਇੱਥੇ ਸਭ ਤੋਂ ਵੱਧ ਜਾਨਲੇਵਾ ਰੋਗ ਦਿਲ ਨਾਲ ਸੰਬੰਧਿਤ ਰੋਗ ਸਨ ਜਿਨ੍ਹਾਂ ਨਾਲ ਹਰ ਸਾਲ ਪ੍ਰਤੀ ਇੱਕ ਲੱਖ ਵਿਅਕਤੀਆਂ ਪਿੱਛੇ 272 ਵਿਅਕਤੀ ਮੌਤ ਦੇ ਸ਼ਿਕਾਰ ਬਣਦੇ ਹਨ। ਸਾਲ 2022 ਵਿੱਚ 32,547 ਵਿਅਕਤੀ ਦਿਲ ਦੇ ਦੌਰੇ ਕਰਕੇ ਜਾਨਾਂ ਗੁਆ ਬੈਠੇ ਸਨ। ਖੇਤਰਫਲ ਪੱਖੋਂ ਦੁਨੀਆਂ ਦਾ ਸੱਤਵਾਂ ਦੇਸ਼ ਮੰਨੇ ਜਾਣ ਵਾਲੇ ਸਾਡੇ ਦੇਸ਼ ਵਿੱਚ ਸੰਨ 2022 ਵਿੱਚ ਪ੍ਰਤੀ ਮਹਿਲਾ ਬੱਚਿਆਂ ਦੀ ਜਨਮ ਦਰ 2.159 ਸੀ। ਭਾਰਤ ਦੀ ਕੁੱਲ ਆਬਾਦੀ ਦਾ ਅੱਸੀ ਫ਼ੀਸਦੀ ਦੇ ਕਰੀਬ ਹਿੱਸਾ ਭਾਵ 96.63 ਕਰੋੜ ਲੋਕ ਹਿੰਦੂ ਧਰਮ ਨਾਲ ਸੰਬੰਧਿਤ ਸਨ ਅਤੇ ਮੁਸਲਮਾਨਾਂ, ਈਸਾਈਆਂ ਅਤੇ ਸਿੱਖਾਂ ਦੀ ਆਬਾਦੀ ਦੇਸ਼ ਦੀ ਕੁੱਲ ਆਬਾਦੀ ਦਾ ਕ੍ਰਮਵਾਰ 17.22 ਫ਼ੀਸਦੀ, 2.3 ਫ਼ੀਸਦੀ ਅਤੇ 1.7 ਫ਼ੀਸਦੀ ਸੀ ਭਾਵ ਦੇਸ਼ ਲਈ ਸਭ ਤੋਂ ਵੱਧ ਬਲਿਦਾਨ ਦੇਣ ਵਾਲੇ ਸਿੱਖਾਂ ਦੀ ਆਬਾਦੀ ਮੁਲਕ ਦੀ ਕੁੱਲ ਆਬਾਦੀ ਦਾ ਦੋ ਫ਼ੀਸਦੀ ਵੀ ਨਹੀਂ ਰਹਿ ਗਈ ਸੀ ਜਦੋਂ ਕਿ ਸਿੱਖਾਂ ਦੀਆਂ ਪ੍ਰਚਾਰ ਸੰਸਥਾਵਾਂ ਸਿੱਖਾਂ ਦੀ ਸੰਖਿਆ ਵਿੱਚ ਵਾਧੇ ਦੇ ਅੰਕੜੇ ਦਿੰਦੀਆਂ ਨਹੀਂ ਥੱਕਦੀਆਂ ਸਨ।

ਮੁੱਕਦੀ ਗੱਲ ਇਹ ਹੈ ਕਿ ਦੁਨੀਆ ਦੇ ਵੱਡੇ ਛੋਟੇ ਸਭ ਮੁਲਕਾਂ ਦੇ ਰਾਜਨੇਤਾਵਾਂ ਅਤੇ ਸਮਾਜ ਸੇਵੀਆਂ ਨੂੰ ਸਿਰ ਜੋੜ ਕੇ ਅਜਿਹੀਆਂ ਨੀਤੀਆਂ ਘੜਨ ਅਤੇ ਸਖ਼ਤੀ ਨਾਲ ਲਾਗੂ ਕਰਨ ਦੀ ਲੋੜ ਹੈ, ਜਿਨ੍ਹਾਂ ਨਾਲ ਆਬਾਦੀ 'ਤੇ ਕਾਬੂ ਪਾਇਆ ਜਾ ਸਕੇ ਤੇ ਇਸ ਸੁੰਦਰ ਗ੍ਰਹਿ ਨੂੰ ਬਦਸੂਰਤ ਬਣਨ ਤੋਂ ਬਚਾਇਆ ਜਾ ਸਕੇ। ਭਾਰਤ ਨੇ ਜੇਕਰ ਆਬਾਦੀ ਪੱਖੋਂ ਦੁਨੀਆਂ ਦਾ ਅੱਵਲ ਮੁਲਕ ਨਹੀਂ ਬਣਨਾ ਹੈ ਤਾਂ ਇੱਥੋਂ ਦੇ ਲੋਕਾਂ ਨੂੰ ਆਬਾਦੀ ਨੂੰ ਧਰਮ ਨਾਲ ਜੋੜਨ ਦੀ ਥਾਂ ਦੇਸ਼ ਦੀ ਤਰੱਕੀ ਨਾਲ ਜੋੜ ਕੇ ਵੇਖਣ ਦੀ ਆਦਤ ਪਾਉਣੀ ਪਏਗੀ। ਇੱਥੋਂ ਅਨਪੜ੍ਹਤਾ ਅਤੇ ਗ਼ਰੀਬੀ ਦਾ ਜੇ ਖ਼ਾਤਮਾ ਕਰਨਾ ਹੈ ਤਾਂ ਆਬਾਦੀ ਉੱਤੇ ਕਾਬੂ ਪਾਉਣਾ ਹੀ ਇਸਦਾ ਇੱਕਮਾਤਰ ਹੱਲ ਹੈ। ਇੱਥੇ ਵੱਸੋਂ ਦੀ ਸੰਖਿਆ ਦੇ ਨਾਲ ਨਾਲ ਵੱਸੋਂ ਦੀ ਘਣਤਾ ਘਟਾ ਕੇ ਅਤੇ ਪ੍ਰਤੀ ਵਿਅਕਤੀ ਔਸਤ ਆਮਦਨ ਵਧਾ ਕੇ ਹੀ ਅਸੀਂ ਆਪਣੇ ਮੁਲਕ ਤੇ ਮੁਲਕਵਾਸੀਆਂ ਨੂੰ ਖ਼ੁਸ਼ਹਾਲ ਬਣਾ ਪਾਵਾਂਗੇ। ਅੱਜ ਦਾ ਦਿਨ ਹਰੇਕ ਸੰਸਾਰਵਾਸੀ ਲਈ ਆਤਮ-ਮੰਥਨ ਦੀ ਮੰਗ ਕਰਦਾ ਹੈ ਕਿ ਉਹ ਆਪਣੇ ਪਰਿਵਾਰ, ਆਪਣੇ ਰਾਜ, ਆਪਣੇ ਦੇਸ਼ ਅਤੇ ਆਪਣੀ ਦੁਨੀਆਂ ਦੇ ਭਲੇ ਲਈ ਆਬਾਦੀ 'ਤੇ ਕਾਬੂ ਪਾਉਣ ਵਿੱਚ ਆਪਣਾ ਬਣਦਾ ਯੋਗਦਾਨ ਜ਼ਰੂਰ ਪਾਵੇ।




# ਕੈਨੇਡਾ ਦੇ ਸਭਿਆਚਾਰ ਵਿੱਚ ਢਾਲਣ ਲਈ ਸੁਝਾਵ



ਕੈਨੇਡਾ ਦਾ ਸਭਿਆਚਾਰ ਭਾਰਤ (ਪੰਜਾਬ) ਦੇ ਸਭਿਆਚਾਰ ਤੋਂ ਕਾਫੀ ਭਿੰਨ ਹੈ। ਇੱਥੇ ਆ ਕੇ ਨਵੇਂ ਸਭਿਆਚਾਰ ਨਾਲ ਇਕਮੁਕ ਹੋਣਾ ਹਰ ਇਕ ਦੀ ਪਹਿਲ ਹੁੰਦੀ ਹੈ। ਮਾਹਰਾਂ ਅਨੁਸਾਰ ਜਦੋਂ ਵੀ ਕੋਈ ਵਿਅਕਤੀ ਬਿਲਕੁਲ ਨਵੇਂ ਸਭਿਆਚਾਰ ਵਿਚ ਸਥਾਪਿਤ ਹੋਣਾ ਚਾਹੁੰਦਾ ਹੈ ਤਦ ਉਸ ਨੂੰ ਹੇਠ ਲਿਖੀਆਂ ਚਾਰ ਸਟੇਜਾਂ ਵਿੱਚੋਂ ਗੁਜਰਨਾ ਪੈਂਦਾ ਹੈ ਜਿਵੇਂ :

**ਪਹਿਲੀ ਸਟੇਜ** : ਇਸ ਸਟੇਜ ਵਿਚ ਖ਼ੁਸ਼ੀ ਅਤੇ ਹੁਲਾਸ ਹੁੰਦਾ ਹੈ ਕਿਉਂਕਿ ਤੁਸੀਂ ਆਪਣੇ ਸੁਪਨਿਆਂ ਦੇ ਦੇਸ਼ ਵਿਚ ਉਪੜ ਗਏ ਹੋ ਤੁਸੀਂ ਬੜੀਆਂ ਉਮੀਦਾਂ ਲੈ ਕੇ ਆਏ ਹੋ। ਸਭ ਕੁਝ ਨਵਾਂ ਅਤੇ ਦਿਲਚਸਪ ਲੱਗਦਾ ਹੈ। ਤੁਸੀਂ ਆਪਣੇ ਦੇਸ਼ ਅਤੇ ਕੈਨੇਡਾ ਵਿਚ ਸਮਾਨਤਾਵਾਂ ਲਭਦੇ ਹੋ। ਤੁਹਾਡੇ ਵਿਚ ਪੂਰਾ ਆਤਮ ਵਿਸ਼ਵਾਸ਼ ਹੁੰਦਾ ਹੈ।

**ਸਟੇਜ ਦੂਜੀ** : ਇਸ ਸਟੇਜ ਵਿਚ ਚਿੰਤਾ ਅਤੇ ਨਮੋਸ਼ੀ ਮਹਿਸੂਸ ਹੁੰਦੀ ਹੈ।

**ਸਟੇਜ ਤੀਜੀ**: ਇਸ ਸਟੇਜ ਵਿਚ ਅਨੰਦਮਈ ਸਟੇਜ ਤੋਂ ਕੈਨੇਡਾ ਵਿਚ ਘੁਲ ਮਿਲ ਗਏ ਹੋ। ਕੈਨੇਡਾ ਦਾ ਸਭਿਆਚਾਰ ਚੰਗਾ ਲੱਗਦਾ ਹੈ। ਕੈਨੈਡਾ ਆਉਣ ਦਾ ਕੋਈ ਅਫਸੋਸ ਨਹੀਂ ਲਗਦਾ।

**ਸਟੇਜ ਚੌਥੀ** : ਇਸ ਸਟੇਜ ਵਿਚ ਕੁਝ ਚੰਗਾ ਮਹਿਸੂਸ ਹੁੰਦਾ ਹੈ। ਕੰਮ ਮਿਲ ਚੁੱਕਾ ਹੈ। ਸਭਿਆਚਾਰ ਨਾਲ ਇਕ-ਮੁਕ ਹੋ ਰਹੇ ਹੋ। ਕਮਿਊਨਿਟੀ ਵਿਚ ਮੇਲ ਮਿਲਾਪ ਹੋ ਗਿਆ ਹੈ। ਭਾਸ਼ਾ ਸਿੱਖਣ ਦਾ ਪ੍ਰਬੰਧ ਕਰੋ। ਪੰਜਾਬੀਆਂ ਦਾ ਅੰਗਰੇਜ਼ੀ ਦਾ ਉਚਾਰਨ ਵੱਖ ਹੁੰਦਾ ਹੈ। ਰੇਡੀਓ, ਟੀ.ਵੀ. ਜਾਂ ਕੈਸਟਾਂ ਦੀ ਮਦਦ ਨਾਲ ਆਪਣਾ ਉਚਾਰਨ ਕੈਨੇਡਾ ਵਾਸੀਆਂ ਵਰਗਾ ਬਣਾਓ। ਕੈਨੇਡਾ ਦੇ ਮੁਹਾਵਰਿਆਂ ਅਤੇ ਸਲੈਗ ਸ਼ਬਦਾਂ ਦਾ ਪ੍ਰਯੋਗ ਕਰੋ।

ਇਨ੍ਹਾਂ ਸਟੇਜਾਂ ਉੱਤੇ ਜਲਦੀ ਕਾਬੂ ਪਾਉਣ ਅਤੇ ਜਲਦੀ ਤੋਂ ਜਲਦੀ ਮੁਲਕ ਵਿਚ ਢਾਲਣ ਲਈ ਹੇਠ ਲਿਖੇ ਸੁਝਾਵ ਹਨ :-

1. ਸਭ ਤੋਂ ਪਹਿਲਾਂ ਕੈਨੈਡਾ ਵਿਚ ਭਾਸ਼ਾ ਉੱਤੇ ਦਾ ਗਿਆਨ ਹਾਸਲ ਕਰੋ। ਇਸ ਮੁਲਕ ਵਿਚ ਅੰਗਰੇਜ਼ੀ ਅਤੇ ਫਰੈਂਚ ਸਰਕਾਰੀ ਭਾਸ਼ਾਵਾਂ ਹਨ ਜੋ ਇਨ੍ਹਾਂ ਭਾਸ਼ਾਵਾਂ ਨੂੰ ਨਹੀਂ ਜਾਣਦੇ ਤਦ ਕੁਝ ਮੁਸ਼ਕਲਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਪਰਿਵਾਰ ਯਾਦ ਆਉਂਦਾ ਹੈ, ਕੈਨੈਡਾ ਨਾਲ ਕੋਈ ਸਬੰਧ ਮਹਿਸੂਸ ਨਹੀਂ, ਹੁਣ ਆਪਣੇ ਮੁਲਕ ਅਤੇ ਕੈਨੇਡਾ ਵਿਚ ਭਿੰਨਤਾਵਾਂ ਮਹਿਸੂਸ ਹੁੰਦੀਆਂ ਹਨ। ਮੁਲਕ ਛੱਡਣ ਦਾ ਅਫ਼ਸੋਸ ਹੁੰਦਾ ਹੈ। ਕੰਮ ਲੱਭਣ ਅਤੇ ਯੋਗ ਕੰਮ ਆਸਾਨੀ ਨਾਲ ਨਹੀਂ ਲੱਭਦਾ।
2. ਕਲੱਬ, ਸਭਾਵਾਂ, ਸੁਸਾਇਟੀਆਂ ਆਦਿ ਦੇ ਮੈਂਬਰ ਬਣੋ। ਇਥੇ ਤੁਹਾਨੂੰ ਆਪਣੇ ਮੁਲਕ ਅਤੇ ਕੈਨੈਡਾ ਦੇ ਵਸਨੀਕ ਮਿਲਦੇ ਹਨ। ਗੱਲਬਾਤ ਕੁਝ ਆਪਣੀਆਂ ਮੁਸ਼ਕਲਾਂ ਸਾਂਝੀਆਂ ਕਰੋ।
3. ਮੁਲਕ ਦੀਆਂ ਛੁੱਟੀਆਂ ਅਤੇ ਤਿਉਹਾਰਾਂ ਬਾਰੇ ਜਾਣਕਾਰੀ ਲਵੋ ਅਤੇ ਇਸ ਵਿਚ ਦਿਲਚਸਪੀ ਵਖਾਓ।
4. ਇਸ ਮੁਲਕ ਵਿਚ ਅਨੇਕ ਸੰਸਥਾਵਾਂ ਹਨ ਜਿਥੇ ਵਲੰਟੀਅਰ ਵਜੋਂ ਕੰਮ ਕਰਦੇ ਹੋ। ਵਲੰਟੀਅਰ ਬਣ ਕੇ ਬਹੁਤ ਕੁਝ ਸਿਖਦੇ ਹੋ।
5. ਮੁਸ਼ਕਲਾਂ ਆ ਸਕਦੀਆਂ ਹਨ। ਹੌਂਸਲਾ ਨਾ ਛੱਡੋ, ਢਾਲਣ ਦੀ ਕੋਸ਼ਿਸ਼ ਕਰੋ।
6. ਆਪਣੇ ਟੀਚੇ ਤਹਿ ਕਰੋ ਕਿ ਇਕ ਮਹੀਨੇ ਵਿਚ ਕਿੰਨੇ ਵਿਅਕਤੀਆਂ ਨਾਲ ਮੇਲ ਜੋਲ ਕਰਨਾ ਹੈ ਆਦਿ।
7. ਕੈਨੇਡਾ ਵਿਚ ਰਹਿ ਕੇ ਦੇਸ਼ ਦੇ ਕਾਨੂੰਨਾਂ ਦੀ ਉਲੰਘਣਾ ਨਾ ਕਰੋ। ਇਥੇ ਕਾਨੂੰਨ ਸਭ ਲਈ ਸਮਾਨ ਹੈ ਅਤੇ ਬਚਣ ਦਾ ਕੋਈ ਅਸਾਨ ਤਰੀਕਾ ਨਹੀਂ ਹੈ।
8. ਆਪਣੀ ਖ਼ੁਰਾਕ ਦਾ ਧਿਆਨ ਰੱਖੋ। ਕਸਰਤ ਜਾਂ ਸੈਰ ਕਰਨੀ ਨਾ ਛੱਡੋ। ਸਰੀਰ ਲਈ ਤੰਦਰੁਸਤੀ ਬਹੁਤ ਜ਼ਰੂਰੀ ਹੈ।

**- ਮਹਿੰਦਰ ਸਿੰਘ ਵਾਲੀਆ**
**ਬਰੈਂਪਟਨ** (ਕੈਨੇਡਾ), 647-856-4280

## ਸ਼ਬਦ ਲੱਭੋ

ਕੀ ਤੁਸੀਂ ਹੇਠਾਂ ਦਿੱਤੇ ਗਏ ਸ਼ਬਦ ਚਿੱਤਰ 'ਚ ਦਿੱਤੇ ਗਏ ਸ਼ਬਦਾਂ ਦਾ ਪਤਾ ਲੱਗਾ ਸਕਦੇ ਹੋ... ?

| | | | | | | | | | |
|---|---|---|---|---|---|---|---|---|---|
| B | I | G | A | G | Y | M | N | A | S |
| P | O | T | C | R | O | B | A | T | T |
| G | U | J | A | M | R | I | N | G | M |
| G | U | E | G | C | R | E | T | S | A |
| L | N | L | I | L | N | T | I | C | K |
| E | I | C | C | O | W | E | L | K | E |
| R | C | Y | I | A | N | S | A | E | T |
| T | R | A | P | H | O | R | W | R | F |
| P | A | R | E | R | O | P | E | K | U |
| E | D | A | Z | E | T | R | I | C | N |

Find all the words from the word list:

ACROBAT
BIG TOP
CLOWN
FUN
GYMNAST
HORSE
JUGGLER
MAGICIAN
PARADE
RINGMASTER
ROPE WALKER
TICKET
TRAPEZE
TRICK
UNICYCLE



## ਵਿਗਿਆਨੀਆਂ ਨੇ ਲੱਭੇ ਸੋਨੇ ਨਾਲ ਬਣੇ 'ਗ੍ਰਹਿ'

ਵਿਗਿਆਨੀਆਂ ਨੇ ਦੋ ਨਿਊਟ੍ਰੋਨ ਸਟਾਰ ਵਿਚਾਲੇ ਟਕਰਾਅ ਦਾ ਨਿਰੀਖਣ ਕਰਨ ਦੇ ਦੋ ਸਾਲ ਬਾਅਦ ਹੁਣ ਪਤਾ ਕੀਤਾ ਹੈ ਕਿ ਇਸ ਨਾਲ ਭਾਰੀ ਮਾਤਰਾ 'ਚ ਸੋਨਾ ਆਰ ਪਲੈਟੀਨਮ ਪੈਦਾ ਹੋ ਗਿਆ ਹੈ। ਰਾਇਲ ਐਸਟ੍ਰੋਨਾਮੀਕਲ ਸੋਸਾਇਟੀ ਨੇ ਆਪਣੇ ਬੁਲੇਟਿਨ 'ਚ ਇਕ ਵਿਸ਼ਲੇਸ਼ਣ ਪ੍ਰਕਾਸ਼ਿਤ ਕੀਤਾ ਹੈ, ਜਿਸ ਵਿਚ ਸੋਨੇ ਅਤੇ ਪਲੈਟੀਨਮ ਦੇ ਸੈਂਕੜੇ ਪਲੈਟੀਨਮ ਦੇ ਸੈਂਕੜੇ ਪਲੈਨੇਟਸ (ਗ੍ਰਹਿ) ਦਾ ਜ਼ਿਕਰ ਕੀਤਾ ਗਿਆ ਹੈ। ਵਿਗਿਆਨੀਆਂ ਮੁਤਾਬਕ ਉਨ੍ਹਾਂ ਨੇ 2017 'ਚ ਜੀ ਟਕਸਵ ਦੇਖਿਆ ਸੀ। ਇਸੇ ਤਰ੍ਹਾਂ ਦੀ ਘਟਨਾ 'ਤੇ ਦੁਬਾਰਾ ਨਜ਼ਰ ਮਾਰਨ ਨੂੰ ਮਜਬੂਰ ਹੋ ਗਏ। ਓਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਸ ਘਟਨਾ 'ਚ ਦੋ ਨਿਊਟ੍ਰੋਨ ਸਟਾਰ ਨੇ ਆਪਸ 'ਚ ਮੇਲ ਕਰ ਕੇ ਕਿਲੋਨੋਵਾ ਪੈਦਾ ਕੀਤਾ।

## ਦਿਮਾਗੀ ਕਸਰਤ




## ਬਿੰਦੂ ਮਿਲਾਓ



## ਰਸਤਾ ਲੱਭੋ



# ਸੰਭਾਵਨਾਵਾਂ ਦੀ ਅਹਿਮੀਅਤ



ਲੇਖਕ : ਮਲਵਿੰਦਰ
ਸੰਪਰਕ: +1-365-994-6744

ਸੰਭਾਵਨਾਵਾਂ ਭਵਿੱਖ 'ਚ ਪਈਆਂ ਅਣਕਹੀਆਂ ਕਥਾਵਾਂ ਹੁੰਦੀਆਂ ਹਨ। ਇਨ੍ਹਾਂ ਕਥਾਵਾਂ ਦੇ ਰਹੱਸ ਨੂੰ ਸਮਝਣਾ, ਵਿਚਾਰਨਾ ਅਤੇ ਅਪਨਾਉਣਾ ਸਾਡੇ ਵਿਹਾਰ ਦਾ ਹਿੱਸਾ ਹੋਣਾ ਚਾਹੀਦਾ ਹੈ। ਸੰਵਾਦ ਰਚਾਉਣਾ ਸੰਭਾਵਨਾਵਾਂ ਦੀ ਤਲਾਸ਼ ਕਰਨੀ ਹੁੰਦੀ ਹੈ। ਸੰਭਾਵਨਾ ਇੱਕ ਮੌਕਾ ਹੁੰਦਾ ਹੈ ਜਿਹੜਾ ਵਾਪਰ ਸਕਦਾ ਹੈ ਤੇ ਸੱਚ ਵੀ ਹੋ ਸਕਦਾ ਹੈ। ਸਾਡਾ ਜੀਵਨ ਅਮੁੱਕ ਸੰਭਾਵਨਾਵਾਂ ਨਾਲ ਭਰਿਆ ਹੈ, ਪਰ ਅਸੀਂ ਸੰਭਾਵਨਾਵਾਂ ਨੂੰ ਦਰਕਿਨਾਰ ਕਰਕੇ ਵਿਰਾਸਤ 'ਚ ਮਿਲੇ ਮੂਲ ਵਿਸ਼ਵਾਸਾਂ ਨੂੰ ਮੰਨਦਿਆਂ ਸੋਚ ਵਿਚਾਰ ਤੋਂ ਵਿਰਵੇ ਜੀਵਨ ਦੇ ਸੂਤਰ ਘੜਦੇ ਹਾਂ। ਇਹ ਸੂਤਰ ਸਾਨੂੰ ਨਿਰਪੱਖਤਾ ਨਾਲ ਫ਼ੈਸਲੇ ਲੈਣ ਤੋਂ ਵਰਜਦੇ ਹਨ। ਇਹ ਹੀ ਕਾਰਨ ਹੈ ਕਿ ਜੀਵਨ ਦੇ ਇਨ੍ਹਾਂ ਜਟਿਲ ਸਮਿਆਂ 'ਚ ਸਾਨੂੰ ਸਮਾਜ ਨਾਲ ਬੜੇ ਗਿਲੇ ਹਨ। ਸਾਡਾ ਵਿਹਾਰ ਕੁਝ ਹੋਰ ਹੈ ਤੇ ਉਮੀਦਾਂ ਕੁਝ ਹੋਰ। ਸਾਡੀਆਂ ਉਮੀਦਾਂ, ਉਮੰਗਾਂ ਸਾਡੇ ਵਿਅਕਤੀਤਵ ਦੇ ਹਾਣ ਦੀਆਂ ਨਹੀਂ ਹਨ। ਸਾਡੇ ਕਿਰਦਾਰ ਸੰਸਿਆਂ ਨਾਲ ਭਰੇ ਹਨ। ਅਸੀਂ ਇਹ ਭਰਮ ਪਾਲਿਆ ਹੈ ਕਿ ਸਾਡਾ ਕੋਈ ਸੰਗੀ ਸਾਥੀ ਨਹੀਂ ਹੈ। ਅਸੀਂ ਇਕਲਾਪਿਆਂ ਨਾਲ ਭਰੇ ਹਾਂ। ਸਾਡੇ ਵਿਸ਼ਵਾਸ ਦੇ ਪੈਰਾਂ ਹੇਠਲੀ ਭੋਇੰ ਚਿਲਕਵੀਂ ਹੈ। ਬੇਵਿਸਾਹੀ ਨਾਲ ਭਰੇ ਅਸੀਂ ਆਪਣੇ ਹੀ ਅੰਦਰ ਸੁੰਗੜ ਕੇ ਬੈਠੇ ਹਾਂ। ਬਾਹਰੀ ਪ੍ਰਸਥਿਤੀਆਂ ਨਾਲ ਸਾਡਾ ਰਿਸ਼ਤਾ ਬੇਗਾਨਗੀ ਵਾਲਾ ਹੈ। ਅਸੀਂ ਧਨ ਇਕੱਤਰ ਕਰਨ ਤੇ ਵੱਧ ਤੋਂ ਵੱਧ ਜਾਇਦਾਦ ਬਣਾਉਣ ਨੂੰ ਆਪਣੇ ਜੀਵਨ ਦੀ ਸਫ਼ਲਤਾ ਸਮਝਦੇ ਹਾਂ। ਸਾਹਿਤ ਪੜ੍ਹਨਾ, ਸੰਗੀਤ ਸੁਣਨਾ ਤੇ ਹੋਰ ਸੂਖਮ ਕਲਾਵਾਂ ਨਾਲ ਜੁੜਨਾ ਤਾਂ ਸਾਡੇ ਲਈ ਫਾਲਤੂ ਦੇ ਆਹਰ ਹਨ। ਅਸੀਂ ਆਪਣੇ ਤੋਂ ਬਾਹਰ ਸੋਚਦੇ ਹੀ ਨਹੀਂ। ਆਪਣੀ ਇਸ ਸੋਚ ਕਰਕੇ ਅਸੀਂ ਆਪਣੇ ਦੁਆਲੇ ਅੰਧਕਾਰ ਸਿਰਜ ਲੈਂਦੇ ਹਾਂ। ਅਸੀਂ ਅੰਧਕਾਰ ਵਿੱਚ ਜੀਅ ਰਹੇ ਲੋਕ ਹਾਂ। ਅਸੀਂ ਆਪਣੇ ਆਪ ਨੂੰ ਨਫ਼ਰਤ ਕਰਦੇ ਹਾਂ। ਕਹਿੰਦੇ ਹਨ ਕਿ ਨਫ਼ਰਤ ਕਲਪਨਾ ਦੀ ਘਾਟ ਹੈ। ਇਹ ਦਰੁਸਤ ਲੱਗਦਾ ਹੈ। ਕਲਪਨਾ ਤੁਹਾਨੂੰ ਸੂਖਮ ਕਲਾਵਾਂ ਨਾਲ ਜੋੜਦੀ ਹੈ। ਕਲਾਵਾਂ ਤੁਹਾਨੂੰ ਜੀਵਨ ਜਿਊਣ ਦਾ ਵੱਲ ਸਿਖਾਉਂਦੀਆਂ ਹਨ। ਸੇਕਸ਼ਪੀਅਰ ਦਾ ਕਹਿਣਾ ਹੈ ਕਿ ਕਲਾ ਦਾ ਮਕਸਦ ਜੀਵਨ ਨੂੰ ਇੱਕ ਆਕਾਰ ਦੇਣਾ ਹੈ। ਅਸੀਂ ਆਕਾਰ ਤੋਂ ਬਾਹਰ ਵਿਚਰ ਰਹੇ ਲੋਕ ਹਾਂ। ਆਪਣੇ ਆਪ ਨੂੰ ਨਫ਼ਰਤ ਕਰਦਿਆਂ ਇੰਝ ਲੱਗਦਾ ਹੈ ਕਿ ਪਿਆਰ ਕਰਨਾ ਤਾਂ ਅਸੀਂ ਸਿੱਖਿਆ ਹੀ ਨਹੀਂ। ਪਿਆਰ ਤਾਂ ਸਾਡੇ ਲਈ ਵਰਜਿਤ ਸ਼ਬਦ ਹੈ। ਸਾਡਾ ਸਮਾਜ ਪਿਆਰ ਦਾ ਦੁਸ਼ਮਣ ਹੈ। ਸਾਡੀ ਸੋਚ ਤਾਂ ਸੁਖ ਸਹੂਲਤਾਂ ਦੇ ਅੰਬਾਰ ਲਾਉਣੇ ਹਨ। ਪਿਆਰ ਦੀ ਅਣਹੋਂਦ ਜੰਗਾਂ ਯੁੱਧਾਂ ਦਾ ਕਾਰਨ ਬਣਦੀ ਹੈ। ਨਫ਼ਰਤ ਨੂੰ ਸੱਤਾ 'ਤੇ ਕਾਬਜ਼ ਧਿਰ ਹਥਿਆਰ ਵਜੋਂ ਵਰਤਦੀ ਹੈ। ਪਿਆਰ ਦਾ ਹਥਿਆਰ ਮਾਨਵੀ ਕਦਰਾਂ ਕੀਮਤਾਂ ਮਿੱਥਦਾ ਹੈ। ਰਿਸ਼ਤਿਆਂ ਦੀ ਹੰਢਣਸਾਰਤਾ ਤੇ ਸਮਾਜ ਦੀ ਖ਼ੁਸ਼ਹਾਲੀ ਪਿਆਰ ਦੀ ਮੁਥਾਜ ਹੈ।

ਅਸੀਂ ਧਰਮ ਦੀ ਵਿਆਖਿਆ ਕਰਦਿਆਂ ਸਬਰ ਸੰਤੋਖ ਦਾ ਪ੍ਰਚਾਰ ਕਰਦੇ ਹਾਂ। ਧਰਮ ਅਸਥਾਨਾਂ 'ਤੇ ਜਾ ਕੇ ਪੂਜਾ ਅਰਚਨਾ ਕਰਦੇ ਹਾਂ। ਇਹ ਸਭ ਵਿਰਾਸਤ ਵਿੱਚ ਮਿਲੇ ਵਿਸ਼ਵਾਸ ਹਨ। ਸਾਡੀ ਸੋਚ ਤਾਂ ਪੂੰਜੀਵਾਦੀ ਵਿਚਾਰਾਂ ਵਿੱਚ ਜਕੜੀ ਹੈ। ਚੇਤਨਾ ਸਾਡੀ ਸੋਚ ਦਾ ਵਿਸ਼ਾ ਹੋਣਾ ਚਾਹੀਦਾ ਹੈ। ਇਸ ਦੀ ਗ਼ੈਰਹਾਜ਼ਰੀ ਵਿੱਚ ਸਾਡਾ ਦਿਮਾਗ ਵਿਚਲਿਤ ਹੁੰਦਾ ਹੈ। ਸਾਡੇ ਵਿਅਕਤੀਤਵ ਵਿੱਚ ਬਦਲਾਅ ਆਉਂਦੇ ਹਨ। ਜੀਵਨ ਸਥਿਰ ਨਹੀਂ ਰਹਿੰਦਾ। ਇਹ ਗੱਲਾਂ ਯਾਦ ਨਹੀਂ ਰੱਖਾਂਗੇ ਤਾਂ ਸਿਹਤ ਵਿੱਚ ਮਾਨਸਿਕ ਵਿਗਾੜ ਪੈਦਾ ਹੋਣਗੇ। ਚਿੰਤਾਵਾਂ ਤੁਹਾਡੇ 'ਤੇ ਭਾਰੂ ਹੋ ਜਾਣਗੀਆਂ। ਇਹ ਕਠਿਨ ਸਥਿਤੀ ਹੁੰਦੀ ਹੈ। ਸਾਨੂੰ ਇਸ ਦਾ ਕੋਈ ਸਿੱਧਾ ਅਨੁਭਵ ਨਹੀਂ ਹੁੰਦਾ। ਅਜਿਹੀ ਸਥਿਤੀ ਵਿੱਚ ਕੁਝ ਲੋਕ ਚੁੱਪ ਦੀ ਬੁੱਕਲ ਮਾਰ ਲੈਂਦੇ ਹਨ। ਉਹ ਲੋੜ ਤੋਂ ਵੱਧ ਅੰਤਰਮੁਖੀ ਹੋ ਜਾਂਦੇ ਹਨ। ਇਹ ਮਾਨਸਿਕ ਵਿਗਾੜ ਦੇ ਪੈਦਾ ਹੋਣ ਦਾ ਸੰਕੇਤ ਵੀ ਹੋ ਸਕਦਾ ਹੈ। ਵਕਤ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਵਕਤ ਨੂੰ ਥੰਮਣ ਲਈ ਪਿਆਰ ਕਰੋ। ਵਕਤ ਦੇ ਨਾਲ ਤੁਰਨ ਲਈ ਕਿਤਾਬਾਂ ਪੜ੍ਹੋ। ਵਕਤ ਗੁਜ਼ਾਰਨ ਲਈ ਸੰਗੀਤ ਸੁਣਨਾ ਵਧੀਆ ਆਹਰ ਹੈ। ਵਕਤ ਨੂੰ ਜਾਣਨ, ਸਮਝਣ ਤੇ ਮਹਿਸੂਸ ਕਰਨ ਲਈ ਲਿਖਣਾ ਸਾਰਥਕ ਕਾਰਜ ਹੈ। ਲਿਖਣ ਨਾਲ ਤੁਹਾਡੇ ਅੰਦਰ ਦੇ ਉਹ ਭੇਤ ਵੀ ਖੁੱਲ੍ਹ ਜਾਂਦੇ ਹਨ ਜਿਨ੍ਹਾਂ ਨੂੰ ਤੁਸੀਂ ਬੋਲ ਕੇ ਪ੍ਰਗਟ ਨਹੀਂ ਕਰ ਸਕਦੇ। ਤੁਹਾਡਾ ਮਨ ਹਲਕਾ ਹੋ ਜਾਂਦਾ ਹੈ। ਪੜ੍ਹਨਾ ਲਿਖਣਾ ਮਨ ਦੀ ਇਕਾਗਰਤਾ ਲਈ ਸਭ ਤੋਂ ਉੱਤਮ ਸਾਧਨ ਹੈ। ਮਨ ਦੀ ਇਕਾਗਰਤਾ ਨੂੰ ਬਣਾਈ ਰੱਖਣਾ ਸਿਹਤਮੰਦੀ ਲਈ ਬਹੁਤ ਜ਼ਰੂਰੀ ਹੈ। ਅਸੀਂ ਹਰ ਛਿਣ ਕੁਝ ਖਰੀਦ ਰਹੇ ਜਾਂ ਵਿਕ ਰਹੇ ਹਾਂ। ਇਹ ਪੂੰਜੀਵਾਦੀ ਵਰਤਾਰਾ ਹੈ। ਸਹਿਜ, ਸੁਹਜ ਤੇ ਸੁਹੱਪਣ ਇਸ ਵਰਤਾਰੇ ਤੋਂ ਬਾਹਰ ਦੀਆਂ ਗੱਲਾਂ ਹਨ। ਖਰੀਦਣ, ਵਿਕਣ ਦੇ ਇਸ ਵਪਾਰਕ ਸਿਸਟਮ ਤੋਂ ਬਾਹਰ ਵੀ ਜ਼ਿੰਦਗੀ ਹੈ। ਉਸ ਜ਼ਿੰਦਗੀ ਨੂੰ ਅਸੀਂ ਭੁੱਲੇ ਬੈਠੇ ਹਾਂ। ਸਾਡੀ ਜ਼ਿੰਦਗੀ ਦੇ ਕੇਂਦਰ ਵਿੱਚ ਮੁਨਾਫ਼ਾ ਆ ਗਿਆ ਹੈ। ਸਾਡੇ ਜਿਊਣ ਦੇ ਸਬੱਬ ਤਾਂ ਕਿਤੇ ਹੋਰ ਪਏ ਹਨ। ਅਸੀਂ ਤਾਂ ਜ਼ਿੰਦਗੀ ਦੇ ਉਸ ਮੌਸਮ ਨੂੰ ਗਲ ਲਾਈ ਬੈਠੇ ਹਾਂ ਜੋ ਨਿੱਜ ਵਿੱਚੋਂ ਨਿਕਲਦਾ, ਪਰਿਵਾਰਾਂ ਵਿੱਚੋਂ ਲੰਘਦਾ ਪੂਰੇ ਸਮਾਜ ਵਿੱਚ ਫੈਲਦਾ ਉਦਾਸੀਆਂ ਤੇ ਚਿੰਤਾਵਾਂ ਦਾ ਮੌਸਮ ਹੈ।

ਇਸ ਮੌਸਮ 'ਚੋਂ ਬਾਹਰ ਨਿਕਲਣ ਦਾ ਕੰਮ ਔਖਾ ਵੀ ਨਹੀਂ ਹੈ। ਧਿਆਨ ਦਾ ਕੋਣ ਬਦਲਣਾ ਪੈਣਾ ਹੈ। ਵਸਤਾਂ, ਵਰਤਾਰਿਆਂ ਨੂੰ ਵੇਖਣ, ਸਮਝਣ ਦਾ ਦ੍ਰਿਸ਼ਟੀਕੋਣ ਬਦਲਣਾ ਪੈਣਾ ਹੈ। ਹਰ ਵੇਲੇ ਕਿਸੇ ਖ਼ੂਬਸੂਰਤੀ ਦੀ ਤਲਾਸ਼ ਕਰਦੇ ਰਹਿਣਾ ਪੈਣਾ ਹੈ। ਕੋਈ ਚਿਹਰਾ, ਕਵਿਤਾ ਦੀ ਕੋਈ ਸਤਰ, ਆਸਮਾਨ ਵਿੱਚ ਬੱਦਲਾਂ ਦੁਆਰਾ ਸਿਰਜਿਆ ਕੋਈ ਚਿੱਤਰ, ਪੰਛੀਆਂ ਦੀਆਂ ਆਵਾਜ਼ਾਂ, ਪੌਣ ਦਾ ਬਿਰਖਾਂ ਥੀਂ ਰੁਮਕਣਾ, ਪੱਤਝੜ ਦੇ ਰੰਗ, ਪੁੰਗਰ ਰਹੀ ਹਰਿਆਵਲ ਦਾ ਅਹਿਸਾਸ ਆਪਣੇ ਅੰਦਰ ਵਸਾਉਣਾ ਪੈਣਾ ਹੈ। ਇਹ ਸੁੰਦਰਤਾ ਦਾ ਅਹਿਸਾਸ ਹੈ। ਸੁੰਦਰਤਾ ਮਨ ਨੂੰ ਲੁਭਾਉਂਦੀ ਹੈ। ਆਪਣੇ ਅੰਦਰ ਨਫ਼ਰਤ ਪਾਲਣੀ ਜ਼ਹਿਰੀਲੇ ਜੀਵ ਨੂੰ ਚਿੱਥਣ ਵਾਂਗ ਹੁੰਦਾ ਹੈ। ਨਫ਼ਰਤ ਸਥਿਤੀ ਦਾ ਸਹੀ ਵਿਸ਼ਲੇਸ਼ਣ ਨਹੀਂ ਕਰਨ ਦਿੰਦੀ। ਨਫ਼ਰਤ ਸਾਡੀਆਂ ਭਾਵਨਾਵਾਂ ਅਤੇ ਸੋਚ ਨੂੰ ਵਿਚਲਿਤ ਕਰਦੀ ਹੈ। ਸੱਚ ਇਹ ਹੈ ਕਿ ਸਾਡੀ ਨਫ਼ਰਤ ਤਾਂ ਸਹੀ ਟਿਕਾਣੇ 'ਤੇ ਪਹੁੰਚਦੀ ਹੀ ਨਹੀਂ। ਇਹ ਤਾਂ ਸਾਡੇ ਅੰਦਰ ਰੋਗ ਬਣ ਕੇ ਬੈਠ ਜਾਂਦੀ ਹੈ। ਅਰੋਗ ਹੋਣ ਲਈ ਸਵੇਰੇ ਵੇਲੇ ਨਾਲ ਉੱਠਣਾ, ਨਹਾਉਣਾ, ਸੈਰ ਕਰਨੀ, ਦੋਸਤਾਂ ਨੂੰ ਮਿਲਣਾ, ਗੱਪ-ਸ਼ੱਪ ਮਾਰਨੀ, ਨਿਮਰ ਰਹਿਣਾ ਕੁਝ ਸਿਹਤਮੰਦ ਵਰਤਾਰੇ ਹਨ। ਸਾਡੇ ਮੁਹੱਲੇ ਦੀ ਦੁਕਾਨ 'ਤੇ ਮੈਂ ਜਦ ਵੀ ਜਾਂਦਾ, ਦੁਕਾਨਦਾਰ ਟੀ.ਵੀ. 'ਤੇ ਖ਼ਬਰਾਂ ਸੁਣ ਰਿਹਾ ਖਿਝਿਆ ਹੁੰਦਾ। ਉਸ ਨੂੰ ਸਮਝਾਇਆ ਕਿ ਮੈਂ ਕਈ ਵਰ੍ਹਿਆਂ ਤੋਂ ਟੀ.ਵੀ. ਵੇਖਣਾ ਘਟਾਇਆ ਹੈ ਤੇ ਖ਼ਬਰਾਂ ਸੁਣਨੀਆਂ ਤਾਂ ਬਿਲਕੁਲ ਬੰਦ ਕੀਤੀਆਂ ਹਨ। ਮੈਂ ਸੁਖੀ ਹਾਂ, ਸ਼ਾਂਤ ਹਾਂ। ਆਉਂਦੇ ਦਿਨਾਂ ਦੌਰਾਨ ਮੈਂ ਉਸ ਦੁਕਾਨਦਾਰ ਵਿੱਚ ਤਬਦੀਲੀ ਵੇਖੀ। ਸੋਸ਼ਲ ਮੀਡੀਆ ਨੇ ਦੁਨੀਆ ਨੂੰ ਬਿਨਾਂ ਕੰਮ ਦੇ ਆਹਰੇ ਲਾ ਰੱਖਿਆ ਹੈ। ਅਸੀਂ ਬੱਸਾਂ, ਕਾਰਾਂ, ਰੇਲਾਂ ਤੇ ਜਹਾਜ਼ਾਂ ਦਾ ਸਫ਼ਰ ਮੋਬਾਈਲ ਦੀ ਉਂਗਲ ਫੜ ਕੇ ਕਰਦੇ ਹਾਂ। ਅਸੀਂ ਭੋਜਨ ਮੋਬਾਈਲ ਦੇ ਅੰਦਰ ਬਹਿ ਕੇ ਕਰਦੇ ਹਾਂ। ਸਾਡਾ ਰੈਣ ਬਸੇਰਾ ਮੋਬਾਈਲ ਦੇ ਅੰਦਰ ਹੋ ਗਿਆ ਹੈ। ਸਾਡੇ ਬਹੁਤ ਸਾਰੇ ਜ਼ਰੂਰੀ ਕੰਮ ਪਛੜ ਜਾਂਦੇ ਹਨ। ਸਾਡੇ ਚੇਤਿਆਂ 'ਚੋਂ ਹੁਣੇ ਹੁਣੇ ਫੁਰੀ ਕਵਿਤਾ ਵਿਸਰ ਜਾਂਦੀ ਹੈ। ਸੋਸ਼ਲ ਮੀਡੀਆ ਨੇ ਸਾਡੀ ਵਿਹਲ ਨਿਗਲ ਲਈ ਹੈ। ਸਾਡੀ ਤੰਦਰੁਸਤੀ ਰੋਗ-ਗ੍ਰਸਤ ਹੋ ਰਹੀ ਹੈ। ਪਰਿਵਾਰਾਂ ਵਿਚਲੀ ਅਪਣੱਤ ਖਿਝ ਵਿੱਚ ਬਦਲ ਰਹੀ ਹੈ। ਚੈਨਲਾਂ 'ਤੇ ਇਕਪਾਸੜ ਖ਼ਬਰਾਂ ਵਿੱਚ ਰੱਜ ਕੇ ਝੂਠ ਬੋਲਿਆ ਜਾਂਦਾ ਹੈ। ਵੱਖ-ਵੱਖ ਪਾਰਟੀਆਂ ਦੇ ਬੁਲਾਰੇ ਬੁਲਾ ਕੇ ਕਰਵਾਈ ਜਾਂਦੀ ਬਹਿਸ ਵਿੱਚ ਅਸੀਂ ਭੋਲੇ ਭਾਅ ਇੱਕ ਧਿਰ ਬਣ ਬਹਿੰਦੇ ਹਾਂ। ਸਾਡਾ ਸਹਿਜ ਵਿਗੜ ਜਾਂਦਾ ਹੈ। ਅਸੀਂ ਖਿਝੇ ਖਿਝੇ ਰਹਿੰਦੇ ਹਾਂ। ਇਹ ਸਾਡੇ ਡਿਪਰੈਸ਼ਨ ਵਿੱਚ ਜਾਣ ਦਾ ਸਬੱਬ ਵੀ ਬਣ ਸਕਦਾ ਹੈ।

ਪਿੰਡਾਂ ਵਿੱਚ ਕਿਸੇ ਵਿਸ਼ਾਲ ਬਿਰਖ ਦੀ ਛਾਵੇਂ ਮੇਲੇ ਜੁੜਦੇ ਸਨ। ਇਹ ਮੇਲੇ ਭਾਈਚਾਰਕ ਸਾਂਝ ਦਾ ਸਾਂਝਾ ਸ਼ੌਕ ਤੇ ਉਪਰਾਲਾ ਸਨ। ਘਰਾਂ ਦੇ ਝਮੇਲੇ, ਫ਼ਿਕਰ, ਚਿੰਤਾਵਾਂ ਤੇ ਦੁਸ਼ਵਾਰੀਆਂ ਇਨ੍ਹਾਂ ਮੇਲਿਆਂ ਤੋਂ ਦੂਰ ਰਹਿੰਦੇ ਸਨ। ਬਿਰਖਾਂ ਕੋਲ ਬੈਠਣਾ, ਉਨ੍ਹਾਂ ਨੂੰ ਨਿਹਾਰਨਾ, ਸੰਭਾਲ ਕਰਨੀ, ਨਵੇਂ ਪੌਦੇ ਲਾਉਣੇ ਅਨੂਠਾ ਅਨੁਭਵ ਹੁੰਦਾ ਸੀ। ਇਹ ਕੁਦਰਤ ਨਾਲ ਸਾਡਾ ਅੰਤਰੀਵ ਪਿਆਰ ਸੀ। ਪਿਆਰ ਨਫ਼ਰਤ ਦਾ ਵਿਪਰੀਤ ਸ਼ਬਦ ਹੈ। ਜੇਕਰ ਕੋਈ ਤੁਹਾਨੂੰ ਪਿਆਰ ਕਰਦਾ ਹੈ ਤਾਂ ਤੁਹਾਡਾ ਉਸ ਉਪਰ ਸ਼ੱਕ ਕਰਨਾ ਤੁਹਾਡੇ ਅੰਦਰਲੇ ਸੰਦੇਹ ਦੀ ਮਜਬੂਰੀ ਹੋ ਸਕਦੀ ਹੈ। ਕੁਦਰਤ ਨੂੰ ਪਿਆਰ ਕਰਨ ਲਈ ਕਿਸੇ ਦੀ ਆਗਿਆ ਨਹੀਂ ਲੈਣੀ ਪੈਂਦੀ। ਜੰਗਲਾਂ 'ਚ ਪਲੀ ਸੱਭਿਅਤਾ ਥਲਾਂ 'ਚ ਪਲੀ ਸੱਭਿਅਤਾ ਨਾਲੋਂ ਭਿੰਨ ਹੁੰਦੀ ਹੈ। ਤਪਦੀ ਰੇਤ ਕੋਲ ਸੀਨੇ ਨੂੰ ਠੰਢ ਪਾਉਣ ਵਾਲੀ ਘਣੀ ਛਾਂ ਤੇ ਰੁਮਕਦੀ ਠੰਢੀ ਪੌਣ ਨਹੀਂ ਹੁੰਦੀ। ਸਾਡੀਆਂ ਸੋਚਾਂ ਕੁਦਰਤ ਦੀ ਹੀ ਦੇਣ ਹਨ। ਕੁਦਰਤ ਦੇ ਅਸੀਮ ਸ੍ਰੋਤਾਂ 'ਚੋਂ ਮੁਨਾਫ਼ਾ ਕਮਾਉਣ ਦੇ ਲਾਲਚ ਨੇ ਕੁਦਰਤ ਦਾ ਬੇਹੱਦ ਵਿਗਾੜ ਕੀਤਾ ਹੈ। ਇਸ ਵਿਗਾੜ ਨੇ ਸਦੀਆਂ ਤੋਂ ਉੱਥੇ ਵੱਸ ਰਹੇ ਆਦਿਵਾਸੀ ਲੋਕਾਂ ਨੂੰ ਉਜਾੜਿਆ ਹੈ। ਬੇਚੈਨੀ ਪੈਦਾ ਹੋਈ ਹੈ। ਸੱਤਾ ਨਾਲ ਸਿੱਧੀ ਟੱਕਰ ਨੇ ਹਿੰਸਾ ਨੂੰ ਜਨਮ ਦਿੱਤਾ ਹੈ। ਵਤਨ ਪ੍ਰਤੀ ਬੇਗਾਨਗੀ ਦਾ ਅਹਿਸਾਸ ਗੂੜ੍ਹਾ ਹੋਇਆ ਹੈ। ਦੇਸ਼ ਭਗਤੀ ਕਿਤਾਬਾਂ ਦਾ ਸ਼ਿੰਗਾਰ ਬਣਕੇ ਰਹਿ ਗਈ ਹੈ। ਜ਼ਿੰਦਗੀ ਵਿੱਚ ਉਤਰਾਅ ਚੜ੍ਹਾਅ ਆਉਂਦੇ ਰਹਿੰਦੇ ਹਨ। ਚੰਗਾ ਬੁਰਾ ਹੁੰਦਾ ਰਹਿੰਦਾ ਹੈ। ਤੁਹਾਡੇ ਕੋਲ ਸੱਚ ਹੋਣਾ ਚਾਹੀਦਾ ਹੈ। ਆਪਣੇ ਮਨ ਦੇ ਰਹਿਣ ਲਈ ਸੁਖਦਾਇਕ ਘਰ ਦਾ ਨਿਰਮਾਣ ਕਰੋ। ਖੁੱਲ੍ਹੀ ਹਵਾ ਵਿੱਚ ਅਤੇ ਸਹਿਣਯੋਗ ਧੁੱਪ ਵਿੱਚ ਟਹਿਲਣਾ ਥੱਕੀ ਰੂਹ ਨੂੰ ਆਰਾਮ ਦਿੰਦਾ ਹੈ। ਸਵੇਰ ਵੇਲੇ ਆਪਣੇ ਕਮਰੇ ਦੀ ਪੂਰਬ ਵੱਲ ਦੀ ਖਿੜਕੀ ਖੋਲ੍ਹਣ ਨਾਲ ਸੂਰਜ ਅੰਦਰ ਆ ਕੇ ਧੁੱਪ ਦੀ ਆਮਦ ਦਾ ਸੁਨੇਹਾ ਦਿੰਦਾ ਹੈ। ਕਮਰਾ ਰੋਸ਼ਨੀ ਨਾਲ ਭਰ ਜਾਂਦਾ ਹੈ। ਅੰਧੇਰਾ ਮਿਟ ਜਾਂਦਾ ਹੈ। ਵਸਤਾਂ ਦੇ ਆਕਾਰ ਪਾਰਦਰਸ਼ੀ ਹੋ ਜਾਂਦੇ ਹਨ। ਦਿਨ ਦਾ ਆਗਾਜ਼ ਉਤਸ਼ਾਹਪੂਰਨ ਹੁੰਦਾ ਹੈ।

ਚਿੰਤਾਗ੍ਰਸਤ ਸਥਿਤੀ ਵਿੱਚ ਚਲੇ ਜਾਣਾ ਅੱਜ ਦੀ ਬੇਵਸਾਹੀ ਜ਼ਿੰਦਗੀ ਵਿੱਚ ਆਮ ਵਰਤਾਰਾ ਬਣਦਾ ਜਾ ਰਿਹਾ ਹੈ। ਅਜਿਹੇ ਮੌਕੇ ਸਾਡੇ ਅੰਦਰ ਬੈਠੇ ਮਾਨਵਵਾਦ ਨੂੰ ਜਾਗਣਾ ਚਾਹੀਦਾ ਹੈ। ਸਾਡੀਆਂ ਆਪ ਸਹੇੜੀਆਂ ਚਿੰਤਾਵਾਂ ਨੇ ਸਾਨੂੰ ਬਿਮਾਰ ਕਰ ਦਿੱਤਾ ਹੈ। ਸੰਭਾਵਨਾਵਾਂ ਉਸ ਨੂੰ ਠੀਕ ਕਰ ਦੇਣਗੀਆਂ। ਕਿਸੇ ਵੀ ਸਮੱਸਿਆ ਲਈ ਪਹਿਲਾਂ ਤੋਂ ਸੋਚ ਰੱਖਿਆ ਗਣਿਤ ਦੇ ਫਾਰਮੂਲੇ ਵਰਗਾ ਹੱਲ ਸਹੀ ਨਹੀਂ ਹੁੰਦਾ। ਮੌਕਿਆਂ ਵਿੱਚੋਂ ਸੰਭਾਵਨਾਵਾਂ ਤਲਾਸ਼ਣੀਆਂ ਪੈਂਦੀਆਂ ਹਨ। ਘਰੋਂ ਨਿਕਲਣ ਤੋਂ ਪਹਿਲਾਂ ਮੌਸਮਾਂ ਦਾ ਹਾਲ ਨਹੀਂ ਪੁੱਛੀਦਾ। ਵਿਪਰੀਤ ਪ੍ਰਸਥਿਤੀਆਂ ਦਾ ਟਾਕਰਾ ਕਰਨਾ ਆਪਣੇ ਅੰਦਰ ਖੇੜਾ ਪੈਦਾ ਕਰਨ ਲਈ ਬਹੁਤ ਜ਼ਰੂਰੀ ਹੈ। ਜੀਵਨ ਸ਼ੈਲੀ ਦੇ ਸਾਰੇ ਪੱਖਾਂ ਦਾ ਜੋੜ ਸਿਹਤ ਹੁੰਦੀ ਹੈ। ਖ਼ਾਮੋਸ਼ ਹੋ ਜਾਣਾ ਆਪਣੇ ਅੰਦਰ ਸੁੱਤੀ ਪਈ ਕਵਿਤਾ ਨੂੰ ਜਗਾਉਣਾ ਵੀ ਹੁੰਦਾ ਹੈ। ਤੰਗੀ ਤੁਰਸ਼ੀ ਦੇ ਦਿਨਾਂ ਦਾ ਸੰਘਰਸ਼ ਅਤੇ ਚਿੰਤਾਵਾਂ ਨਾਲ ਗ੍ਰਸਤ ਛਿਣਾਂ ਦਾ ਜ਼ਿਕਰ ਸਿਰਜਣਾ ਦਾ ਮਾਣਮੱਤਾ ਬਿਰਤਾਂਤ ਬਣਦਾ ਹੈ। ਉਦਾਸ ਕਵਿਤਾ ਨਾਲ ਸੰਵਾਦ ਵੀ ਰਚਾਉਣਾ ਪੈਂਦਾ ਹੈ।

# ਮਨ ਦਾ ਡਰ

ਲੇਖਕ : ਰਾਬਿੰਦਰ ਸਿੰਘ ਰੱਬੀ, ਸੰਪਰਕ: 89689-46129

ਜੱਸੀ ਇਸ ਗੱਲ ਤੋਂ ਜਾਣੂ ਸੀ ਕਿ ਕਿਸੇ ਨੇ ਵੀ ਉਸ ਦੀ ਇਸ ਗੱਲ ਲਈ ਨਹੀਂ ਸੀ ਮੰਨਣਾ। ਉਹਨੇ ਬੀਬੀ ਨੂੰ ਕਿਹਾ, ''ਬੀਬੀ, ਜਾਣ ਦੇ ਨਾ ਮੈਨੂੰ।'' ਸਾਰੇ ਦਿਨ ਦੀ ਸਤੀ ਬੈਠੀ ਬੀਬੀ ਨੇ ਅੰਤ ਤੋੜਾ ਝਾੜ ਹੀ ਦਿੱਤਾ, ''ਪੁੱਛ ਲੈ ਫੇਰ ਆਪਣੇ ਬਾਪੂ ਨੂੰ। ਉਹਦੇ ਸਾਹਵੇਂ ਤਾਂ ਮੂੰਹ ਨਹੀਂ ਖੋਲ੍ਹਦਾ।''

ਗੱਲ ਸੱਚ ਵੀ ਸੀ। ਜੱਸੀ ਦਾ ਆਪਣੇ ਪਿਤਾ ਨੂੰ ਦੇਖਦਿਆਂ ਹੀ ਸੰਘ ਸੁੱਕ ਜਾਂਦਾ ਸੀ। ਜਦੋਂ ਉਸ ਦਾ ਪਿਤਾ ਗੁੱਸੇ ਵਿੱਚ ਉੱਚੀ-ਉੱਚੀ ਬੋਲਦਾ ਤਾਂ ਉਹ ਕੰਬ ਜਾਂਦਾ। ਉਹ ਆਪਣੇ ਪਿਤਾ ਨੂੰ ਇਹ ਗੱਲ ਕਿਵੇਂ ਕਹਿ ਸਕਦਾ ਸੀ।

ਅਸਲ ਵਿੱਚ ਜੱਸੀ ਆਪਣੇ ਪੰਜ ਭੈਣ ਭਰਾਵਾਂ ਵਿੱਚ ਤੀਜੇ ਨੰਬਰ ਉੱਤੇ ਸੀ। ਵੱਡੀ ਭੈਣ ਸਿਮਰਨ ਚਤਾਮਲੀ ਵਿਆਹੀ ਹੋਈ ਸੀ ਅਤੇ ਉਹ ਕਦੇ ਕਦਾਈਂ ਗੇੜਾ ਮਾਰਦੀ। ਜੱਸੀ ਵੀ ਆਪਣੀ ਮਾਂ ਨਾਲ ਕਦੇ ਕਦਾਈਂ ਭੈਣ ਨੂੰ ਮਿਲਣ ਚਲੇ ਜਾਂਦਾ। ਉਸ ਦਾ ਹੁਣ ਉੱਥੇ ਬੜਾ ਜੀਅ ਲੱਗਦਾ। ਇੱਥੋਂ ਤੱਕ ਕਿ ਆਪਣੇ ਨਾਨਕੇ ਪਿੰਡ ਮਕਰੌਨੇ ਵੀ ਉਹ ਜ਼ਿਆਦਾ ਨਾ ਜਾਂਦਾ, ਕਿਉਂਕਿ ਉਹਦੇ ਮਾਮੇ ਦੇ ਦੋਵੇਂ ਮੁੰਡੇ ਹੁਣ ਵੱਡੇ ਹੋ ਚੁੱਕੇ ਸਨ ਅਤੇ ਜੱਸੀ ਨੂੰ ਉਨ੍ਹਾਂ ਦੀਆਂ ਗੱਲਾਂ ਦੀ ਸਮਝ ਹੀ ਨਹੀਂ ਸੀ ਲੱਗਦੀ, ਪਰ ਭੈਣ ਦੇ ਮੁੰਡੇ ਨਾਲ ਉਹ ਪਰਚਿਆ ਰਹਿੰਦਾ। ਉਹ ਨਿੱਕਾ ਜਿਹਾ ਪ੍ਰੀਤ ਵੀ ਉਸ ਨੂੰ ਬਹੁਤ ਪਿਆਰ ਕਰਦਾ ਅਤੇ ਉਹ ਦੋਵੇਂ ਆਪਣੇ ਵਿੱਚ ਮਸਤ ਰਹਿੰਦੇ। ਸਿਮਰਨ ਭੈਣ ਪੜ੍ਹੀ ਲਿਖੀ ਹੋਣ ਕਾਰਨ ਆਪਣੇ ਪਿਤਾ ਨਾਲ ਬੇਝਿਜਕ ਹਰ ਗੱਲ ਕਰ ਲੈਂਦੀ ਸੀ। ਜੱਸੀ ਦਾ ਭਰਾ ਪ੍ਰੀਤ, ਜਿਸ ਨੂੰ ਸਾਰੇ ਗੱਬਰ ਕਹਿੰਦੇ ਸਨ, ਫੈਕਟਰੀ ਵਿੱਚ ਕੰਮ ਕਰਦਾ ਸੀ। ਉਹ ਸਾਝਰੇ ਹੀ ਚਲਾ ਜਾਂਦਾ ਅਤੇ ਨ੍ਹੇਰੇ ਹੋਏ ਘਰ ਵੜਦਾ। ਉਹ ਆਪਣੇ ਪਿਤਾ ਨਾਲ ਵੀ ਘੱਟ ਹੀ ਗੱਲ ਕਰਦਾ।

ਜੱਸੀ ਹੱਡਾਂ ਪੈਰਾਂ ਦਾ ਖੁੱਲ੍ਹਾ ਸੀ। ਉਂਝ ਤਾਂ ਅਜੇ ਭਾਵੇਂ ਉਹ ਅੱਠਵੀਂ ਹੀ ਪਾਸ ਕਰਕੇ ਮੋਰਿੰਡੇ ਵੱਡੇ ਸਕੂਲ ਵਿੱਚ ਪੜ੍ਹਨ ਲੱਗ ਗਿਆ ਸੀ ਪਰ ਉਹ ਛੋਟਾ ਲੱਗਦਾ ਨਹੀਂ ਸੀ। ਜੱਸੀ ਦੇ ਦੋਵੇਂ ਭਰਾ ਛੋਟੇ ਸਨ ਅਤੇ ਉਹ ਪੜ੍ਹ ਹੀ ਰਹੇ ਸਨ। ਉਨ੍ਹਾਂ ਤੋਂ ਜੱਸੀ ਨੂੰ ਉਂਝ ਵੀ ਕੋਈ ਆਸ ਨਹੀਂ ਸੀ। ਹੁਣ ਜੱਸੀ ਦੀ ਸਾਰੀ ਆਸ ਆਪਣੀ ਵੱਡੀ ਭੈਣ ਸਿਮਰਨ ਉੱਤੇ ਹੀ ਸੀ। ਉਸ ਨੇ ਸੋਚਿਆ ਕਿ ਸਿਮਰਨ ਭੈਣ ਹੀ ਮੇਰੇ ਮਨ ਦੀ ਗੱਲ ਪਿਤਾ ਜੀ ਨਾਲ ਸਾਂਝੀ ਕਰ ਸਕਦੀ ਹੈ।

ਜੱਸੀ ਦਾ ਪਿਤਾ ਸਖ਼ਤ ਮਿਜਾਜ਼ ਸੀ। ਜਦੋਂ ਉਹ ਗੜ੍ਹਕੇ ਨਾਲ ਬੋਲਦਾ ਤਾਂ ਸਾਹਮਣੇ ਵਾਲੇ ਦੀ ਜ਼ੁਬਾਨ ਥਥਲਾਉਣ ਲੱਗਦੀ। ਫ਼ੌਜ ਵਿੱਚ ਰਿਹਾ ਹੋਣ ਕਾਰਨ ਸਾਰੇ ਉਸ ਦਾ ਸਤਿਕਾਰ ਵੀ ਕਰਦੇ ਸਨ। ਹੁਣ ਤਾਂ ਫ਼ੌਜ ਵਿੱਚੋਂ ਪੈਨਸ਼ਨ ਆਏ ਨੂੰ ਵੀ ਉਸ ਨੂੰ ਕਈ ਸਾਲ ਹੋ ਗਏ ਸਨ ਪਰ ਉਸ ਦੇ ਬੋਲਾਂ ਵਿੱਚ ਫ਼ੌਜ ਵਾਲੀ ਗੜ੍ਹਕ ਅਤੇ ਮੜ੍ਹਕ ਕਾਇਮ ਸੀ। ਉਹ ਮਾਵਾ ਲੱਗੀ ਪੱਗ ਬੰਨ੍ਹ ਕੇ ਸਾਰਾ ਦਿਨ ਅਖਬਾਰ ਪੜ੍ਹਦਾ ਰਹਿੰਦਾ ਅਤੇ ਲੋਕਾਂ ਉੱਤੇ ਖ਼ਬਰਾਂ ਪੜ੍ਹ-ਪੜ੍ਹ ਕੇ ਤਵੇ ਲਾਉਂਦਾ ਰਹਿੰਦਾ। ਹਰ ਕੋਈ ਉਸ ਨਾਲ ਪੰਗਾ ਲੈਣੋਂ ਝਿਜਕਦਾ ਕਿਉਂ ਜੋ ਕੋਈ ਪਤਾ ਨਹੀਂ ਸੀ ਕਿ ਉਸ ਨੇ ਕਿਸ ਮੌਕੇ ਕਿਹੋ ਜਿਹੀ ਗੱਲ ਕਹਿ ਦੇਣੀ ਹੈ।

ਇਹੋ ਸੰਸਾ ਜੱਸੀ ਨੂੰ ਵੀ ਸੀ ਅਤੇ ਉੱਧਰੋਂ ਦਿਨ ਵੀ ਨੇੜੇ ਆ ਰਿਹਾ ਸੀ। ਉਸ ਨੇ ਕਈ ਵਾਰ ਮਾਂ ਨੂੰ ਚਤਾਮਲੀ ਜਾਣ ਲਈ ਕਿਹਾ ਪਰ ਘਰ ਦੇ ਝਮੇਲਿਆਂ ਵਿੱਚੋਂ ਮਾਂ ਨੂੰ ਫੁਰਸਤ ਕਿੱਥੇ? ਜੱਸੀ ਜਾਵੇ ਤਾਂ ਕਿੱਥੇ ਜਾਵੇ? ਉਹਦਾ ਦਿਲ ਜ਼ੋਰ-ਜ਼ੋਰ ਦੀ ਧੜਕਣ ਲੱਗਦਾ, ਕਿਤੇ ਇੰਝ ਹੀ ਸੋਚਾਂ ਵਿੱਚੋਂ ਟਾਈਮ ਨਾ ਲੰਘ ਜਾਵੇ। ਉਸ ਦੇ ਮਾਸਟਰ ਬਲਵਿੰਦਰ ਸਿੰਘ ਨੇ ਇਕੇਰਾਂ ਤਾੜ ਕੇ ਕਿਹਾ ਵੀ ਸੀ, ''ਓਏ ਜੱਸੀ, ਤੂੰ ਨਾਂ ਲਿਖਾਤਾ? ਦੇਖੀਂ ਕਿਤੇ ਮੇਰੀ ਬੇਇੱਜ਼ਤੀ ਨਾ ਕਰਾ ਦੀਂ।''

''ਹਾਂ ਜੀ, ਹਾਂ ਜੀ।'' ਉਹਨੇ ਘਬਰਾ ਕੇ ਝੂਠ ਹੀ ਕਹਿ ਦਿੱਤਾ। ਮਗਰੋਂ ਉਸ ਨੂੰ ਇਸ ਗੱਲ ਦਾ ਪਛਤਾਵਾ ਵੀ ਹੋਇਆ ਕਿ ਉਸ ਨੇ ਆਪਣੇ ਮਨਪਸੰਦ ਅਧਿਆਪਕ ਅੱਗੇ ਝੂਠ ਬੋਲਿਆ ਹੈ।

ਅਜੇ ਉਹ ਇਸ ਉਧੇੜਬੁਣ ਵਿੱਚ ਹੀ ਸੀ ਕਿ ਰੱਖੜੀਆਂ ਦਾ ਤਿਓਹਾਰ ਆ ਗਿਆ। ਇਸ ਬਾਬਤ ਤਾਂ ਜੱਸੀ ਦੇ ਮਨ ਵਿੱਚ ਚੇਤਾ ਵੀ ਨਹੀਂ ਸੀ ਕਿਉਂਕਿ ਉਹ ਆਪਣੀ ਹੀ ਸਮੱਸਿਆ ਵਿੱਚ ਉਲਝਿਆ ਹੋਇਆ ਸੀ। ਜੱਸੀ ਦੇ ਭਾਣੇ ਤਾਂ ਜਿਵੇਂ ਚੰਦ ਚੜ੍ਹ ਪਿਆ ਹੋਵੇ। ਉਹਦਾ ਖ਼ੁਸ਼ੀ ਵਿੱਚ ਸਾਹ ਨਹੀਂ ਸੀ ਰਲ ਰਿਹਾ ਅਤੇ ਉਹਨੇ ਸਹੀ ਟਾਈਮ ਜਿਹਾ ਦੇਖ ਕੇ ਸਿਮਰਨ ਭੈਣ ਨੂੰ ਸਾਰੀ ਗੱਲ ਦੱਸ ਦਿੱਤੀ। ਸਿਮਰਨ ਵੀ ਸਾਰੀ ਗੱਲ ਆਪਣੇ ਪਿਤਾ ਜੀ ਨੂੰ ਦੱਸ ਕੇ ਆਪ ਚਤਾਮਲੀ ਚਲੇ ਗਈ।

ਜੱਸੀ ਜਦੋਂ ਆਪਣੀ ਭੈਣ ਨੂੰ ਟੈਂਪੂ ਚੜ੍ਹਾ ਕੇ ਘਰ ਆਇਆ ਤਾਂ ਮਾਂ ਨੇ ਕਿਹਾ ਕਿ ਉਹਦਾ ਪਿਤਾ ਉਹਨੂੰ ਚੁਬਾਰੇ ਵਿੱਚ ਬੁਲਾ ਰਿਹਾ ਹੈ। ਉਹ ਘਬਰਾ ਗਿਆ। ਪੌੜੀਆਂ ਉਸ ਤੋਂ ਹੌਲੀ-ਹੌਲੀ ਚੜ੍ਹ ਹੋ ਰਹੀਆਂ ਸਨ। ਉਸ ਦਾ ਪਿਤਾ ਉਸ ਨੂੰ ਦੇਖਦਿਆਂ ਹੀ ਬੋਲਿਆ: ''ਜੱਸੀ, ਸਿਮਰਨ ਕਹਿ ਰਹੀ ਸੀ ਕਿ ਤੂੰ ਛਿੰਝ ਵਿੱਚ ਘੁਲਣ ਜਾਣੈਂ। ਓਏ ਝੱਲਿਆ, ਮੈਂ ਵੀ ਕਦੇ ਘੁਲਦਾ ਰਿਹਾਂ ਪਰ ਨੌਕਰੀ ਦੇ ਚੱਕਰ ਨੇ ਸਭ ਛੁਡਾ-ਛਡੂ ਦਿੱਤਾ। ਕਦੇ-ਕਦੇ ਤਾਂ ਇੰਨਾ ਉਬਾਲ ਜਿਹਾ ਉੱਠਦਾ ਬਈ ਮੇਰੇ ਤੋਂ ਇਹ ਸਭ ਕਿਉਂ ਨਹੀਂ ਹੋਇਆ। ਤੂੰ ਜਾ ਤੇ ਜਾ ਕੇ ਮੇਰਾ ਸੁਪਨਾ ਪੂਰਾ ਕਰ।''

''ਸੱਚ ਪਾਪਾ...'' ਜੱਸੀ ਦਾ ਮੂੰਹ ਸੁਣ ਕੇ ਖੁੱਲ੍ਹੇ ਦਾ ਖੁੱਲ੍ਹਾ ਹੀ ਰਹਿ ਗਿਆ ਅਤੇ ਉਹ ਇਹ ਖ਼ਬਰ ਦੱਸਣ ਲਈ ਸਕੂਲ ਵੱਲ ਭੱਜ ਲਿਆ।

# ਸਿਹਤ ਸੰਸਾਰ

## ਕਿਉਂ ਬਣਦੀਆਂ ਨੇ ਰਸੌਲੀਆਂ? ਕੀ ਹੈ ਇਸ ਦਾ ਹੱਲ?



ਔਰਤਾਂ ਨਾਲ ਜੁੜੀਆਂ ਸਿਹਤ ਸਮੱਸਿਆਵਾਂ 'ਚੋਂ ਇਕ ਯੂਟਿਰਸ ਨਾਲ ਜੁੜੀਆਂ ਸਮੱਸਿਆਵਾਂ ਵੀ ਹਨ, ਜੋ ਅੱਜ-ਕੱਲ ਵਿਆਹੁਤਾ ਜਾਂ ਟੀਨਏਜ ਦੋਵਾਂ 'ਚ ਹੀ ਸੁਣਨ ਨੂੰ ਮਿਲ ਰਹੀਆਂ ਹਨ। 10 'ਚੋਂ 7 ਔਰਤਾਂ ਬੱਚੇਦਾਨੀ ਨਾਲ ਜੁੜੀ ਕਿਸੇ ਨਾ ਕਿਸੇ ਸਮੱਸਿਆ ਨਾਲ ਜੂਝ ਰਹੀਆਂ ਹਨ। ਭਾਰਤੀ ਔਰਤਾਂ ਦਾ ਢਿੱਡ ਵਧਣ ਦਾ ਇਕ ਕਾਰਨ ਇਹ ਵੀ ਹੈ।

### ਕੀ ਹੈ ਬੱਚੇਦਾਨੀ 'ਚ ਕੈਂਸਰ

ਬੱਚੇਦਾਨੀ 'ਚ ਸੋਜ ਤੇ ਛੋਟੇ-ਛੋਟੇ ਸਿਸਟ ਤੇ ਰਸੌਲੀਆਂ ਬਣਨੀਆਂ ਛੋਟੀ ਉਮਰ 'ਚ ਹੀ ਸ਼ੁਰੂ ਹੋ ਜਾਂਦੀਆਂ ਹਨ। ਤੁਹਾਨੂੰ ਦੱਸ ਦੇਈਏ ਕਿ ਇਨ੍ਹਾਂ ਤਿੰਨਾਂ ਸਮੱਸਿਆਵਾਂ ਦਾ ਸੰਪਰਕ ਸਾਡੇ ਲਾਈਫ ਸਟਾਈਲ ਨਾਲ ਹੈ। ਬਾਹਰ ਦਾ ਫਰਾਈਡ ਗੈਰ-ਸਿਹਤਮੰਦ ਭੋਜਨ ਖਾਣਾ, ਸਰੀਰਕ ਕਸਰਤ ਨਾ ਕਰਨਾ ਤੇ ਕੰਮ ਦਾ ਤਣਾਅ, ਇਹ ਸਾਰੀਆਂ ਚੀਜ਼ਾਂ ਬੱਚੇਦਾਨੀ 'ਚ ਰਸੌਲੀਆਂ ਤੇ ਸੋਜ ਪੈਦਾ ਕਰਦੀਆਂ ਹਨ, ਜਿਸ ਨਾਲ ਪੀਰੀਅਡਸ ਪ੍ਰਾਬਲਮ ਸ਼ੁਰੂ ਹੋ ਜਾਂਦੀ ਹੈ। ਇਹ ਬਾਂਝਪਨ ਤੇ ਬੱਚੇਦਾਨੀ ਦੇ ਕੈਂਸਰ ਦਾ ਖ਼ਤਰਾ ਬਣ ਸਕਦੀ ਹੈ, ਜਿਸ ਨੂੰ ਬੱਚੇਦਾਨੀ ਫਾਈਬ੍ਰਾਇਡ ਕਹਿੰਦੇ ਹਨ। ਉਂਝ ਤਾਂ 50-55 ਸਾਲ ਦੀ ਔਰਤ 'ਚ ਸੋਜ ਉਦੋਂ ਆਉਂਦੀ ਹੈ, ਜਦੋਂ ਮੇਨੋਪੋਜ਼ ਦਾ ਸਮਾਂ ਨੇੜੇ ਹੁੰਦਾ ਹੈ, ਯਾਨੀ ਪੀਰੀਅਡਸ ਬੰਦ ਹੋਣ ਵਾਲੇ ਹੋਣ ਪਰ ਪੀ. ਸੀ. ਓ. ਐੱਸ. ਦੀ ਸਮੱਸਿਆ ਹੈ ਤਾਂ ਉਸ ਨੂੰ ਵੀ ਸੋਜ ਹੋ ਸਕਦੀ ਹੈ। ਉਥੇ ਹੀ 20 ਤੋਂ 40 ਸਾਲ ਦੀਆਂ ਕੁੜੀਆਂ ਦੀ ਬੱਚੇਦਾਨੀ 'ਚ ਸੋਜ ਦਾ ਕਾਰਨ ਕਬਜ਼ ਜਾਂ ਐਸੇਡਿਟੀ ਹੋ ਸਕਦੀ ਹੈ।

ਉਂਝ ਤਾਂ ਯੂਟਿਰਸ ਨਾਲ ਜੁੜੀ ਸਮੱਸਿਆ 'ਚ ਡਾਕਟਰੀ ਜਾਂਚ ਕਰਵਾਉਣਾ ਬਹੁਤ ਜ਼ਰੂਰੀ ਹੈ ਪਰ ਕੁਝ ਘਰੇਲੂ ਉਪਾਅ ਵੀ ਇਸ 'ਚ ਲਾਭਕਾਰੀ ਸਿੱਧ ਹੋ ਸਕਦੇ ਹਨ

- ਨਿੰਮ ਦੇ ਪੱਤੇ ਤੇ ਸੁੰਢ ਨੂੰ ਪਾਣੀ 'ਚ ਉਬਾਲ ਕੇ ਕਾੜਾ ਬਣਾਓ। ਦਿਨ 'ਚ ਇਸ ਦੀ 1 ਵਾਰ ਵਰਤੋਂ ਕਰੋ। ਇਸ ਨਾਲ ਸੋਜ ਠੀਕ ਹੋਵੇਗੀ।
- ਦਿਨ 'ਚ 2 ਵਾਰ ਹਲਦੀ ਵਾਲਾ ਦੁੱਧ ਪੀਓ। ਤੁਸੀਂ ਬਦਾਮ ਦੁੱਧ ਦਾ ਕਾੜਾ ਬਣਾ ਕੇ ਪੀ ਸਕਦੇ ਹੋ।
- 1/4 ਚਮਚ ਮੁਲੱਠੀ ਪਾਊਡਰ ਨੂੰ ਗਰਮ ਪਾਣੀ 'ਚ ਮਿਲਾ ਕੇ ਪੀਓ।
- 1 ਚਮਚਾ ਪੀਸੀ ਹੋਈ ਅਲਸੀ ਦੇ ਬੀਜ ਨੂੰ ਦੁੱਧ 'ਚ ਉਦੋਂ ਤਕ ਉਬਾਲੋ, ਜਦੋਂ ਤੱਕ ਉਹ ਅੱਧਾ ਨਾ ਹੋ ਜਾਵੇ। ਰਾਤ ਨੂੰ ਸੌਣ ਤੋਂ ਪਹਿਲਾਂ ਇਸ ਦੀ ਵਰਤੋਂ ਕਰੋ।

### ਕਿਵੇਂ ਪਤਾ ਲਗਾਈਏ ਕਿ ਯੂਟਿਰਸ 'ਚ ਸੋਜ ਆ ਗਈ ਹੈ?

- ਲਗਾਤਾਰ ਢਿੱਡ ਵਧਣਾ
- ਢਿੱਡ ਦਰਦ, ਗੈਸ ਤੇ ਕਬਜ਼ ਹੋਣਾ
- ਪਿੱਠ 'ਚ ਦਰਦ
- ਪ੍ਰਾਈਵੇਟ ਪਾਰਟ 'ਚ ਖੁਜਲੀ ਜਾਂ ਜਲਣ
- ਪੀਰੀਅਡਸ 'ਚ ਤੇਜ਼ ਦਰਦ ਤੇ ਠੰਡ ਲੱਗਣਾ
- ਸਰੀਰਕ ਸਬੰਧ ਦੌਰਾਨ ਦਰਦ
- ਵਾਰ-ਵਾਰ ਪਿਸ਼ਾਬ ਆਉਣਾ
- ਲੂਜ਼ ਮੋਸ਼ਨ, ਉਲਟੀਆਂ

### ਇਨ੍ਹਾਂ ਗੱਲਾਂ ਦਾ ਰੱਖੋ ਧਿਆਨ

- ਨਿਯਮਿਤ ਅਲਟਰਾ ਸਾਊਂਡ ਟੈਸਟ ਕਰਵਾਉਂਦੇ ਰਹੋ
- ਅਸੁਰੱਖਿਅਤ ਸੈਕਸ ਨਾ ਕਰੋ
- ਸਿਹਤਮੰਦ ਖੁਰਾਕ ਖਾਓ
- ਜ਼ਿਆਦਾ ਕਸਰਤ ਨਾ ਕਰੋ ਤੇ ਯੋਗਾ ਜ਼ਰੂਰ ਕਰੋ
- ਪਾਣੀ ਜ਼ਿਆਦਾ ਪੀਓ ਤੇ ਸਰਦੀਆਂ 'ਚ ਕੋਸਾ ਪਾਣੀ ਪੀਂਦੇ ਰਹੋ
- ਆਪਣੇ ਆਪ ਨੂੰ ਵਾਇਰਸ ਤੇ ਬੈਕਟੀਰੀਆ ਇੰਫੈਕਸ਼ਨ ਤੋਂ ਬਚਾਅ ਕੇ ਰੱਖੋ
- ਮੋਟਾਪਾ ਬੀਮਾਰੀਆਂ ਦਾ ਘਰ ਹੈ, ਇਸ ਲਈ ਆਪਣੇ ਭਾਰ ਨੂੰ ਕੰਟਰੋਲ 'ਚ ਰੱਖੋ
- ਜੇ ਯੂਟਿਰਸ 'ਚ ਰਸੌਲੀਆਂ ਜਾਂ ਸਿਸਟ ਬਣ ਰਹੇ ਹਨ ਤਾਂ ਡਾਕਟਰੀ ਜਾਂਚ ਕਰਵਾਓ।
- ਦਵਾਈ ਦਾ ਕੋਰਸ ਜ਼ਰੂਰ ਪੂਰਾ ਕਰੋ ਪਰ ਲਾਈਫਸਟਾਈਲ ਨੂੰ ਸਿਹਤਮੰਦ ਬਣਾਓ ਨਹੀਂ ਤਾਂ ਇਕ ਵਾਰ ਠੀਕ ਹੋਣ ਤੋਂ ਬਾਅਦ ਇਹ ਸਮੱਸਿਆ ਦੁਬਾਰਾ ਸ਼ੁਰੂ ਹੋ ਜਾਵੇਗੀ।

## ਸਰਦੀ ਵਿਚ ਰੋਗਾਂ ਤੋਂ ਬਚਾਅ ਕਿਵੇਂ ਕਰੀਏ

**ਲੇਖਕ : ਭਾਸ਼ਣਾ ਗੁਪਤਾ**



ਸਰਦੀ ਦੀ ਰੁੱਤ ਨੂੰ ਸਿਹਤ ਲਈ ਬਹੁਤ ਚੰਗਾ ਮੰਨਿਆ ਗਿਆ ਹੈ, ਕਿਉਂਕਿ ਇਸ ਮੌਸਮ ਵਿਚ ਪਾਚਨ ਸ਼ਕਤੀ ਵਧ ਜਾਂਦੀ ਹੈ। ਭਾਰੀ ਅਤੇ ਮਸਾਲੇਦਾਰ ਭੋਜਨ ਵੀ ਆਸਾਨੀ ਨਾਲ ਪਚ ਜਾਂਦਾ ਹੈ। ਸਰੀਰਕ ਤਾਕਤ ਵੀ ਵਧ ਜਾਂਦੀ ਹੈ। ਡਾਕਟਰ ਵੀ ਇਸ ਰੁੱਤ ਵਿਚ ਪੌਸ਼ਟਿਕ ਅਤੇ ਹੋਰ ਖੁਰਾਕ ਲੈਣ ਦੀ ਸਲਾਹ ਦਿੰਦੇ ਹਨ ਪਰ ਕਈ ਲੋਕ ਆਪਣੀ ਸਿਹਤ ਬਣਾਉਣ ਦੇ ਚੱਕਰ ਵਿਚ ਇਹੋ ਜਿਹਾ ਭੋਜਨ ਲੈ ਲੈਂਦੇ ਹਨ, ਜਿਸ ਨਾਲ ਸਾਡੀ ਸਿਹਤ ਖਰਾਬ ਹੋ ਜਾਂਦੀ ਹੈ।

ਇਨ੍ਹਾਂ ਦਿਨਾਂ ਵਿਚ ਪੀਣ ਵਾਲੇ ਪਦਾਰਥ ਜਿਵੇਂ ਚਾਹ, ਕਾਫੀ ਦਾ ਵੱਧ ਇਸਤੇਮਾਲ ਸਿਹਤ ਲਈ ਚੰਗਾ ਨਹੀਂ ਮੰਨਿਆ ਜਾਂਦਾ। ਇਸ ਦਾ ਵਧ ਇਸਤੇਮਾਲ ਕਰਨ ਨਾਲ ਮਨ ਅਤੇ ਦਿਮਾਗ 'ਤੇ ਗਲਤ ਅਸਰ ਪੈਂਦਾ ਹੈ। ਧੂੰਏਂ ਨਾਲ ਫੇਫੜਿਆਂ ਅਤੇ ਸਾਹ ਦੀ ਨਲੀ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਖੰਘ ਦਾ ਰੋਗ ਉਸ ਵਿਅਕਤੀ ਨੂੰ ਬੁਰੀ ਤਰ੍ਹਾਂ ਜਕੜ ਲੈਂਦਾ ਹੈ।

ਸਰਦੀ ਵਿਚ ਜ਼ਿਆਦਾਤਾਰ ਲੋਕਾਂ ਨੂੰ ਜ਼ੁਕਾਮ ਤੋਂ ਪਰੇਸ਼ਾਨ ਹੁੰਦੇ ਦੇਖਿਆ ਜਾਂਦਾ ਹੈ। ਇਹ ਬਿਮਾਰੀ ਆਮ ਤੌਰ 'ਤੇ ਗ਼ਲਤ ਰਹਿਣ-ਸਹਿਣ ਅਤੇ ਗ਼ਲਤ ਖਾਣ-ਪੀਣ ਨਾਲ ਹੁੰਦੀ ਹੈ। ਪੇਸ਼ ਹੈ ਸਰਦੀ ਵਿਚ ਰੋਗਾਂ ਤੋਂ ਬਚਣ ਲਈ ਕੁਝ ਜ਼ਰੂਰੀ ਸੁਝਾਅ :

- ਸਰਦੀ ਵਿਚ ਕੋਸੇ ਪਾਣੀ ਨਾਲ ਹਰ ਰੋਜ਼ ਨਹਾਉਣਾ ਜ਼ਰੂਰੀ ਹੈ। ਠੰਢ ਲੱਗਣ ਕਾਰਨ ਨਹਾਉਣਾ ਨਾ ਛੱਡੋ।
- ਮੈਲੇ ਕੱਪੜੇ ਨਾ ਪਾਓ। ਅੰਦਰੂਨੀ ਕੱਪੜੇ ਹਰ ਰੋਜ਼ ਬਦਲੋ।
- ਨੰਗੇ ਪੈਰ ਕਦੇ ਨਾ ਚੱਲੋ। ਪੈਰਾਂ ਨੂੰ ਜੁਰਾਬਾਂ ਨਾਲ ਢਕ ਕੇ ਰੱਖੋ।
- ਚਾਹ, ਕਾਫੀ ਜ਼ਿਆਦਾ ਨਾ ਪਿਓ।
- ਠੰਢ ਤੋਂ ਬਚਣ ਲਈ ਊਨੀ ਜਾਂ ਗਰਮ ਕੱਪੜੇ ਪਾਓ।
- ਰਾਤ ਨੂੰ ਸੌਂਦੇ ਸਮੇਂ ਘੱਟ ਤੋਂ ਘੱਟ ਕੱਪੜੇ ਪਾਓ।
- ਖਾਂਸੀ-ਜ਼ੁਕਾਮ ਹੋਣ ਤੇ ਤੁਰੰਤ ਇਲਾਜ ਕਰਾਓ, ਕਿਉਂਕਿ ਇਹ ਰੋਗ ਪੁਰਾਣੇ ਹੋ ਜਾਣ ਤਾਂ ਗੰਭੀਰ ਸਮੱਸਿਆ ਪੈਦਾ ਹੋ ਸਕਦੀ ਹੈ। ਰਾਤ ਨੂੰ ਗਰਮ ਦੁੱਧ ਨਾਲ ਖਜੂਰ ਖਾਣਾ ਕਾਫੀ ਲਾਭਦਾਇਕ ਹੈ।
- ਭੋਜਨ ਵਿਚ ਅਦਰਕ ਦਾ ਇਸਤੇਮਾਲ ਵੀ ਫਾਇਦੇਮੰਦ ਹੈ।

## ਫੋਲਿਕ ਐਸਿਡ ਦੀ ਕਮੀ ਬਣ ਸਕਦੀ ਹੈ ਕਈ ਗੰਭੀਰ ਰੋਗਾਂ ਦਾ ਕਾਰਨ

ਮਾਹਿਰਾਂ ਅਨੁਸਾਰ ਜੋ ਔਰਤਾਂ ਮਾਂ ਬਣਨ ਸਮੇਂ ਪੌਸ਼ਟਿਕ ਭੋਜਨ ਦੀ ਵਰਤੋਂ ਕਰਦੀਆਂ ਹਨ, ਉਨ੍ਹਾਂ ਦੇ ਬੱਚੇ ਸਿਹਤਮੰਦ ਹੋਣ ਦੀ ਸੰਭਾਵਨਾ ਪੌਸ਼ਟਿਕ ਭੋਜਨ ਨਾ ਲੈਣ ਵਾਲੀਆਂ ਔਰਤਾਂ ਦੇ ਮੁਕਾਬਲੇ ਵਿਚ 12 ਗੁਣਾ ਜ਼ਿਆਦਾ ਹੁੰਦੀ ਹੈ। ਮਾਹਿਰਾਂ ਅਨੁਸਾਰ ਮਾਂ ਬਣਨ ਸਮੇਂ ਫੋਲਿਕ ਐਸਿਡ (ਫੋਲੇਟ) ਦੀ ਵਰਤੋਂ ਬੱਚੇ ਦੀ ਰੀੜ੍ਹ ਦੀ ਹੱਡੀ ਸੰਬੰਧੀ ਬਹੁਤ ਸਾਰੇ ਰੋਗਾਂ ਤੋਂ ਬਚਾਉਂਦੀ ਹੈ। ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਭੋਜਨ ਤੋਂ ਮਿਲਿਆ ਫੋਲਿਕ ਐਸਿਡ ਬੱਚੇ ਦੀ ਸਿਹਤ ਲਈ ਕਾਫ਼ੀ ਨਹੀਂ ਹੈ, ਇਸ ਲਈ ਗਰਭ ਧਾਰਨ ਤੋਂ ਪਹਿਲਾਂ ਗਰਭ ਅਵਸਥਾ ਦੇ ਸ਼ੁਰੂ ਦੇ 12 ਹਫ਼ਤਿਆਂ ਦੌਰਾਨ ਫੋਲਿਕ ਐਸਿਡ ਦੀ 400 ਮਾਈਕ੍ਰੋਗ੍ਰਾਮ ਮਾਤਰਾ ਦੀ ਵਰਤੋਂ ਕਰਨੀ ਬਹੁਤ ਜ਼ਰੂਰੀ ਹੈ। ਇਹੀ ਨਹੀਂ, ਫੋਲਿਕ ਐਸਿਡ ਦੀ ਵਰਤੋਂ ਅਨੀਮੀਆ ਤੋਂ ਵੀ ਸੁਰੱਖਿਆ ਦਿੰਦੀ ਹੈ, ਇਸ ਲਈ




ਗਰਭ ਅਵਸਥਾ ਸਮੇਂ ਸਿਰਫ਼ ਸ਼ੁਰੂ ਵਿਚ ਹੀ ਨਹੀਂ, ਸਗੋਂ ਪੂਰਾ ਸਮਾਂ ਇਸ ਦੀ ਵਰਤੋਂ ਜ਼ਰੂਰੀ ਹੈ। ਹਾਲ ਹੀ ਵਿਚ ਇਕ ਖੋਜ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਜੋ ਔਰਤਾਂ ਹਰ ਰੋਜ਼ 240 ਮਾਈਕ੍ਰੋਗ੍ਰਾਮ ਤੋਂ ਘੱਟ ਮਾਤਰਾ ਵਿਚ ਫੋਲਿਕ ਐਸਿਡ ਦੀ ਵਰਤੋਂ ਕਰਦੀਆਂ ਹਨ, ਉਨ੍ਹਾਂ ਦੇ ਬੱਚੇ ਦਾ ਜਨਮ ਦੇ ਸਮੇਂ ਵਜ਼ਨ ਘੱਟ ਹੋਣ ਦੀ ਸੰਭਾਵਨਾ ਹੁੰਦੀ ਹੈ।

ਫੋਲਿਕ ਐਸਿਡ ਦੀ ਕਮੀ ਦਿਲ ਦੇ ਰੋਗਾਂ ਦੇ ਹੋਣ ਦੀ ਸੰਭਾਵਨਾ ਨੂੰ ਵੀ ਵਧਾਉਂਦੀ ਹੈ, ਇਸ ਲਈ ਇਸ ਦੀ ਵਰਤੋਂ ਬਹੁਤ ਜ਼ਰੂਰੀ ਹੈ। ਫੋਲਿਕ ਐਸਿਡ ਦੇ ਉੱਚ ਸਰੋਤ ਹਨ ਕਣਕ ਦੇ ਆਟੇ ਦਾ ਬੂਰਾ, ਹਰੀਆਂ ਪੱਤੇਦਾਰ ਸਬਜ਼ੀਆਂ, ਸੰਗਤਰੇ ਦਾ ਰਸ ਆਦਿ। ਹਰੀਆਂ ਪੱਤੇਦਾਰ ਸਬਜ਼ੀਆਂ ਨੂੰ ਜ਼ਿਆਦਾ ਨਾ ਪਕਾਓ ਨਹੀਂ ਤਾਂ ਫੋਲਿਕ ਐਸਿਡ ਦੀ ਮਾਤਰਾ ਘੱਟ ਹੋ ਜਾਂਦੀ ਹੈ। ਮਾਹਿਰਾਂ ਅਨੁਸਾਰ ਔਰਤਾਂ ਨੂੰ ਗਰਭ ਦੌਰਾਨ ਡਾਕਟਰ ਤੋਂ ਸਲਾਹ ਲੈ ਕੇ ਫੋਲਿਕ ਐਸਿਡ ਦੀ ਜ਼ਰੂਰੀ ਮਾਤਰਾ ਦੀ ਜਾਣਕਾਰੀ ਲੈਣੀ ਚਾਹੀਦੀ ਹੈ, ਤਾਂ ਕਿ ਸਿਹਤਮੰਦ ਬੱਚੇ ਨੂੰ ਜਨਮ ਦੇ ਸਕੇ।

## ਦੰਦਾਂ ਹੈ ਤਾਂ ਸਵਾਦ ਹੈ

ਮਾਹਿਰਾਂ ਅਨੁਸਾਰ ਦੰਦਾਂ ਦੀ ਸਿਹਤ ਲਈ ਜ਼ਰੂਰੀ ਹੈ ਉਨ੍ਹਾਂ ਦੀ ਸਹੀ ਦੇਖਭਾਲ ਅਤੇ ਇਸ ਲਈ ਜ਼ਰੂਰੀ ਹੈ ਕੁਝ ਗੱਲਾਂ ਨੂੰ ਧਿਆਨ ਵਿਚ ਰੱਖਣਾ ਜਿਵੇਂ :

- ਭੋਜਨ ਕਰਨ ਤੋਂ ਬਾਅਦ ਕੁਰਲਾ ਜ਼ਰੂਰ ਕਰੋ। ਕੁਰਲਾ ਕਰਨ ਨਾਲ ਮੂੰਹ ਵਿਚ ਰਹੇ ਭੋਜਨ ਪਦਾਰਥ ਸਾਫ਼ ਹੋ ਜਾਂਦੇ ਹਨ ਅਤੇ ਦੰਦਾਂ ਨੂੰ ਬੈਕਟੀਰੀਆ ਤੋਂ ਸੁਰੱਖਿਆ ਮਿਲਦੀ ਹੈ।
- ਦਿਨ ਵਿਚ ਦੋ ਵਾਰ ਜ਼ਰੂਰ ਬੁਰਸ਼ ਕਰੋ। ਬੁਰਸ਼ ਨੂੰ ਆਰਾਮ ਨਾਲ ਦੰਦਾਂ ਦੇ ਪਿੱਛੇ ਅੱਗੇ ਘੁਮਾਓ ਅਤੇ ਦੰਦਾਂ ਦੇ ਸਾਰੇ ਹਿੱਸੇ ਚੰਗੀ ਤਰ੍ਹਾਂ ਸਾਫ਼ ਕਰਨ ਦਾ ਯਤਨ ਕਰੋ। ਜੇਕਰ ਤੁਸੀਂ ਦੰਦ ਚੰਗੀ ਤਰ੍ਹਾਂ ਸਾਫ਼ ਨਹੀਂ ਕਰੋਗੇ ਤਾਂ ਪਲੇਕ ਜਮ੍ਹਾਂ ਹੋ ਜਾਵੇਗਾ ਅਤੇ ਸਖ਼ਤ ਹੋ ਕੇ ਟਾਰਟਾਰ ਵਿਚ ਬਦਲ ਹੋ ਜਾਵੇਗਾ।



- ਹਮੇਸ਼ਾ ਨਰਮ ਦੰਦਿਆਂ ਵਾਲਾ ਬੁਰਸ਼ ਹੀ ਵਰਤੋਂ ਵਿਚ ਲਿਆਓ। ਸਖ਼ਤ ਦੰਦਿਆਂ ਵਾਲਾ ਬੁਰਸ਼ ਬੇਸ਼ੱਕ ਜ਼ਿਆਦਾ ਸਮੇਂ ਤੱਕ ਚਲਦਾ ਹੈ ਪਰ ਦੰਦਾਂ ਦੇ ਭੁਰਨ ਦਾ ਕਾਰਨ ਵੀ ਬਣਦਾ ਹੈ।
- ਮਿੱਠਾ ਜ਼ਿਆਦਾ ਨਾ ਖਾਓ। ਫਲ ਜਿਵੇਂ ਸੇਬ, ਗੰਨਾ, ਅਮਰੂਦ ਆਦਿ ਜੇਕਰ ਭੋਜਨ ਤੋਂ ਬਾਅਦ ਖਾਧੇ ਜਾਣ ਤਾਂ ਦੰਦ ਸਾਫ਼ ਹੋ ਜਾਂਦੇ ਹਨ, ਇਸ ਲਈ ਭੋਜਨ ਤੋਂ ਬਾਅਦ ਇਨ੍ਹਾਂ ਦੀ ਵਰਤੋਂ ਕਰੋ।
- ਹਰ 6 ਮਹੀਨੇ ਬਾਅਦ ਦੰਦਾਂ ਦੇ ਡਾਕਟਰ ਨੂੰ ਜ਼ਰੂਰ ਦਿਖਾਓ। ਜੇਕਰ ਤੁਹਾਡੇ ਮਸੂੜਿਆਂ, ਦੰਦਾਂ ਨੂੰ ਕੋਈ ਨੁਕਸਾਨ ਪਹੁੰਚ ਰਿਹਾ ਹੋਵੇ ਤਾਂ ਉਨ੍ਹਾਂ ਨੂੰ ਖ਼ਰਾਬ ਹੋਣ ਤੋਂ ਬਚਾਇਆ ਜਾ ਸਕਦਾ ਹੈ।

## ਕਈ ਫ਼ਾਇਦੇ ਵੀ ਹਨ ਆਲੂ ਦੇ

ਆਲੂ ਉਂਜ ਤਾਂ ਸਬਜ਼ੀਆਂ ਦਾ ਬਾਦਸ਼ਾਹ ਹੈ ਪਰ ਆਲੂ ਬਾਰੇ ਅਕਸਰ ਇਹ ਵੀ ਸੁਣਨ ਵਿਚ ਆਉਂਦਾ ਹੈ ਕਿ ਜ਼ਿਆਦਾ ਆਲੂ ਖਾਓਗੇ ਤਾਂ ਮੋਟੇ ਹੋ ਜਾਓਗੇ, ਇਸ ਲਈ ਇਸ ਨੂੰ ਘੱਟ ਖਾਣਾ ਹੀ ਚੰਗਾ ਹੈ। ਭਾਰਤੀ ਪਕਵਾਨਾਂ ਵਿਚ ਤਾਂ ਆਲੂ ਅਕਸਰ ਵਰਤਿਆ ਜਾਂਦਾ ਹੈ। ਆਲੂ ਟਿੱਕੀ, ਚਿਪਸ, ਵੈਫਰਸ, ਆਲੂ ਦੇ ਪਾਪੜ, ਪਰਾਉਂਠੇ, ਆਲੂ ਵਾਲੇ ਸਮੋਸੇ, ਆਲੂ ਭੁਜੀਆ ਸਭ ਚੀਜ਼ਾਂ ਦੇ ਨਾਂਅ ਨਾਲ ਹੀ ਮੂੰਹ ਵਿਚ ਪਾਣੀ ਭਰ ਆਉਂਦਾ ਹੈ। ਅਸਲ ਵਿਚ ਆਲੂ ਤੇਲ ਵਿਚ ਜਾਣ ਤੋਂ ਬਾਅਦ ਬਹੁਤ ਮੋਟਾਪਾ ਦੇਣ ਵਾਲੇ ਗੁਣਾਂ ਨਾਲ ਭਰਪੂਰ ਹੋ ਜਾਂਦਾ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਇਸ ਨੂੰ ਆਪਣੇ ਭੋਜਨ ਵਿਚੋਂ ਕੱਢਨ ਦੇਣਾ ਚਾਹੀਦਾ ਹੈ। ਖੋਜ ਇਹ ਵੀ ਦੱਸਦੀ ਹੈ ਕਿ ਆਲੂ ਵਿਚ ਵੀ ਕਈ ਪੋਸ਼ਕ ਤੱਤ ਹੁੰਦੇ ਹਨ। ਇਨ੍ਹਾਂ ਨੂੰ ਸੀਮਤ ਮਾਤਰਾ ਵਿਚ ਉਬਾਲ ਕੇ ਜਾਂ ਭੁੰਨ ਕੇ ਖਾਧਾ ਜਾ ਸਕਦਾ ਹੈ। ਖਾਣੇ ਤੋਂ ਇਲਾਵਾ ਵੀ ਆਲੂ ਦੇ ਕਈ ਲਾਭ ਹੁੰਦੇ ਹਨ, ਆਓ ਜਾਣੀਏ :

ਆਲੂ ਵਿਚ ਵਿਟਾਮਿਨ 'ਸੀ' ਹੁੰਦਾ ਹੈ। ਇਸ ਤੋਂ ਇਲਾਵਾ ਵਿਟਾਮਿਨ ਬੀ6, ਆਇਰਨ ਅਤੇ ਕਾਪਰ ਵੀ ਕਾਫ਼ੀ ਮਾਤਰਾ ਵਿਚ ਹੁੰਦਾ ਹੈ।

ਆਲੂ ਦੀ ਵਰਤੋਂ ਉਬਾਲ ਕੇ ਜਾਂ ਭੁੰਨ ਕੇ ਕਰਨੀ ਚਾਹੀਦੀ ਹੈ। ਇਸ ਨਾਲ ਤੁਹਾਡਾ ਵਜ਼ਨ ਨਹੀਂ ਵਧੇਗਾ। ਵਜ਼ਨ ਉਦੋਂ ਹੀ ਵਧਦਾ ਹੈ ਜਦੋਂ ਆਲੂ ਨੂੰ ਫ੍ਰਾਈ ਜਾਂ ਡੀਪ ਫ੍ਰਾਈ ਕਰਨ ਤੋਂ ਬਾਅਦ ਖਾਧਾ ਜਾਂਦਾ ਹੈ। ਉਂਝ 100 ਗ੍ਰਾਮ ਆਲੂ ਵਿਚ ਸਿਰਫ਼ ਇਕ ਗ੍ਰਾਮ ਫੈਟ ਹੁੰਦਾ ਹੈ। ਆਲੂ ਐਂਟੀਆਕਸੀਡੈਂਟ ਦਾ ਚੰਗਾ ਸਰੋਤ ਹੈ। ਰੋਜ਼ਾਨਾ ਇਕ ਆਲੂ ਖਾਣ ਨਾਲ ਅਸੀਂ ਕਈ ਬਿਮਾਰੀਆਂ ਤੋਂ ਬਚੇ ਰਹਿ ਸਕਦੇ ਹਾਂ। ਆਲੂ ਸੌਖਿਆਂ ਹੀ ਹਜ਼ਮ ਹੋ ਜਾਂਦਾ ਹੈ। ਇਸ ਨਾਲ ਸਾਡਾ ਹਾਜ਼ਮਾ ਸਿਸਟਮ ਠੀਕ ਬਣਿਆ ਰਹਿੰਦਾ ਹੈ। ਆਲੂ ਵਿਚ ਪਾਏ ਜਾਣ ਵਾਲੇ ਕੈਮੀਕਲਜ਼ ਬਲੱਡ ਪ੍ਰੈਸ਼ਰ ਅਤੇ ਕੋਲੈਸਟ੍ਰਾਲ ਨੂੰ ਕੰਟਰੋਲ ਵਿਚ ਰੱਖਦੇ ਹਨ। ਅੱਖਾਂ ਦੇ ਹੇਠਾਂ ਕਾਲੀ ਚਮੜੀ ਨੂੰ ਸਾਫ਼ ਕਰਨ ਲਈ ਆਲੂ ਦੇ ਸਲਾਈਸ ਅੱਖਾਂ ਦੇ ਹੇਠਾਂ ਰਗੜਨ ਅਤੇ ਉਸ ਦਾ ਜੂਸ ਲਗਾਉਣ ਨਾਲ ਲਾਭ ਮਿਲਦਾ ਹੈ। ਕੱਚੇ ਆਲੂ ਦਾ ਜੂਸ ਅਲਸਰ, ਐਸਿਡਿਟੀ ਅਤੇ ਲਿਵਰ ਨਾਲ ਜੁੜੀਆਂ ਸਮੱਸਿਆਵਾਂ ਤੋਂ ਬਚਾਉਂਦਾ ਹੈ। ਉੱਬਲੇ ਆਲੂ ਵਿਚ ਸਭ ਤੋਂ ਘੱਟ ਕੈਲੋਰੀਜ਼ ਹੁੰਦੀ ਹੈ। 100 ਗ੍ਰਾਮ ਉੱਬਲੇ ਆਲੂ ਵਿਚ 66 ਕੈਲੋਰੀਜ਼ ਹੁੰਦੀ ਹੈ।

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113

# ਲੜਾਈਆਂ ਦੇ ਭਾਅ



ਜੇਠ ਹਾੜ੍ਹ ਦੇ ਦਿਨਾਂ 'ਚ ਜਿਉਂ ਹੀ ਬਿਜਲੀ ਦਾ ਕੱਟ ਲੱਗਿਆ ਤਾਂ ਪਿੰਡ ਦੇ ਲੋਕ ਸੱਥ 'ਚ ਜੁੜਣੇ ਸ਼ੁਰੂ ਹੋ ਗਏ। ਨਾਥਾ ਅਮਲੀ ਬਿਜਲੀ ਵਾਲਿਆਂ ਨੂੰ ਡੋਕੇ ਦਿੰਦਾ ਸੱਥ 'ਚ ਆ ਕੇ ਪਰਨੇ ਨਾਲ ਆਪਣੇ ਆਪ ਨੂੰ ਹਵਾ ਝੱਲੀ ਜਾਂਦੇ ਬਾਬੇ ਕਰਨੈਲ ਸਿਉਂ ਨੂੰ ਕਹਿੰਦਾ, "ਬਿਜਲੀ ਤਾਂ ਬਾਬਾ ਹਜੇ ਘੱਟ ਤੰਗ ਕਰਦੀ ਐ, ਆਹ ਜਿਹੜੇ ਬਿਜਲੀ ਘਰ 'ਚ ਬੈਠੇ ਐ ਨਾਹ ਬਿਜਲੀ ਆਲੇ, ਇਹ ਪਤੰਦਰ ਉਦੋਂ ਕੱਟ ਮਾਰਨਗੇ ਜਦੋਂ ਕਿਸੇ ਦੇ ਮਰਗ ਦਾ ਭੋਗ ਹੋਊ ਜਾਂ ਵਿਆਹ ਵੂਹ ਹੁੰਦਾ ਬਈ ਕੋਈ ਚੱਜ ਨਾਲ ਕੁਸ ਕਰ ਨਾ ਲਵੇ। 'ਨੰਦ ਕਾਰਜ ਹੁੰਦਿਆਂ ਤੋਂ ਅੱਧ ਵਚਾਲਿਉਂ ਈਂ ਸਪੀਕਰ ਬੋਲਣੋਂ ਹਟ ਜਾਂਦਾ ਫਿਰ। ਇਹ ਬਿਜਲੀ ਆਲੇ ਨਿਗ੍ਹਾ ਰੱਖਦੇ ਐ ਬਈ ਕੀਹਦੇ ਵਿਆਹ ਮੰਗਣਾ। ਜਦੋਂ ਇਹੋ ਜਾ ਕੋਈ ਦਿਨ ਆ ਜਾਂਦਾ ਉਦੋਂ ਇਹ ਵੀ ਮਹਾਂ ਦੇ ਆਟੇ ਦੇ ਸ਼ੀਂਹ ਬਣ ਜਾਂਦੇ ਐ।"

ਸੀਤਾ ਮਰਾਸੀ ਕਹਿੰਦਾ, "ਅਮਲੀਆ ਤੈਂ ਕਿਉਂ ਬਿਜਲੀ ਆਲਿਆਂ 'ਤੇ ਤਵਾ ਧਰਿਆ ਬਈ। ਸੋਡੇ ਕੀਹਦੀ ਰੋਪਣਾ ਪੈਂਦੀ ਐ?"

ਅਮਲੀ ਮਰਾਸੀ ਦੀ ਗੱਲ ਸੁਣ ਕੇ ਮਰਾਸੀ ਨੂੰ ਉੱਖੜੀ ਕੁਹਾੜੀ ਵਾਂਗੂੰ ਭੱਜ ਕੇ ਪੈ ਗਿਆ, "ਹੋਰ ਤਾਂ ਤੇਰੇ ਮੁੰਡੇ ਨੂੰ ਈਂ ਕਾਨਿਆਂ ਆਲੀਏ ਆਲੇ ਸਰਦਾਰ ਸਗਨ ਕਰਨ ਆਏ ਐ। ਸਾਲਾ ਚਿੱਬੇ ਨਾਸਾ ਜਾ ਨਾ ਹੋਵੇ ਤਾਂ।"

ਤਾਰਾ ਮਾਸਟਰ ਕਹਿੰਦਾ, "ਅਮਲੀਆ! ਇਹਦੇ 'ਚ ਬਿਜਲੀ ਆਲਿਆਂ ਦਾ ਕੀ ਕਸੂਰ ਬਈ। ਇਹ ਤਾਂ ਗਰਮੀਉਂ ਈਂ ਬਾਹਲ਼ੀ ਐ। ਜਦੋਂ ਬਿਜਲੀ ਘਰ 'ਤੇ ਲੋਡ਼ ਪੈਂਦਾ ਜਿਹੜੇ ਵੱਡੇ ਟਰਾਂਸਫਾਰਮਰ ਐ, ਉਹ ਗਰਮ ਹੋਣ ਲੱਗ ਪੈਂਦੇ ਐ। ਉਦੋਂ ਘੰਟਾ ਅੱਧਾ ਘੰਟਾ ਬਿਜਲੀ ਬੰਦ ਕਰਕੇ ਟਰਾਂਸਫਾਰਮਰਾਂ ਨੂੰ ਠੰਡਾ ਕਰਦੇ ਹੁੰਦੇ ਐ ਬਈ ਕਿਤੇ ਬਾਹਲ਼ੇ ਗਰਮ ਹੋ ਕੇ ਸੜ ਨਾ ਜਾਣ।"

ਅਮਲੀ ਕਹਿੰਦਾ, "ਚਾਰ ਬਾਲਟੀਆਂ ਪਾਣੀ ਦੀਆਂ ਪਾ ਕੇ ਠੰਢੇ ਕਰ ਲਿਆ ਕਰਨ। ਬਿਜਲੀ ਬੰਦ ਕਰਨ ਦੀ ਲੋੜ ਈ ਨ੍ਹੀ। ਐਮੇਂ ਮਾੜੀ ਜੀ ਗੱਲ ਪਿੱਛੇ ਲੋਕਾਂ ਤੋਂ ਗਾਲਾਂ ਲੈਂਦੇ ਐ।"

ਸੀਤਾ ਮਰਾਸੀ ਕਹਿੰਦਾ, "ਤੇਰਾ ਦੱਸ ਕੀ ਕਾਰਖਾਨਾ ਬੰਦ ਹੋ ਗਿਆ। ਤੂੰ ਕਿਉਂ ਭੁੱਖੀ ਬਾਂਦਰੀ ਆਂਗੂੰ ਹਰਖਿਆ ਪਿਐਂ ਬਿਜਲੀ ਆਲਿਆਂ 'ਤੇ। ਹੋਰਾਂ ਦੇ ਵੀ ਤਾਂ ਘਰੋਂ ਬਿਜਲੀ ਗਈਉ ਈ ਐ, ਉਹ ਤਾਂ ਬੋਲਦੇ ਨ੍ਹੀ, ਤੂੰ ਵਾਧੂ ਈ ਆਫਰੀ ਡੱਡ ਆਂਗੂੰ ਫੁੱਲੀ ਜਾਨੈਂ।"

ਨਾਥਾ ਅਮਲੀ ਮਰਾਸੀ ਦੀ ਗੱਲ ਸੁਣ ਕੇ ਮਰਾਸੀ ਨੂੰ ਫੇਰ ਹਲਕੇ ਕੁੱਤੇ ਵਾਂਗੂੰ ਭੱਜ ਕੇ ਪਿਆ, "ਬੈਠਾ ਰਹਿ ਓਏ ਮਰਦਾਨੇ ਕਿਆ। ਮੇਰੇ ਤਾਂ ਭਲਾਂ ਨਹੀਂ ਕੋਈ ਕਾਰਖਾਨਾਂ, ਤੇਰੇ ਕਿਹੜਾ ਗਾਹਾਂ ਪਾਰੇ ਆਲਾ ਲਾਟੂ ਜਗਦਾ ਓਏ ਦਾਨੇ ਆਲੀਏ ਕ੍ਰਪਾਲ ਸਿਉਂ ਦੇ।"

ਸੀਤੇ ਮਰਾਸੀ ਤੇ ਨਾਥੇ ਅਮਲੀ ਨੂੰ ਆਪਸ ਵਿੱਚ ਚੁੰਝੋ ਚੁੰਝੀ ਹੁੰਦਿਆਂ ਸੁਣ ਕੇ ਸੰਤਾ ਨੰਬਰਦਾਰ ਬੋਲਿਆ, "ਓਏ ਕਿਉਂ ਯਾਰ ਵਾਧੂ ਈ ਖਰੂਦ ਪਾਇਆ। ਘੈਂਟਾ ਦੋ ਘੈਂਟਾ ਬਿਜਲੀ ਗਈ ਐ ਖਣੀ ਨਹੀਂ, ਤੁਸੀਂ ਦੋਆਂ ਨੇ ਸਮਾਨ ਚੱਕਣਾ ਲਿਆ। ਨਾਲੇ ਸੋਡੇ ਤਾਂ ਘਰੀਂ ਖਣੀ ਦੋ ਲਾਟੂ ਜਗਦੇ ਹੋਣਗੇ ਖਣੀ ਤਿੰਨ, ਜਿੰਨ੍ਹਾਂ ਦੇ ਵੱਡੇ ਵੱਡੇ ਕਾਰਖਾਨੇ ਖੜ੍ਹ ਜਾਂਦੇ ਐ ਉਨ੍ਹਾਂ ਦਾ ਕੀ ਹਾਲ ਹੁੰਦਾ ਹੋਊ। ਨਾਲੇ ਇਹ ਤਾਂ ਸਰਕਾਰਾਂ ਦੇ ਕੰਮ ਐਂ ਬਿਜਲੀ ਪਾਣੀ ਆਲੇ। ਲੀਡਰਾਂ ਨੇ ਸਰਕਾਰਾਂ ਵੀ ਤਾਂ ਚਲਾਉਣੀਆਂ ਈਂ ਐਂ। ਜਿੱਥੇ ਬਿਜਲੀ ਪਾਣੀ ਦੀ ਵੱਧ ਲੋੜ ਐ ਉੱਥੇ ਭੋਰਾ ਭੋਰਾ ਵੱਧ ਦੇ ਦਿੰਦੇ ਐ, ਜਿੱਥੇ ਭੋਰਾ ਸਰਦਾ ਹੁੰਦੈ, ਉੱਥੇ ਝੁੱਕ-ਲੁੱਕ ਨਾਲ ਵੀ ਸਾਰ ਜਾਂਦੇ ਐ।"

ਸੰਤੇ ਨੰਬਰਦਾਰ ਤੋਂ ਲੀਡਰਾਂ ਦੀ ਗੱਲ ਸੁਣ ਕੇ ਨਾਥੇ ਅਮਲੀ ਨੇ ਨੰਬਰਦਾਰ ਨੂੰ ਵੀ ਬੇਹੇ ਕੜਾਹ ਵਾਂਗੂੰ ਲਿਆ, "ਨੰਬਰਦਾਰਾ, ਨੰਬਰਦਾਰਾ! ਕਿੱਥੇ ਰਹਿਨੈਂ ਤੂੰ, ਇਹ ਲੀਡਰਾਂ ਦੇ ਹਰੇਕ ਕੰਮ ਦੇ ਭਾਅ ਬੰਨ੍ਹੇ ਵੇ ਐ। ਲੋਕਾਂ ਨੂੰ ਲੜਾ-ਲੜਾ ਵੋਟਾਂ ਖਰੀਆਂ ਕਰਨ ਚ ਲੱਗੇ ਰਹਿੰਦੇ ਐ ਸਾਰਾ ਦਿਨ।"

ਬਾਬੇ ਕਰਨੈਲ ਸਿਉਂ ਨੇ ਅਮਲੀ ਨੂੰ ਪੁੱਛਿਆ, "ਅਮਲੀਆ ਭਾਅ ਕਿਮੇਂ ਬੰਨ੍ਹੇ ਵੇ ਐ ਓਏ। ਆਹ ਤਾਂ ਬਈ ਤੈਂ ਨਮਾਂ ਈ ਰੈਂਗਲਾ ਕੱਢ ਮਾਰਿਆ।"

ਸੀਤਾ ਮਰਾਸੀ ਵੀ ਉਧੜਿਆਂ ਜਲਾਹਿਆਂ ਦੇ ਨੜੇ ਵਾਂਗੂੰ। ਕਹਿੰਦਾ, "ਗੁੱਲੂ ਕੇ ਜੰਗੀ ਦਾ ਨੌਂ ਸੈ ਲੱਗ ਗਿਆ ਭਜਨੇ ਕੀ ਰੂੜੀ 'ਤੇ ਜੁਆਕ ਹਗਾਉਣ ਦਾ।"



ਪਿੰਡ ਦੀ ਸੱਥ ਵਿੱਚੋਂ

ਬੁੱਘਰ ਦਖਾਣ ਨੇ ਪੁੱਛਿਆ, "ਉਹ ਕਿਮੇਂ?"

ਮਰਾਸੀ ਕਹਿੰਦਾ, "ਜੰਗੀ ਨੇ ਕਿਤੇ ਰਾਤ ਨੂੰ ਨੇਰ੍ਹੇ ਜੇ ਹੋਏ ਆਵਦੇ ਤਿੰਨ ਕੁ ਸਾਲ ਦੇ ਮੁੰਡੇ ਨੂੰ ਭਜਨੇ ਕੀ ਰੂੜੀ 'ਤੇ ਜੰਗਲ ਬਹਾ 'ਤਾ। ਉੱਧਰੋਂ ਕਿਤੇ ਭਜਨਾ ਬੁੜ੍ਹਾ ਆ ਗਿਆ। ਬੁੜ੍ਹੇ ਭਜਨੇ ਨੇ ਰੂੜੀ ਕੋਲ ਖੜ੍ਹੇ ਜੰਗੀ ਨੂੰ ਪੁੱਛਿਆ 'ਕਿਹੜਾ ਓਏ'? ਜੰਗੀ ਕਹਿੰਦਾ 'ਮੈਂ ਜੰਗੀ ਆਂ ਤਾਇਆ'। ਅਕੇ ਭਜਨਾ ਕਹਿੰਦਾ 'ਏਥੇ ਖੜ੍ਹਾ ਕੀ ਕਰਦੈਂ ਸਾਡੇ ਵਾੜੇ 'ਚ'? ਜੰਗੀ ਕਹਿੰਦਾ 'ਆਹ ਜੁਆਕ ਨੂੰ ਮਰੋੜੇ ਲੱਗ ਗੇ, ਇਹਨੂੰ ਲੈ ਕੇ ਆਇਆ ਸੀ'। ਜਦੋਂ ਭਜਨੇ ਬੁੜ੍ਹੇ ਨੂੰ ਪਤਾ ਲੱਗਿਆ ਬਈ ਇਹ ਤਾਂ ਸਾਡੀ ਰੂੜੀ 'ਤੇ ਜੁਆਕ ਨੂੰ ਜੰਗਲ ਬਹਾਈ ਖੜ੍ਹਾ, ਬੁੜ੍ਹੇ ਨੇ ਜੰਗੀ ਨੂੰ ਗਾਲ ਕੱਢੀ। ਜੰਗੀ ਨੇ ਬੁੜ੍ਹੇ ਨੂੰ ਨਾਲ ਦੀ ਸੇਬੂ ਕੀ ਰੂੜੀ 'ਤੇ ਚੱਕ ਕੇ ਇਉਂ ਠੋਕਿਆ ਜਿਮੇਂ ਟਾਂਡਿਆਂ ਦਾ ਪੂਲ਼ਾ ਗੱਡੇ 'ਤੇ ਸਿੱਟੀ ਦਾ ਹੁੰਦਾ। ਬੁੜ੍ਹੇ ਦਾ ਡਿੰਗਦੇ ਦਾ ਗਿੱਟਾ ਟੁੱਟ ਗਿਆ। ਮੁੜ ਕੇ ਗੱਲ ਸਰਕਾਰੇ ਦਰਬਾਰੇ ਚੜ੍ਹ ਗੀ। ਆਪਣੇ ਲੀਡਰਾਂ ਨੇ ਨੌਂ ਸੈ ਲੁਆ 'ਤਾ ਜੰਗੀ ਦਾ। ਹੁਣ ਇਉਂ ਠੰਢਾ ਹੋਇਆ ਫਿਰਦਾ ਜਿਮੇਂ ਹਲਵਾਈ ਦੀ ਭੱਠੀ 'ਚ ਕੋਲੇ ਠਕ ਕੇ ਸੁਆਹ ਬਣੇ ਪਏ ਹੁੰਦੇ ਐ।"

ਬਾਬੇ ਕਰਨੈਲ ਸਿਉਂ ਨੇ ਮਰਾਸੀ ਨੂੰ ਪੁੱਛਿਆ, "ਸੀਤਾ ਸਿਆਂ! ਇੱਕ ਗੱਲ ਦੀ ਸਮਝ ਨ੍ਹੀ ਆਈ ਯਾਰ। ਬਈ ਗਿੱਟਾ ਤਾਂ ਟੁੱਟਿਆ ਭਜਨੇ ਬੁੜ੍ਹੇ ਦਾ, ਲੜਿਆ ਉਹ ਗੁੱਲੂ ਕੇ ਜੰਗੀ ਨਾਲ, ਇਹ ਲੀਡਰ ਕਿੱਥੋਂ ਆ ਗਿਆ ਉੱਥੇ, ਸੁਆਲ ਤਾਂ ਏਸ ਗੱਲ ਦਾ?"

ਬਾਬੇ ਦੀ ਗੱਲ ਸੁਣ ਕੇ ਨਾਥਾ ਅਮਲੀ ਹੋਇਆ ਫਿਰ ਬਾਬੇ ਦੇ ਦੁਆਲੇ। ਕਹਿੰਦਾ, "ਉਹੀ ਤਾਂ ਬਾਬਾ ਤੈਨੂੰ ਦੱਸੀ ਜਾਨੇ ਆਂ ਬਈ ਲੀਡਰਾਂ ਦੇ ਕਿਹੜੇ-ਕਿਹੜੇ ਕੰਮਾਂ ਦੇ ਕਿੰਨੇ-ਕਿੰਨੇ ਭਾਅ ਬੰਨ੍ਹੇ ਵੇ ਐ ਲੋਕਾਂ ਨੂੰ ਲੜਾਉਣ ਦੇ। ਪਹਿਲਾਂ ਲੋਕਾਂ ਨੂੰ ਲੜਾ ਦੇਣਾ, ਫੇਰ ਰਾਜੀਬੰਦਾ ਕਰਾ ਦੇਣਾ। ਪੈਂਸੇ ਲੋਕਾਂ ਦੇ ਲੁਆ ਦੇਣੇ ਐਂ, ਵੋਟਾਂ ਆਪ ਲੈ ਲੈਣੀਆਂ।"

ਦਲੀਪ ਕਾਮਰੇਡ ਨੇ ਅਮਲੀ ਨੂੰ ਪੁੱਛਿਆ, "ਇਹਦੇ 'ਚ ਫਿਰ ਭਾਅ ਬੰਨ੍ਹਣ ਆਲੀ ਕੀ ਗੱਲ ਐ?"

ਅਮਲੀ ਕਹਿੰਦਾ, "ਲੈ ਸੁਣ ਲਾ ਫਿਰ। ਇਹ ਲੀਡਰ ਆਪਾਂ ਨੂੰ ਲੜਾ-ਲੜਾ ਈ ਵੋਟਾਂ ਲਈ ਜਾਂਦੇ ਐ। ਇੱਕ ਦੂਜੇ ਦੇ ਛੋਟੀ ਵੱਡੀ ਸੱਟ ਮਾਰਨ ਦੇ ਭਾਅ ਰੱਖੇ ਵੇ ਐ ਇਨ੍ਹਾਂ ਦੇ। ਲੱਤ ਭੰਨਣ ਦਾ ਅੱਡ ਭਾਅ। ਗਿੱਟਾ ਤੋੜਣ ਦਾ ਹੋਰ ਭਾਅ। ਗੁੱਝੀਆਂ ਸੱਟਾਂ ਦੇ ਹੋਰ ਭਾਅ। ਜੇ ਸਿਰ 'ਚ ਸੱਟ ਮਾਰਨੀ ਐ ਤਾਂ ਮਹਿੰਗਾ ਭਾਅ ਬੰਨ੍ਹਿਆਂ ਵਿਆ ਇਨ੍ਹਾਂ ਦਾ। ਜੇ ਦੋਮੇਂ ਲੱਤਾਂ ਤੋੜਣੀਆਂ ਤਾਂ ਭਾਅ ਹੋਰ ਮਹਿੰਗਾ। ਖੱਬੀ ਸੱਜੀ ਬਾਂਹ ਭੰਨਣ ਦੇ ਅੱਡ ਅੱਡ ਭਾਅ ਰੱਖੇ ਵੇ ਐ। ਉਈਂ ਧੌਲ ਧੱਫਾ ਕਰਕੇ ਲੀੜੇ ਪਾੜਣ ਦੇ ਵੀ ਪੈਂਸੇ ਬੰਨ੍ਹੇ ਵੇ ਐ ਇਨ੍ਹਾਂ ਦੇ। ਕਿਸੇ ਦੀ ਧੀ ਭੈਣ ਨੂੰ ਮੰਦਾ ਚੰਗਾ ਬੋਲਣ ਦਾ ਅੱਡ ਭਾਅ। ਗਾਲਾਂ ਕੱਢਣ ਦਾ ਹੋਰ ਭਾਅ। ਕਿਸੇ ਦੇ ਟਰੈਕਟ ਦੇ ਟੈਰ ਦੀ ਫੂਕ ਕੱਢਣ ਦਾ ਵੀ ਭਾਅ ਬੰਨ੍ਹਿਆ ਵਿਆ। ਬੁੜ੍ਹੀਆਂ ਕੁੜੀਆਂ ਨੂੰ ਸੀਟ੍ਹੀਆਂ ਮਾਰਨ ਦਾ ਵੱਖਰਾ ਭਾਅ। ਵਰੋਧੀ ਪਾਰਟੀ ਦੇ ਬੰਦਿਆਂ ਦੀ ਇੱਕ ਦਿਨ ਪਹਿਲਾਂ ਬੀਜੀ ਕਣਕ ਪਾਣੀ ਨਾਲ ਭਰ ਕੇ ਖਰਾਬ ਕਰਨ ਦਾ ਵੀ ਭਾਅ ਬੰਨ੍ਹੀ ਬੈਠੇ ਐ ਲੀਡਰ ਤਾਂ। ਹੁਣ ਤੂੰ ਦੱਸ ਕਾਮਰੇਟਾ ਤੈਨੂੰ ਕਿਹੜਾ ਭਾਅ ਚਾਹੀਦੈ?"

ਨਾਥੇ ਅਮਲੀ ਤੋਂ ਭਾਅ ਦੀਆਂ ਗੱਲਾਂ ਸੁਣ ਕੇ ਦਲੀਪ ਕਾਮਰੇਡ ਇਉਂ ਢਿੱਲਾ ਜਾ ਹੋ ਕੇ ਬਹਿ ਗਿਆ ਜਿਮੇਂ ਬੁੜ੍ਹੀ ਨਾਲ ਰੁੱਸ ਕੇ ਸੱਜਣ ਬੁੜ੍ਹਾ ਮੱਘਰ ਝਿਉਰ ਕੇ ਤੰਦੂਰ ਓਹਲੇ ਲੁਕ ਕੇ ਬਹਿ ਗਿਆ ਸੀ।

ਅਮਲੀ ਦੀ ਗੱਲ ਸੁਣੀ ਜਾਂਦਾ ਪ੍ਰਤਾਪਾ ਭਾਊ ਕਹਿੰਦਾ, "ਇਹ ਭਾਅ ਦੇ ਪੈਂਸੇ ਲੈਂਦਾ ਕੌਣ ਐਂ ਫਿਰ ਅਮਲੀਆ?"

ਅਮਲੀ ਕਹਿੰਦਾ, "ਲੀਡਰ ਈ ਲੈਂਦੇ ਐ ਹੋਰ ਪੈਂਸੇ ਕਿਤੇ ਕੋਈ ਦਿੱਲੀਉਂ ਤਾਂ ਨ੍ਹੀ ਲੈਣ ਆਉਂਦਾ।"

ਵਿਆਜੂਆਂ ਦਾ ਰੋਸਾ ਬੁੜ੍ਹਾ ਕਹਿੰਦਾ, "ਅੱਗੇ ਤਾਂ ਕਦੇ ਐਹੋ ਜੀ ਗੱਲ ਸੁਣੀ ਨ੍ਹੀ। ਨਾ ਈਂ ਕਦੇ ਆਪਣੇ ਪਿੰਡ 'ਚ ਐਹੋ ਜਾ ਕੁਸ ਹੋਇਆ। ਪਤਾ ਨ੍ਹੀ ਪਤੰਦਰਾ ਕਿੱਥੋਂ ਲਿਆਂਦੇ ਐ ਗਲੇਲੇ ਇਹੇ।"

ਰੋਸੇ ਬੁੜ੍ਹੇ ਦਾ ਪੱਕਾ ਨਾਂ ਰੇਸ਼ਮ ਸਿਉਂ ਸੀ ਤੇ ਸਾਰਾ ਪਿੰਡ ਉਹਨੂੰ ਵਿਆਜੂਆਂ ਦਾ ਰੋਸਾ ਇਸ ਕਰਕੇ ਕਹਿੰਦਾ ਸੀ ਕਿਉਂਕਿ ਉਹ ਆਪਣੇ ਪਿਓ ਦਾਦੇ ਤੋਂ ਲੈ ਕੇ ਪਿੰਡ 'ਚ ਰੁਪਈਏ ਵਿਆਜ 'ਤੇ ਦੇਣ ਦਾ ਕੰਮ ਕਰਦਾ ਸੀ।

ਰੋਸੇ ਬੁੜ੍ਹੇ ਦੀ ਗੱਲ ਸੁਣ ਕੇ ਅਮਲੀ ਰੋਸੇ ਬੁੜ੍ਹੇ ਨੂੰ ਤਾਅ 'ਚ ਆਇਆ ਕਹਿੰਦਾ, "ਉਰ੍ਹੇ ਨੂੰ ਹੋ ਜਾ ਫਿਰ ਜੇ ਆਪਣੇ ਈਂ ਪਿੰਡ ਦਾ ਗਲੇਲਾ ਸੁਣਨੈ ਤਾਂ। ਮੇਰੀ ਗੱਲ ਸੁਣ ਕੇ ਸੱਥ 'ਚੋਂ ਫਿਰ ਇਉਂ ਨਾ ਭੱਜ ਲੀਂ ਜਿਮੇਂ ਜੇਠ ਹਾੜ੍ਹ ਦੀ ਗਰਮੀ 'ਚ ਮਾਹਲੇ ਨੰਬਰਦਾਰ ਕੀ ਸਬ੍ਹਾਤ 'ਚੋਂ ਗੁੜ ਢਿੱਲਾ ਹੋ ਕੇ ਬਾਹਰ ਨੂੰ ਆ ਗਿਆ ਸੀ। ਬੈਠਾ ਰਹੀਂ। ਆਹ ਆਪਣੇ ਪਿੰਡ ਆਲੇ ਪੂਣੇ ਨੂੰ ਆਪਣੇ 'ਲਾਕੇ ਦਾ ਲੀਡਰ ਕਹਿੰਦਾ 'ਆਵਦੇ ਗੁਆਂਢੀ ਹੱਰਕੇ ਮਜਬ੍ਹੀ ਦੇ ਚਾਰ ਪੰਜ ਡਾਂਗਾਂ ਮਾਰਕੇ ਮੇਰੇ ਕੋਲੇ ਆ ਜੀ। ਪੁਲਸ ਨੂੰ ਮੈਂ ਨ੍ਹੀ ਫੜ੍ਹਣ ਦਿੰਦਾ, ਉੱਥੋਂ ਬਚ ਕੇ ਆਉਣ ਦਾ ਤੇਰਾ ਕੰਮ, ਐਥੇ ਆਏ ਨੂੰ ਮੈਂ ਸਾਂਭ ਲੂੰ। ਅਕੇ ਪੂਣੇ ਮਜਬ੍ਹੀ ਨੇ ਤੜਕੋ ਤੜਕੀ ਹੱਰਕਾ ਦਲੀਪੇ ਮੀਰਾਬ ਕੀ ਨਿਆਈਂ 'ਚ ਜੰਗਲ ਬੈਠਾ ਜਾ ਢਾਹਿਆ। ਛੀ ਸੱਤ ਮਾਰ ਕੇ ਡਾਂਗਾਂ ਹੱਰਕਾ ਠੱਕੇ ਦੀ ਮਾਰੀ ਤਾਪ ਚੜ੍ਹੇ ਆਲੀ 'ਕੱਠੀ ਹੋਈ ਬਮਾਰ ਬੱਕਰੀ ਅਰਗਾ ਕਰ 'ਤਾ। ਵੇਹੜੇ 'ਚ ਰੌਲ਼ਾ ਪੈ ਗਿਆ ਅਕੇ ਹੱਰਕਾ ਤੇ ਪੂਣਾ ਲੜ ਪੇ। ਹੱਰਕੇ ਨੂੰ ਮਸ਼ੀਨ ਆਲਿਆਂ ਦਾ ਬਿੱਲੂ ਟਰੈਲੀ 'ਚ ਪਾ ਕੇ ਹੱਥਪਤਾਲ ਲੈ ਗਿਆ। ਪੂਣਾ ਭੱਜ ਕੇ ਲੀਡਰ ਕੋਲੇ ਜਾ ਵੜਿਆ। ਉੱਧਰ ਤਲਾਹ ਗਈ ਤੋਂ ਪੁਲਸ ਪੂਣੇ ਦੇ ਘਰ 'ਤੇ ਚੜ੍ਹ ਗੀ। ਪੂਣਾ ਲੀਡਰ ਸਾਹਬ ਦੇ ਘਰੇ ਬੈਠਾ। ਲੀਡਰ ਪੂਣੇ ਨੂੰ ਕਹਿੰਦਾ 'ਅੱਠ ਸੈ ਰਪੀਆ ਪੁਲਸ ਨੂੰ ਦੇ ਦੀਏ, ਬੱਸ ਗੱਲ ਠੱਪ ਹੋ ਜੂ'। ਪੂਣੇ ਨੇ ਬਜਰੰਗੇ ਕੇ ਪਿਆਰੇ ਨੂੰ ਨਾਲ ਲਜਾ ਕੇ ਬੁੜ੍ਹਿਆ ਤੈਥੋਂ ਤਿੰਨ ਰਪੀਏ ਸੈਂਕੜੇ ਦੇ ਵਿਆਜ 'ਤੇ ਅੱਠ ਸੈ ਰਪੀਆ ਲੈ ਕੇ ਲੀਡਰ ਨੂੰ ਦੇ 'ਤਾ, ਲੀਡਰ ਪੁਲਸ ਨੂੰ ਕਹਿੰਦਾ 'ਇਨ੍ਹਾਂ ਦਾ ਬਿਨਾਂ ਪੈਂਸਿਆਂ ਤੋਂ ਰਾਜੀਬੰਦਾ ਕਰਾਉ। ਰਾਜੀਬੰਦਾ ਪੁਲਸ ਨੇ ਮੁਖਤੋ ਮੁਖਤੀ ਕਰਾ 'ਤਾ, ਅੱਠ ਸੈ ਰਪੀਆ ਲੀਡਰ ਆਵਦੀ ਜੇਬ੍ਹ 'ਚ ਪਾ ਕੇ ਚੰਡੀਗੜ੍ਹ ਨੂੰ ਚੜ੍ਹ ਗਿਆ, ਹਜੇ ਤੂੰ ਕਹਿਨੈ ਅਕੇ ਮੈਂ ਤਾਂ ਕਦੇ ਐਹੋ ਜੀ ਗੱਲ ਸੁਣੀ ਨ੍ਹੀ। ਤੈਨੂੰ ਸੁਣਨ ਦੀ ਕਿਹੜੀ ਲੋੜ ਐ। ਦਸ ਦਸ ਕੋਹ ਤਾਈਂ ਲੜਾਈਆਂ ਭੜਾਈਆਂ 'ਚ ਲੱਗਣ ਆਲੇ ਪੈਂਸੇ ਤਾਂ ਤੇਰੀ ਬਾਸਣੀ 'ਚੋਂ ਜਾਂਦੇ ਐ। ਸੱਟਾਂ ਕੋਈ ਮਾਰਦਾ, ਸਿਰ ਕਿਸੇ ਦਾ ਪਾਟ ਜਾਂਦਾ, ਹੱਟ ਤੇਰੀ ਚੱਲ ਜਾਂਦੀ ਐ ਦਿਆਲ ਮਿਸਤਰੀ ਕੇ ਘਰਾਸ ਆਂਗੂੰ। ਸਭ ਨੂੰ ਪਤਾ ਬੁੜ੍ਹਿਆ ਪਿੰਡ 'ਚ ਕੀ ਹੋਈ ਜਾਂਦਾ।"

ਅਮਲੀ ਤੋਂ ਸੱਚੀਆਂ ਸੁਣ ਕੇ ਬੁੜ੍ਹਾ ਪਰਨਾਂ ਮੋਢੇ 'ਤੇ ਰੱਖ ਕੇ ਸੱਥ 'ਚੋਂ ਉੱਠ ਕੇ ਇਉਂ ਤੁਰ ਗਿਆ ਜਿਮੇਂ ਵਿਆਹ ਵੇਲੇ ਅਨੰਦ ਹੋਣ ਪਿੱਛੋਂ ਘੱਟ ਦਾਜ ਮਿਲੇ ਤੋਂ ਕੁੜੀ ਵਾਲਿਆਂ ਵੱਲੋਂ ਵਿਚੋਲੇ ਨੂੰ ਪਾਈ ਛਾਪ ਮੁੰਡੇ ਦੇ ਪਿਓ ਨੇ ਲਾਹ ਲਈ ਸੀ ਤੇ ਵਿਚੋਲਾ ਰੁੱਸ ਕੇ ਵਿਚੋਲਣ ਨੂੰ ਲੈ ਕੇ ਬਿਨਾਂ ਰੋਟੀ ਖਾਧੀਉ ਈ ਡੰਡੀ ਲੱਗਿਆ।

ਜਿਉਂ ਹੀ ਰੋਸਾ ਬੁੜ੍ਹਾ ਸੱਥ 'ਚੋਂ ਉੱਠ ਕੇ ਤੁਰ ਗਿਆ ਤਾਂ ਬਾਬਾ ਕਰਨੈਲ ਸਿਉਂ ਅਮਲੀ ਨੂੰ ਭਖਿਆ ਵੇਖ ਕੇ

JARNAIL SINGH



ART CLASSES
604-825-4659
604-724-6922
604-595-5885
#106- 12882-85 Ave. Surrey

# ਦੇਸੀ ਤੜਕਾ

## ਮਸਾਲਾ ਪਾਸਤਾ



| ਸਮੱਗਰੀ | ਹਲਦੀ-1/4 ਚੱਮਚ |
|---|---|
| ਪਾਸਤਾ-1 ਕੱਪ | 1 ਕੱਪ ਟਮਾਟਰ ਪਿਊਰੀ |
| ਉੱਬਲਿਆ ਪਾਣੀ | 1/2 ਚੱਮਚ ਲਾਲ ਮਿਰਚ |
| 1 ਚੱਮਚ ਨਮਕ | 1 ਚੱਮਚ ਗਰਮ ਮਸਾਲਾ |
| 1 ਚੱਮਚ ਬਟਰ | 2 ਚੱਮਚ ਸਵੀਟਕਾਰਨ |
| 1 ਚੱਮਚ ਤੇਲ | 1/4 ਕੱਪ ਬਰੀਕ ਕੱਟੀ ਸ਼ਿਮਲਾ ਮਿਰਚ- |
| 1 ਚੱਮਚ ਬਰੀਕ ਕੱਟਿਆ ਲਸਣ | 1/4 ਕੱਪ ਬਰੀਕ ਕੱਟੀ ਹੋਈ ਗਾਜਰ |
| ਬਰੀਕ ਕੱਟਿਆ ਪਿਆਜ਼ | 2 ਚੱਮਚ ਮਟਰ- |
| 1 ਚੱਮਚ ਬਰੀਕ ਕੱਟਿਆ ਅਦਰਕ | 5 ਕਲੀਆਂ ਬ੍ਰੋਕਲੀ |

ਪਾਸਤੇ ਨੂੰ ਉਬਾਲੋ ਅਤੇ ਇਸ ਨੂੰ ਪਾਣੀ ਤੋਂ ਬਾਹਰ ਕੱਢ ਕੇ ਕੁੱਝ ਸਮੇਂ ਲਈ ਰੱਖੋ। ਕੜਾਹੀ ਵਿਚ ਤੇਲ ਅਤੇ ਮੱਖਣ ਪਾ ਕੇ ਥੋੜ੍ਹਾ ਜਿਹਾ ਗਰਮ ਕਰੋ ਅਤੇ ਇਸ ਵਿਚ ਅਦਰਕ-ਲਸਣ ਨੂੰ ਥੋੜ੍ਹੀ ਦੇਰ ਲਈ ਭੁੰਨੋ। ਕੜਾਹੀ ਵਿਚ ਪਿਆਜ਼ ਮਿਲਾਓ ਅਤੇ ਹਲਕਾ ਭੂਰਾ ਹੋਣ ਤੱਕ ਫਰਾਈ ਕਰੋ। ਟਮਾਟਰ ਦੀ ਪਿਊਰੀ ਪਾਓ ਅਤੇ ਪੂਰਾ ਗਾੜ੍ਹਾ ਹੋਣ ਤੱਕ ਪਕਾਓ। ਹੁਣ ਕੜਾਹੀ ਵਿਚ ਹਲਦੀ, ਲਾਲ ਮਿਰਚ ਪਾਊਡਰ, ਗਰਮ ਮਸਾਲਾ ਅਤੇ ਨਮਕ ਪਾਓ। ਮਸਾਲਾ ਚੰਗੀ ਤਰ੍ਹਾਂ ਭੁੰਨੋ। ਹੁਣ ਕੜਾਹੀ ਵਿਚ ਮੱਕੀ, ਕੈਪਸਿਕਮ, ਗਾਜਰ, ਮਟਰ ਅਤੇ ਬ੍ਰੋਕਲੀ ਸ਼ਾਮਲ ਕਰੋ ਅਤੇ ਕੁਝ ਦੇਰ ਲਈ ਪਕਾਉ। ਤਿੰਨ ਚੱਮਚ ਪਾਣੀ ਪਾਓ ਅਤੇ ਮਿਕਸ ਕਰੋ। ਕੜਾਹੀ ਨੂੰ ਕੁੱਝ ਸਮੇਂ ਲਈ ਢੱਕ ਦਿਓ ਅਤੇ ਸਬਜ਼ੀਆਂ ਨੂੰ ਪੰਜ ਮਿੰਟ ਲਈ ਘੱਟ ਗੈਸ ਤੇ ਪਕਾਓ। ਟਮਾਟਰ ਦੀ ਚਟਣੀ ਪਾ ਕੇ ਮਿਕਸ ਕਰੋ। ਹੁਣ ਉਬਾਲੇ ਹੋਏ ਪਾਸਤਾ ਨੂੰ ਮਸਾਲੇ ਵਿਚ ਪਾਓ ਅਤੇ ਚੰਗੀ ਤਰ੍ਹਾਂ ਹਿਲਾਉਂਦੇ ਹੋਏ ਧੀਮੀ ਅੱਗ 'ਤੇ ਥੋੜ੍ਹਾ ਪਕਾਉ ਅਤੇ ਕੁੱਝ ਮਿੰਟ ਬਾਅਦ ਸਰਵ ਕਰੋ।

## ਲੱਸਣ ਦੀ ਸੁੱਕੀ ਚਟਨੀ ਬਣਾਉਣ ਦਾ ਅਸਾਨ ਤਰੀਕਾ



| ਸਮੱਗਰੀ | ਸੁੱਕੇ ਨਾਰੀਅਲ ਦਾ ਪਾਊਡਰ - 3 ਚੱਮਚ |
|---|---|
| ਲੱਸਣ ਦੀਆਂ ਕਲੀਆਂ | ਕਸ਼ਮੀਰੀ ਲਾਲ ਮਿਰਚ ਪਾਊਡਰ - 3 ਚੱਮਚ |
| ਮੂੰਗਫਲੀ - 3 ਚੱਮਚ | ਲੂਣ - ਸੁਆਦ ਅਨੁਸਾਰ |

ਵਿਧੀ : ਸਭ ਤੋਂ ਪਹਿਲਾਂ ਲਸਣ ਦੀ ਸੁੱਕੀ ਚਟਨੀ ਬਣਾਉਣ ਲਈ ਲੱਸਣ ਦੀਆਂ ਤੁਰੀਆਂ ਨੂੰ ਕੱਟ ਲਵੋ। ਇਸ ਤੋਂ ਬਾਅਦ ਲੱਸਣ ਦੀਆਂ ਤੁਰੀਆਂ ਨੂੰ ਗੈਸ ਘੱਟ ਕਰ ਕੇ ਭੁੰਨੋ। ਲਗਾਤਾਰ ਹਿਲਾਉਂਦੇ ਹੋਏ ਉਨ੍ਹਾਂ ਨੂੰ ਦੋ ਮਿੰਟ ਲਈ ਫਰਾਈ ਕਰੋ। ਲਸਣ ਨੂੰ ਉਦੋਂ ਤੱਕ ਭੁੰਨੋ ਜਦੋਂ ਤਕ ਇਹ ਹਲਕੇ ਸੁਨਹਿਰੇ ਰੰਗ ਦੀ ਨਾ ਹੋ ਜਾਵੇ। ਇਸ ਤੋਂ ਬਾਅਦ ਇਸ ਵਿਚ ਮੂੰਗਫਲੀ ਨੂੰ ਫਰਾਈ ਕਰੋ।

ਇਸ ਤੋਂ ਬਾਅਦ ਨਾਰੀਅਲ ਪਾਊਡਰ ਮਿਲਾਓ ਅਤੇ ਇਸ ਨੂੰ ਸੁਨਹਿਰੀ ਹੋਣ ਤੱਕ ਫਰਾਈ ਕਰੋ। ਇਕ ਵਾਰ ਭੁੰਨਿਆ ਲੱਸਣ, ਮੂੰਗਫਲੀ ਅਤੇ ਨਾਰੀਅਲ ਠੰਢਾ ਹੋ ਜਾਣ 'ਤੇ ਇਸ ਨੂੰ ਮਿਕਸਰ 'ਚ ਪਾਓ ਅਤੇ ਲਾਲ ਮਿਰਚ ਪਾਊਡਰ ਅਤੇ ਨਮਕ ਪਾ ਲਓ। ਜੇਕਰ ਤੁਸੀਂ ਵਧੇਰੇ ਮਸਾਲੇਦਾਰ ਚਟਨੀ ਖਾਣਾ ਪਸੰਦ ਕਰਦੇ ਹੋ, ਤਾਂ ਤੁਸੀਂ ਕਸ਼ਮੀਰੀ ਮਿਰਚ ਦੀ ਬਜਾਏ ਨਿਯਮਿਤ ਲਾਲ ਮਿਰਚ ਵੀ ਪਾ ਸਕਦੇ ਹੋ। ਹੁਣ ਇਸ ਨੂੰ ਮੋਟਾ ਜਿਹਾ ਪੀਸ ਕੇ ਇਕ ਕਟੋਰੇ ਵਿਚ ਬਾਹਰ ਕੱਢ ਲਓ।

# ਤਕਨਾਲੋਜੀ ਟਾਈਮਜ਼

## ਹੁਣ ਪਲੇਅ ਸਟੋਰ ਤੋਂ ਇਕ ਵਾਰ 'ਚ ਡਾਊਨਲੋਡ ਕਰ ਸਕੋਗੇ ਕਈ ਐਪਸ




ਗੂਗਲ ਨੇ ਆਖਿਰਕਾਰ ਇਕ ਲੰਬੇ ਇੰਤਜ਼ਾਰ ਤੋਂ ਬਾਅਦ ਮਲਟੀਪਲ ਐਪ ਦੇ ਡਾਊਨਲੋਡਿੰਗ ਦੀ ਸਹੂਲਤ ਦੇ ਦਿੱਤੀ ਹੈ। ਹੁਣ ਤੁਸੀਂ ਗੂਗਲ ਪਲੇਅ ਸਟੋਰ ਤੋਂ ਇਕ ਵਾਰ 'ਚ ਕਈ ਐਪਸ ਡਾਊਨਲੋਡ ਕਰ ਸਕਦੇ ਹੋ। ਇਹ ਸਹੂਲਤ ਐਂਡਰਾਇਡ ਟੈਬਲੇਟ ਅਤੇ ਫੋਨ ਲਈ ਹੈ। ਗੂਗਲ, ਪਲੇਅ ਸਟੋਰ ਦੇ ਇਸ ਫੀਚਰ ਨੂੰ ਹੌਲੀ-ਹੌਲੀ ਜਾਰੀ ਕਰ ਰਿਹਾ ਹੈ ਤਾਂ ਜੇਕਰ ਤੁਹਾਨੂੰ ਅਜੇ ਤਕ ਇਹ ਨਜ਼ਰ ਨਹੀਂ ਆ ਰਿਹਾ ਤਾਂ ਪਰੇਸ਼ਾਨ ਹੋਣ ਦੀ ਲੋੜ ਨਹੀਂ ਹੈ। ਜਲਦੀ ਹੀ ਨਵੇਂ ਫੀਚਰ ਦੀ ਅਪਡੇਟ ਤੁਹਾਨੂੰ ਮਿਲ ਜਾਵੇਗੀ।

### ਇੰਝ ਡਾਊਨਲੋਡ ਕਰੋ ਇਕੱਠੇ ਐਪਸ

ਅਜੇ ਤਕ ਇਕ ਤੋਂ ਵੱਧ ਐਪ ਨੂੰ ਪਲੇਅ ਸਟੋਰ ਤੋਂ ਡਾਊਨਲੋਡ ਕਰਨਾ ਮੁਸ਼ਕਿਲ ਕੰਮ ਸੀ ਪਰ ਹੁਣ ਇਹ ਆਸਾਨ ਹੋ ਗਿਆ ਹੈ। ਗੂਗਲ ਨੇ ਮਲਟੀਪਲ ਡਾਊਨਲੋਡ ਦੀ ਸਹੂਲਤ ਦਿੱਤੀ ਹੈ। ਪਹਿਲਾਂ ਕਿਸੇ ਐਪ ਦੀ ਡਾਊਨਲੋਡਿੰਗ ਦੌਰਾਨ ਦੂਜੇ ਐਪ ਦਾ ਡਾਊਨਲੋਡ ਵੇਟਿੰਗ 'ਚ ਹੁੰਦਾ ਸੀ ਪਰ ਹੁਣ ਅਜਿਹਾ ਨਹੀਂ ਹੋਵੇਗਾ। ਇਹ ਸਭ ਕੁਝ ਤੁਹਾਡੇ ਇੰਟਰਨੈੱਟ ਦੀ ਸਪੀਡ 'ਤੇ ਨਿਰਭਰ ਕਰੇਗਾ।

ਗੂਗਲ ਨੇ ਕਿਹਾ ਹੈ ਕਿ ਇਹ ਅਪਡੇਟ ਹੌਲੀ-ਹੌਲੀ ਜਾਰੀ ਕੀਤੀ ਜਾ ਰਹੀ ਹੈ। ਅਜਿਹੇ 'ਚ ਤੁਹਾਨੂੰ ਕੁਝ ਦਿਨ ਬਾਅਦ ਇਹ ਫੀਚਰ ਦੇਖਣ ਨੂੰ ਮਿਲ ਸਕਦਾ ਹੈ। ਇਕੱਠੇ ਦੋ ਐਪਸ ਨੂੰ ਡਾਊਨਲੋਡ ਕਰਨ ਲਈ ਤੁਹਾਨੂੰ ਕੁਝ ਕਰਨ ਦੀ ਲੋੜ ਨਹੀਂ ਹੈ। ਤੁਸੀਂ ਜਿਵੇਂ ਇਕ ਐਪ ਨੂੰ ਡਾਊਨਲੋਡ ਕਰਦੇ ਹੋ, ਉਸੇ ਤਰ੍ਹਾਂ ਹੀ ਇਕ ਤੋਂ ਵੱਧ ਐਪਸ ਨੂੰ ਡਾਊਨਲੋਡ ਕਰ ਸਕੋਗੇ। ਪਹਿਲਾਂ ਦੀ ਤਰ੍ਹਾਂ ਪੈਂਡਿੰਗ ਜਾਂ ਵੇਟਿੰਗ ਦਾ ਆਪਸ਼ਨ ਤੁਹਾਨੂੰ ਨਹੀਂ ਦਿਸੇਗਾ।

## ਵਟਸਐਪ 'ਚ ਜਲਦ ਮਿਲੇਗਾ ਵੌਇਸ ਮੋਡ

ਵਟਸਐਪ ਯੂਜ਼ਰਜ਼ ਲਈ ਇਕ ਚੰਗੀ ਖਬਰ ਹੈ। ਅਸੀਂ ਅਜਿਹਾ ਇਸ ਲਈ ਕਹਿ ਰਹੇ ਹਾਂ ਕਿਉਂਕਿ ਵਟਸਐਪ 'ਤੇ ਹੁਣ ਮੈਟਾ ਏ.ਆਈ. ਦਾ ਇਸਤੇਮਾਲ ਪਹਿਲਾਂ ਦੇ ਮੁਕਾਬਲੇ ਆਸਾਨ ਹੋਣ ਵਾਲਾ ਹੈ।

ਦਰਅਸਲ, ਵਟਸਐਪ 'ਚ ਇਟਓ ਅੀ ਵੌਇਸ ਕਮਾਂਡ ਆਉਣ ਵਾਲਾ ਹੈ ਜਿਸ ਤੋਂ ਬਾਅਦ ਤੁਸੀਂ ਇਟਓ ਅੀ ਨਾਲ ਬੋਲ ਕੇ ਗੱਲਾਂ ਕਰ ਸਕੋਗੇ ਅਤੇ ਆਪਣੇ ਸਵਾਲਾਂ ਦੇ ਜਵਾਬ ਲੈ ਸਕਣਗੇ। ਵਟਸਐਪ ਦੇ ਇਸ ਫੀਚਰ ਦੀ ਟੈਸਟਿੰਗ ਪਿਛਲੇ ਮਹੀਨੇ ਤੋਂ ਹੋ ਰਹੀ ਹੈ ਅਤੇ ਹੁਣ ਇਹ ਆਖਰੀ ਪੜਾਅ 'ਚ ਹੈ।

WABetaInfo ਨੇ ਆਪਣੇ ਰਿਪੋਰਟ 'ਚ ਕਿਹਾ ਹੈ ਕਿ ਮੈਟਾ ਏ.ਆਈ. 'ਚ ਵੌਇਸ ਮੋਡ ਜਲਦ ਹੀ ਆਉਣ ਵਾਲਾ ਹੈ। ਨਵੇਂ ਫੀਚਰ ਦਾ ਇਕ ਸਕਰੀਨਸ਼ਾਟ ਵੀ ਸਾਹਮਣੇ ਆਇਆ ਹੈ। ਰਿਪੋਰਟ ਮੁਤਾਬਕ, ਮੈਟਾ ਏ.ਆਈ. ਦੇ ਨਵੇਂ ਫੀਚਰ ਨੂੰ ਐਂਡਰਾਇਡ ਦੇ ਬੀਟਾ ਵਰਜ਼ਨ 2.24.18.18 'ਤੇ ਦੇਖਿਆ ਜਾ ਸਕਦਾ ਹੈ।

ਸਕਰੀਨਸ਼ਾਟ 'ਚ ਦੇਖਿਆ ਜਾ ਸਕਦਾ ਹੈ ਕਿ ਮੇਟਾ ਏ.ਆਈ. ਦੇ ਬਟਨ 'ਤੇ ਕਲਿੱਕ ਕਰਨ ਤੋਂ ਬਾਅਦ ਵੌਇਸ ਕਮਾਂਡ ਦਾ ਇਕ ਆਪਸ਼ਨ ਨਜ਼ਰ ਆ ਰਿਹਾ ਹੈ। ਇਸ 'ਤੇ ਟੈਪ ਕਰਨ ਤੋਂ ਬਾਅਦ ਇਕ ਵੈੱਬਫਾਰਮ ਬਨ ਰਹੀ ਹੈ ਜਿਸ ਵਿਚ ਵੌਇਸ ਦੇ ਮਾਡਿਊਲੇਸ਼ਨ ਨੂੰ ਦੇਖਿਆ ਜਾ ਸਕਾਦ ਹੈ। ਪਹਿਲਾਂ ਆਈ ਰਿਪੋਰਟ 'ਚ ਕਿਹਾ ਗਿਆ ਸੀ ਕਿ ਮੈਟਾ ਏ.ਆਈ. ਦਾ ਵੌਇਸ ਮੋਡ 10 ਭਾਸ਼ਾਵਾਂ ਨੂੰ ਸਪੋਰਟ ਕਰੇਗਾ।




## ਗੂਗਲ ਪੇਅ 'ਚ ਆਉਣ ਵਾਲੇ ਹਨ ਕਈ ਨਵੇਂ ਫੀਚਰਸ

ਆਨਲਾਈਨ ਭੁਗਤਾਨ ਐਪ Google Pay ਨੇ ਗਲੋਬਲ ਫਿਨਟੇਕ ਫੈਸਟ 2024 'ਚ ਕਈ ਨਵੇਂ ਫੀਚਰਸ ਪੇਸ਼ ਕਰਨ ਦਾ ਐਲਾਨ ਕੀਤਾ ਹੈ। ਸਮਾਗਮ ਦੌਰਾਨ ਕੰਪਨੀ ਨੇ ਦੱਸਿਆ ਕਿ ਨਵੇਂ ਫੀਚਰ ਇਸ ਸਾਲ ਦੇ ਅੰਤ 'ਚ ਸ਼ੁਰੂ ਕਰ ਹੋਣਗੇ। ਇਨ੍ਹਾਂ ਨਵੇਂ ਫੀਚਰਸ ਨਾਲ ਯੂਜ਼ਰਸ ਲਈ ਐਪ ਰਾਹੀਂ ਭੁਗਤਾਨ ਅਤੇ ਲੈਣ-ਦੇਣ ਕਰਨਾ ਹੋਰ ਵੀ ਆਸਾਨ ਹੋ ਜਾਵੇਗਾ।

Google Pay ਦੁਆਰਾ ਐਲਾਨ ਕੀਤੇ ਗਏ ਕੁਝ ਫੀਚਰਸ ਵਿੱਚੂ ਫੀ ਸਰਕਲ, UPI ਵਾਊਚਰ ਭਾਵ eRuip, Cilckpay QR ਸਕੈਨ, ਪ੍ਰੀਪੇਡ ਉਪਯੋਗਤਾ ਭੁਗਤਾਨ, RuPay ਕਾਰਡ ਨਾਲ ਟੈਪ ਕਰੋ ਤੇ ਭੁਗਤਾਨ ਕਰੋ ਸਮੇਤ ਹੋਰ ਵੀ ਬਹੁਤ ਕੁਝ




ਸ਼ਾਮਲ ਹੈ। ਇਸ ਤੋਂ ਇਲਾਵਾ, ਕੰਪਨੀ ਨੇ ਕਈ ਸਾਂਝੇਦਾਰੀਆਂ ਦਾ ਵੀ ਐਲਾਨ ਕੀਤਾ ਹੈ।

ਇਹ ਨਵੇਂ ਫੀਚਰ ਯੂਜ਼ਰਸ ਨੂੰ ਭੁਗਤਾਨ ਅਤੇ ਵਿੱਤੀ ਸਾਧਨਾਂ ਦੀ ਵਰਤੋਂ ਕਰਨ ਵਿਚ ਸਰਲਤਾ ਲਿਆਉਣਗੀਆਂ। UPI ਸਰਕਲ NPCI ਦਾ ਇੱਕ ਨਵਾਂ ਫੀਚਰ ਹੈ, ਜੋ UPI ਖਾਤਾ ਧਾਰਕਾਂ ਨੂੰ ਭਰੋਸੇਯੋਗ ਲੋਕਾਂ ਨੂੰ ਡਿਜੀਟਲ ਭੁਗਤਾਨ ਕਰਨ ਦੀ ਇਜਾਜ਼ਤ ਦਿੰਦਾ ਹੈ, ਭਾਵੇਂ ਉਨ੍ਹਾਂ ਕੋਲ ਬੈਂਕ ਖਾਤਾ ਨਾ ਵੀ ਹੋਵੇ। ਨਵੇਂ ਫੀਚਰਸ ਤਹਿਤ ਜਿਨ੍ਹਾਂ ਕੋਲ੍ਹ ਬੈਂਕ ਖਾਤਾ ਜਾਂ Google Pay ਦਾ ਕੋਈ ਖਾਤਾ ਨਹੀਂ ਹੈ, ਹੁਣ ਉਹ ਵੀ UPI ਜ਼ਰੀਏ ਭੁਗਤਾਨ ਕਰ ਸਕਣਗੇ।

ਵਿਸ਼ੇਸ਼ ਅਧਿਕਾਰ ਤਹਿਤ ਇਸ ਸਹੂਲਤ ਦਾ ਲਾਭ ਪ੍ਰਾਪਤ ਹੋ ਸਕਦਾ ਹੈ। ਵਿਸ਼ੇਸ਼ ਅਧਿਕਾਰ ਪ੍ਰਾਪਤ ਕਰਨ ਤੋਂ ਬਾਅਦ ਯੂਜ਼ਰ 15,000 ਰੁਪਏ ਤੱਕ ਦੀ ਮਹੀਨਾਵਾਰ ਸੀਮਾ ਪ੍ਰਾਪਤ ਕਰ ਸਕਦੇ ਹਨ। ਇਹ ਫੀਚਰ ਨੈਸ਼ਨਲ ਪੇਮੈਂਟਸ ਕਾਰਪੋਰੇਸ਼ਨ ਆਫ ਇੰਡੀਆ (NPCI) ਦੇ ਨਾਲ ਸਾਂਝੇਦਾਰੀ ਵਿੱਚ ਲਾਂਚ ਕੀਤਾ ਗਿਆ ਹੈ।

# ਇਹ ਸੂਰਜ ਵਾਂਗ ਹੋ ਜਾਂਦੈ

ਇਹ ਸੂਰਜ ਵਾਂਗ ਹੋ ਜਾਂਦੈ, ਹਮੇਸ਼ਾਂ ਜ਼ਾਹਰ ਵੀਰਾ ਜੀ।
ਸ਼ਰਾਫਤ ਹੇਠ ਨਹੀਂ ਲੁਕਦਾ, ਕਦੇ ਕਿਰਦਾਰ ਵੀਰਾ ਜੀ।

ਇਹ ਮੋਮੋਠਗਣੀਆਂ ਗੱਲਾਂ ਦੇ ਸਾਨੂੰ ਅਰਥ ਆਉਂਦੇ ਨੇ,
ਸਫ਼ਾਈ ਦੇਣ ਕਿਓਂ ਲੱਗਦੇ, ਤੁਸੀ ਹਰ ਵਾਰ ਵੀਰਾ ਜੀ।

ਜੇ ਇੱਜ਼ਤ ਮਾਣ ਚਾਹੀਦਾ, ਤਾਂ ਸਿਖ ਔਕਾਤ ਵਿਚ ਰਹਿਣਾ,
ਨਾ ਐਵੇਂ ਮਾਣ ਮਰਿਯਾਦਾ, ਦੀ ਟੱਪ ਦੀਵਾਰ ਵੀਰਾ ਜੀ।

ਅਸੀਂ ਐਨੇ ਵੀ ਨਾ ਭੋਲ਼ੇ, ਕਿ ਤੇਰੀ ਨੀਤ ਨਾ ਪੜ੍ਹੀਏ,
ਅਸਾਂ ਨੇ ਜੰਮਿਆਂ ਕੁੱਖੋਂ, ਹੈ ਕੁਲ ਸੰਸਾਰ ਵੀਰਾ ਜੀ।

ਇਹ ਸਾਰੇ ਪਿੰਜਰੇ ਜਗ ਤੇ, ਬਣੇ ਚਿੜੀਆਂ ਦੀ ਖਾਤਿਰ ਹੀ,
ਅਸਾਂ ਚਿੜੀਆਂ ਨੂੰ ਕਰਨਾ ਹੈ, ਤਦੇ ਓਡਾਰ ਵੀਰਾ ਜੀ।

ਤੇਰੇ ਤੋਂ ਸੇਕ ਚੰਡੀ ਦਾ, ਰਤਾ ਵੀ ਸਹਿ ਨਹੀਂ ਹੋਣਾ,
ਕਿ ਪਲ ਵਿਚ ਦੇਖਿਓ ਹੁੰਦੇ, ਹੋ ਠੰਡੇ ਠਾਰ ਵੀਰਾ ਜੀ।

ਹਮੇਸ਼ਾਂ ਤੋਂ ਕਿਓਂ ਸਾਨੂੰ, ਹੀ ਦੇਵੋਂ ਦਾਨ ਅਕਲਾਂ ਦਾ,
ਕਦੇ ਆਪਣੇ ਤੇ ਪਾ ਦੇਖੋ, ਅਕਲ ਦਾ ਭਾਰ ਵੀਰਾ ਜੀ।

ਪੜ੍ਹਾਵੇਂ ਪਾਠ ਉਲਫ਼ਤ ਦਾ, ਤੂੰ ਝਾਕੇਂ ਬਾਰੀਆਂ ਕੰਨੀ,
ਤੇ ਖੁੱਲ੍ਹੇ 'ਜੀਤ' ਨੇ ਰੱਖੇ ਜਦੋਂ ਇਹ ਬਾਰ ਵੀਰਾ ਜੀ।

**ਲੇਖਕ : ਜੀਤ ਸੁਰਜੀਤ ਬੈਲਜੀਅਮ**

# ਕਾਵਿ ਕਿਆਰੀ

## ਯੂ ਟਰਨ

ਆਪੇ ਥੁੱਕ ਕੇ ਗਿਆ ਚੱਟ ਆਪੇ,
ਆਪੇ ਸੁੱਟ ਸਾਰੇ ਹਥਿਆਰ ਗਿਆ॥
ਕਿਲ੍ਹਾ ਉਸਾਰ ਕੇ ਇੱਟਾਂ ਕੱਚੀਆਂ ਦਾ,
ਹੱਥੀਂ ਆਪੇ ਝੱਲ ਖਿਲਾਰ ਗਿਆ।

ਬਿਨ ਵਿਉਂਤੀ ਖੋਲ੍ਹ ਦੁਕਾਨ ਆਪੇ,
ਬੰਦ ਕਰਕੇ ਛੱਡ ਬਜ਼ਾਰ ਗਿਆ।
ਇੱਕ ਬਣਾ ਕੇ ਇੱਕ ਢਾਹ ਦੇਵੇ,
ਕਿੱਥੋਂ ਕਰਨਾ ਸਿੱਖ ਵਪਾਰ ਗਿਆ।

ਹੱਥੋ ਚੜ੍ਹ ਬਿਗਾਨੇ ਦੂਰ ਹੋਇਆ,
ਭੁੱਲ ਆਪਣਿਆਂ ਦੀ ਸਾਰ ਗਿਆ।
ਸਭ ਦਾਅਵੇ ਨਿੱਕਲ ਗਏ ਝੂਠੇ,
ਸੀ ਜੋ ਜੋ ਕਰ ਇਕਰਾਰ ਗਿਆ।

ਗੱਦੀ ਸੇਠ ਦੀ ਉੱਤੇ ਬੈਠ 'ਭਗਤਾ',
ਪਾ ਕਰਜ਼ਾ ਮਾਰ ਡਕਾਰ ਗਿਆ।
ਕੰਮ ਦਿਸਿਆ ਨਾ ਜਦ ਪੂਰ ਚੜ੍ਹਦਾ,
ਝੱਟ ਯੂ ਟਰਨ ਮਾਰ ਗਿਆ।

**ਲੇਖਕ : ਬਰਾੜ-ਭਗਤਾ ਭਾਈ ਕਾ, ਸੰਪਰਕ : 001-604-751-1113**

# ਗਰਦਿਸ਼

ਉਹ ਜੋ ਉਸ ਦਿਨ ਲਾਲ ਹਨ੍ਹੇਰੀ ਝੁੱਲੀ ਸੀ,
ਅੰਦਰੋ ਅੰਦਰੀ ਚੰਨ ਸੂਰਜ ਟਕਰਾਏ ਸਨ।
ਬਾਹਰੋਂ ਤਾਂ ਸੀ ਲੱਗਾ ਦੋਸ਼ ਬਹਾਰਾਂ ਤੇ।
ਬੇਦੋਸ਼ੇ ਰੁੱਖਾਂ ਨੂੰ ਲੰਮੀ ਕੈਦ ਮਿਲੀ,
ਪੱਤੇ ਦਰਦ ਲਿਖਾ ਕੇ ਆਪਣੇ ਸੀਨੇ ਤੇ,
ਕਾਸਦ ਬਣ ਬਣ ਗਲ਼ੀਆਂ ਦੇ ਵਿੱਚ ਰੁਲਦੇ ਰਹੇ।

ਖੁੱਲ੍ਹੇ ਸਬਜ਼ ਮੈਦਾਨਾਂ ਉੱਤੇ ਗਰਮ ਲਹੂ,
ਰਾਤ ਜਿਵੇਂ ਕੋਈ ਸਾਜ਼ਿਸ਼ ਕਰਕੇ ਛਿੜਕ ਗਈ।
ਜੰਗਲ ਵਿੱਚ ਤਾਂ ਸ਼ਾਸਨ ਸੀ ਅਫ਼ਵਾਹਾਂ ਦਾ,
ਵਿਹਲ ਕਿਨ੍ਹੂੰ ਸੀ ਵਿਹਲੇ ਦਰਦ ਫ਼ਰੋਲਣ ਦੀ।
ਕੰਡਾ ਕੰਡਾ ਸੂਲੀ ਉੱਤੇ ਟੰਗਿਆ ਸੀ
ਏਸ ਫ਼ਿਜ਼ਾ ਵਿੱਚ ਫੁੱਲਾਂ ਨੇ ਕੀ ਖਿੜਨਾ ਸੀ।
ਹਰ ਦਸਤਕ ਤੇ ਕੰਬਦੀਆਂ ਸੀ ਕੰਧਾਂ ਵੀ,
ਮੌਤ ਬੋਲਦੀ ਕਾਵਾਂ ਵਾਂਗ ਬਨੇਰੇ 'ਤੇ,
ਕਾਂਗ ਲਹੂ ਦੀ ਰੋੜ੍ਹ ਲੈ ਗਈ ਕਈਆਂ ਨੂੰ,
ਜੀਊਂਦੇ ਸੀ ਜੋ, ਖੌਰੇ ਕਿੰਨੀ ਵਾਰ ਮਰੇ।

ਤੇਜ਼ ਕਦੀ, ਮੱਠੀ ਇਹ ਹੁੰਦੀ ਖੇਡ ਰਹੀ,
ਚੰਨ ਵੀ ਹੁਣ ਆਪਣੀ ਥਾਵੇਂ ਮੁਸਕਾਉਂਦਾ ਏ,
ਸੂਰਜ ਵੀ ਬਿਲਕੁਲ ਪਹਿਲਾਂ ਦੇ ਵਾਂਗਰ ਹੀ,
ਨਿੱਤ ਸਰਘੀ ਦਾ ਬੂਹਾ ਆ ਖੜਕਾਉਂਦਾ ਏ।
ਇਸ ਗਰਦਿਸ਼ ਵਿੱਚ ਪਰ ਜੋ ਤਾਰੇ ਟੁੱਟ ਗਏ,
ਕੌਣ ਉਨ੍ਹਾਂ ਦੀ ਥਾਂਵੇਂ ਆ ਕੇ ਚਮਕੇਗਾ।

**ਲੇਖਕ : ਸੁਰਜੀਤ ਸਖੀ**

# ਤੇਰੇ ਸ਼ਹਿਰ ਦੇ

ਕਿਹੋ ਜਿਹੇ ਨੇ ਤੇਰੇ ਸ਼ਹਿਰ ਦੇ ਅਵਾਮ ਸਜਣ।
ਛੁਪਾਕੇ ਰੱਖਦੇ ਨੇ ਕਾਤਲ ਮਿਰੇ ਦਾ ਨਾਮ ਸਜਣ।
ਉਤਰਦੀ ਹੁਣ ਵੀ ਹੈ, ਪਰ ਪਹਿਲੀ ਤਰ੍ਹਾਂ ਸਹਿਜ ਨਹੀਂ,
ਡਰੀ ਡਰੀ ਹੈ ਬੜੀ, ਸਹਿਮੀ ਸਹਿਮੀ ਸ਼ਾਮ ਸਜਣ।
ਬੜਾ ਹੈ ਲੰਬਾ ਸਫ਼ਰ ਰਾਤ ਦੇ ਨੇ ਬਾਰਾਂ ਵਜੇ,
ਕਰੋ ਜਨਾਬ ਦਾ ਕੁਛ ਹੋਰ ਇੰਤਜ਼ਾਮ ਸਜਣ।
ਪੜਾਅ ਤਾਂ ਮੈਂ ਵੀ ਹਾਂ ਤੇਰਾ ਮਗਰ ਨਸੀਬ ਨਹੀਂ,
ਨਵੇਂ ਸਫ਼ਰ ਚ ਤਿਰਾ ਫਿਰ ਵੀ ਹਾਂ ਕਿਆਮ ਸਜਣ।
ਤਮਾਮ ਰਾਤ ਰਹੇ ਟੁੱਟਦਾ ਕੁਛ ਨਾ ਕੁਛ ਦਿਲ 'ਚੋਂ,
ਤਿਰੇ ਬਿਨਾਂ ਵੀ ਜਿਵੇਂ ਨੀਂਦ ਹੈ ਹਰਾਮ ਸਜਣ।
ਕਿਹੋ ਜਿਹੀ ਤਿਰੇ 'ਅਜਮੇਰ' ਨੂੰ ਮਿਲੀ ਹਿਜਰਤ,
ਦਿਨੇ ਹੈ ਚੈਨ, ਤੇ ਨਾ ਹੈ ਰਾਤ ਨੂੰ ਆਰਾਮ ਸਜਣ।

**ਲੇਖਕ : ਅਜਮੇਰ ਗਿੱਲ**

# ਉਲਟਾ ਪੁਲਟਾ

ਰਿਹਾਈ ਮੰਗੀ ਸੀ ਸਿੰਘਾਂ ਬੰਦੀਆਂ ਦੀ
ਉਹਨਾਂ ਕਰਤੀ ਜਮਾਨਤ ਭੰਗੀਆਂ ਦੀ

ਮਾਵਾਂ ਮੁੱਕੀਆਂ ਸਜਾਵਾਂ ਮੁੱਕੀਆਂ ਨਾ
ਉਮਰਾਂ ਛੋਟੀਆਂ ਉਡੀਕਾਂ ਲੰਬੀਆਂ ਸੀ
ਅੰਦਰ ਬੈਠ ਜੋ ਚੰਦਰੇ ਰਹੇ ਰੋਂਦੇ
ਆ ਕੇ ਬਾਹਰ ਉਹ ਕੱਢਦੇ ਦੰਦੀਆਂ ਸੀ

ਕਿਸਮਤ ਕਦੇ ਨਾ ਬਦਲੀ ਪੰਜਾਬ ਤੇਰੀ
ਰਹੇ ਬਦਲਦੇ ਕਾਰਾਂ ਤੇ ਝੰਡੀਆਂ ਸੀ

ਗੰਦ ਵਿਕਦਾ ਵਿਚ ਬਜਾਰ ਅੱਜਕਲ
ਰਹੀ ਕਦਰ ਨਾ ਚੀਜਾਂ ਚੰਗੀਆਂ ਦੀ

ਭਾਈ ਭਾਈ ਨਾ ਮੁੜਕੇ ਕੋਲ ਆਏ
ਉਹਨਾਂ ਪਾਤੀਆਂ ਇੰਨੀਆਂ ਵੰਡੀਆਂ ਸੀ
ਚਾਪਲੂਸੀਆਂ ਰੱਜ ਕੇ ਰਹੇ ਕਰਦੇ
ਹੁਣ ਕਰਦੇ ਉਹਨਾਂ ਦੀਆਂ ਭੰਡੀਆਂ ਜੀ

ਵਾਂਗ ਗਿਰਗਟਾਂ ਰੰਗ ਹੈ ਬਦਲ ਜਾਂਦੀ
ਇਹ ਖੇਡ ਸਿਆਸਤਾਂ, ਗੰਦੀਆਂ ਦੀ

ਡਾਨਸੀਵਾਲੀਆ ਪਹਿਲਾਂ ਈ ਜੋ ਗੰਜੀਆਂ ਸੀ
ਓਹਨਾ ਕਰਨੀਆਂ ਦੱਸ ਹੁਣ ਕੰਘੀਆਂ ਕੀ

**ਲੇਖਕ : ਕੁਲਵੀਰ ਸਿੰਘ ਡਾਨਸੀਵਾਲ**
**ਸੰਪਰਕ : 778 863 2472**

# ਖ਼ੁਦ ਨਾਲ ਕੁਝ ਗੱਲਾਂ

ਬਣ ਗਈ ਏ ਜ਼ਿੰਦਗੀ ਤੂੰ ਖੇਡ ਲੈਣ ਦੇਣ ਦੀ,
ਜਿੰਨਾ ਕੋਈ ਸੁਣਾ ਜਾਵੇ ਦੁੱਗਣਾ ਉਸੇ ਨੂੰ ਕਹਿਣ ਦੀ।

ਗੁਫ਼ਤਗੂ ਖ਼ੁਦ ਨਾਲ ਵੀ ਖ਼ੁਦ ਨੂੰ ਗਵਾਰਾ ਨਾ ਰਹੀ,
ਤਾਕਤ ਬਚੀ ਨਾ ਸੱਚ ਨੂੰ ਜ਼ਰਾ ਕੁ ਹਜ਼ਮ ਕਰ ਲੈਣ ਦੀ।

ਉਦਾਸੀਆਂ ਰੂਹਾਂ ਤੇ ਬੁੱਲ੍ਹੀਆਂ 'ਤੇ ਨਾਟਕੀ ਹਾਸੇ,
ਰਹਿ ਗਿਆ ਏ ਬਾਕੀ ਬੱਸ ਹੁਣ ਪਰਦੇ 'ਤੇ ਪਰਦਾ ਪਾਉਣ ਨੂੰ।

ਸੱਚ ਬੋਲਣਾ ਉਹਦਾ ਚੁਭਦਾ ਹੈ ਬਣਕੇ ਧਾਰ ਵਾਂਗ,
ਸਾਨੂੰ ਝੂਠ ਹੀ ਜਚਦਾ ਬੜਾ ਝੂਠਾ ਜਾ ਮਨ ਪਰਚਾਉਣ ਨੂੰ।

ਤਸਕਰੀ ਤਸੱਲੀਆਂ ਤੇ ਚਾਪਲੂਸੀਆਂ ਚਮਕਦੀਆਂ,
ਲਾਉਂਦੀਆਂ ਨੇ ਜ਼ੋਰ ਦੀਪ ਆਸਾਂ ਦੇ ਬੁਝਾਉਣ ਨੂੰ।

ਰਹਿਣ ਦੇ ਤੂੰ ਝਾਤੀਆਂ ਅੰਤਰ ਆਤਮੇ ਮਾਰਨੀਆਂ,
ਕੋਈ ਤਾਂ ਰੱਖ ਲੈ ਆਪਣਾ ਕੁਝ ਪਲ ਕੁ ਸੀਨੇ ਲਾਉਣ ਨੂੰ।

**ਲੇਖਕ : ਅੰਮ੍ਰਿਤਪਾਲ ਕੌਰ, ਸੰਪਰਕ: 62849-10091**

# ਅਗਲੇ ਸਾਲ

ਅਗਲੇ ਸਾਲ ਵੀ ਕੱਤਕ ਕੂੰਜਾਂ ਆਉਣਗੀਆਂ।
ਇਹ ਕੁੜੀਆਂ ਤਾਂ ਏਦਾਂ ਹੀ ਕੁਰਲਾਉਣਗੀਆਂ।
ਪਾ ਆਈਆਂ ਨੇ ਕੁੜੀਆਂ ਨਦੀ ਦੇ ਕੰਢੇ ਘਰ,
ਛੱਲਾਂ ਨੇ ਬੇਦਰਦ ਉਹ ਆ ਕੇ ਢਾਹੁਣਗੀਆਂ।

ਧੀਆਂ ਕੋਲ ਤਾਂ ਅੱਜ ਦਾ ਨਕਸ਼ਾ ਹੁੰਦਾ ਹੈ,
ਮਾਵਾਂ ਤਾਂ ਬੱਸ ਕੱਲ੍ਹ ਦੀ ਗੱਲ ਸਮਝਾਉਣਗੀਆਂ।
ਇਹ ਚਿੜੀਆਂ ਜੋ ਸ਼ੀਸ਼ੇ ਨਾਲ ਨੇ ਲੜ ਰਹੀਆਂ,
ਆਪਣੇ ਹੀ ਇਹ ਖ਼ੂਨ 'ਚ ਖੰਭ ਰੰਗਾਉਣਗੀਆਂ।

ਇਹਨਾਂ ਦੇ ਦਿਲ ਅੰਦਰ ਬਹੁਤ ਉਦਾਸੀ ਹੈ,
ਕੁੜੀਆਂ ਗਿੱਧੇ ਵਿੱਚ ਧਮਾਲਾਂ ਪਾਉਣਗੀਆਂ।
ਹੰਝੂਆਂ ਦੇ ਕਿਰਦਾਰ ਦਾ ਕੁੜੀਓ ਕੀ ਕਹਿਣਾ,
ਇਹ ਅੱਖਾਂ ਨੇ ਕਿੱਦਾਂ ਦਰਦ ਲੁਕਾਉਣਗੀਆਂ।

ਬੱਦਲਾਂ ਤਾਈਂ ਕੁਝ ਕੁਝ ਸੰਗ ਤਾਂ ਆਏਗੀ,
ਰੇਤਾ ਦੇ ਵਿੱਚ ਜਦ ਵੀ ਚਿੜੀਆਂ ਨ੍ਹਾਉਣਗੀਆਂ।
'ਸਿਦਕ' ਜਿਹਨਾਂ ਨੂੰ ਮੋਈਆਂ ਮਰਨੀਆਂ ਕਹਿੰਦੇ ਨੇ,
ਇਹ ਕੁੜੀਆਂ ਹੀ ਚੰਨ ਤੇ ਪੈੜਾਂ ਪਾਉਣਗੀਆਂ।

**ਲੇਖਕ : ਸੁਰਿੰਦਰ ਸਿਦਕ**

# ਜੰਗਾਂ

ਕਿਤੇ ਗੋਲਿਆਂ ਦਾ ਸ਼ੋਰ ਹੈ,
ਇਹ ਤਾਕਤਾਂ ਦਾ ਖੋਰ ਹੈ।
ਚੁੱਪ ਜਿਉਂ ਮਸਾਣਾਂ ਜਹੀ,
ਕੋਈ ਚੀਕ ਜਿਉਂ, ਮਕਾਣਾਂ ਜਹੀ।
ਡਰ ਲੱਗੇ ਆਵੇ ਝੁਣਝੁਣੀ,
ਸਦਾ ਮੌਤ ਦੀ ਅਣ ਸੁਣੀ।
ਜਦ ਟੈਂਕ ਨੇ ਦਹਾੜਦੇ,
ਸੰਧੂਰ ਨੇ ਲਤਾੜਦੇ।
ਰੱਖੜੀ ਦੇ ਥਾਲ ਤਿਲ੍ਹਕਦੇ,
ਮਾਂਵਾਂ ਦੇ ਹਿਰਦੇ ਵਿਲਕਦੇ।
ਰੱਬ ਦਾ ਵੀ ਸੀਨਾ ਪਾਟਦਾ,
ਸੁਣ ਰੋਣਾ ਨਿੱਕੇ ਜਵਾਕ ਦਾ।
ਸਭ ਤਹਿਸ ਨਹਿਸ ਹੋ ਰਿਹਾ,
ਮਨੁੱਖ ਹਉਮੈ ਜੋਅ ਰਿਹਾ।
ਇਹ ਸਾਮਰਾਜੀ ਬਸਤੀਆਂ,
ਤੇ ਜਾਨਾਂ ਰੋਟੀਉਂ ਸਸਤੀਆਂ।

**ਲੇਖਕ : ਬਲਵਿੰਦਰ ਸਿੰਘ ਕਾਹਲੋਂ**
**ਸੰਪਰਕ: 9814926034**

# ਪਾਣੀ

ਧਰਤੀ ਸਾਡੀ ਰਹਿਣ ਬਸੇਰਾ,
ਪਰ ਪਾਣੀ ਬਿਨ ਘੋਰ ਹਨੇਰਾ।
ਗੰਦਾ ਕਰੀ ਜਾਂਦਾ ਤੂੰ ਬੰਦਿਆ,
ਕਰਕੇ ਆਪਣਾ ਵੱਡਾ ਜੇਰਾ।
ਅਕਲ ਤੇਰੀ ਪਰ ਲਾ ਕੇ ਉੱਡ ਗਈ,
ਪਾਣੀ ਬਿਨ ਨੀ ਸਰਨਾ ਤੇਰਾ।
ਨਵੀਂ ਨਸਲ ਦਾ ਘਾਣ ਕਰੇਂਦਾ,
ਲਾਹਣਤਾਂ ਤੈਨੂੰ ਪਾਉਣਾ ਘੇਰਾ।
ਸਾਇੰਸ ਤਰੱਕੀ ਕੀਤੀ ਵਾਧੂ,
ਪਰ ਪਾਣੀ ਨਾ ਬਣਿਆ ਤੇਰਾ।
ਹੈ ਜੀਵਨ ਦੀ ਜਾਨ ਇਹ ਪਾਣੀ,
ਫਿਰ ਸਿਰ ਹੈ ਕਿਉਂ ਫਿਰਿਆ ਤੇਰਾ?
ਧਰਤੀ ਸਾਰੀ ਬੰਜਰ ਹੋ ਜੂ,
ਜਿਸ ਦਿਨ ਰਿਹਾ ਨਾ ਪਾਣੀ ਤੇਰਾ।
ਇਹ ਅਨਮੁੱਲ ਸੌਗਾਤ ਕੁਦਰਤੀ,
ਰੋੜੀ ਜਾਵੇਂ ਖਾਲ ਬਥੇਰਾ।
ਘੂਰ ਰਿਹਾ ਹੈ ਕਾਲ ਅਸਾਡਾ,
ਮੌਤ ਨੇ ਆ ਕੇ ਪਾਉਣਾ ਘੇਰਾ।
ਅੱਜ ਬੋਤਲ ਹੈ ਲਗਦੀ ਸਸਤੀ,
ਮੁੱਕੂ 'ਸੁੱਖਿਆ' ਰੋਊ ਬਥੇਰਾ।

**ਲੇਖਕ : ਸੁਖਦੇਵ ਸਿੰਘ**

# ਗੁਜ਼ਰੀ ਉਮਰ

ਗੁਜ਼ਰੀ ਉਮਰ ਨਾ ਖਾ ਖਾ ਰੱਜਿਆ ਵਾਂਗ ਗੰਡੋਇਆਂ ਮਿੱਟੀ ।
ਖ਼ਬਰੇ ਸਭ ਸਿਆਪੇ ਮੁੱਕਣ ਓੜਕ ਹੋਇਆਂ ਮਿੱਟੀ ।

ਪਵੇ ਜੇ ਪੱਥਰ ਉੱਤੇ ਪਾਣੀ ਪੱਥਰ ਵੀ ਖੁਰ ਜਾਂਦਾ,
ਕਿਹੜੀ ਮਿੱਟੀ ਅੱਖ ਨੂੰ ਲੱਗੀ, ਖੁਰੀ ਨਾ ਰੋਇਆਂ ਮਿੱਟੀ ।

ਮੇਰੇ ਜੀਵਨ ਦੀ ਮਾਲਾ ਦਾ ਮਣਕਾ ਮਣਕਾ ਕੱਚਾ,
ਹੌਲੀ ਹੌਲੀ ਹੋ ਜਾਣਾ ਏ ਦਰਦ ਪਰੋਇਆਂ ਮਿੱਟੀ ।

ਸੁੱਕੀ ਢੀਮ ਹਿਆਤੀ ਦੇ ਦਰਿਆ ਵਿਚ ਗੋਤੇ ਖਾਵੇ,
ਔਖੇ ਸਾਹ ਲੈਂਦੀ ਏ ਪਾਣੀ ਵਿੱਚ ਡਬੋਇਆਂ ਮਿੱਟੀ ।

ਕਣਕ, ਕਮਾਦ, ਜਵਾਰ ਕਪਾਹਵਾਂ ਮੁੰਜੀ, ਮੋਠ ਤੇ ਮੇਥੇ,
ਹੋ ਜਾਣਾ ਬਰਸੀਨ ਛਟਾਲਾ, ਸੌਂਫ਼ ਤੇ ਸੋਇਆਂ ਮਿੱਟੀ ।

ਆਦਮ ਦਾ ਬੁੱਤ ਬਣਦੇ ਸਾਰ ਈ ਨੂਰੀ ਬੋਲ ਪਏ ਸਨ,
'ਅਨਵਰ' ਸਾਡੀ ਫੇਰ ਦਿਸੀ ਅਸਲੀਅਤ ਢੋਇਆਂ ਮਿੱਟੀ ।

**ਲੇਖਕ : ਅਨਵਰ ਅਨੀਕ**

# ਗ਼ਜ਼ਲ

ਹਰ ਰਿਸ਼ਤੇ ਨੇ ਭੇੜ ਲਈ ਜਦ ਸਾਂਝਾਂ ਵਾਲੀ ਬਾਰੀ।
ਯਾਦ ਤੇਰੀ ਫਿਰ ਬੁੱਕਲ ਦੇ ਵਿਚ, ਲੈ ਕੇ ਰਾਤ ਗੁਜ਼ਾਰੀ।

ਮਨ ਦੀ ਕਾਇਆ ਅੰਦਰ, ਕਿੰਨੇ ਬਿਫਰੇ ਮਾਰੂਥਲ ਨੇ,
ਰੂਹ ਦੇ ਮਾਨਸਰੋਵਰ ਉੱਤੇ, ਦਰਦਾਂ ਦੀ ਸਿਕਦਾਰੀ।

ਮੈਂ ਨ੍ਹੇਰੇ ਦਾ ਪਰਦਾ ਕਰਕੇ, ਖ਼ੁਦ ਨੂੰ ਰਾਤੀਂ ਮਿਲਿਆ
ਦਿਨ ਚੜ੍ਹਦੇ ਨੂੰ ਸਜ ਗਈ, ਮੇਰੇ ਮੱਥੇ 'ਤੇ ਬਦਕਾਰੀ।

ਬਚਦੇ ਸਾਹਾਂ ਤੀਕਰ ਇਹਨਾਂ, ਮਾਰਗ ਦਰਸ਼ਨ ਕਰਨਾ,
ਵਿੱਚ ਵਫ਼ਾ ਦੇ ਮਿਲ ਗਏ ਜਿਹੜੇ, ਤਮਗ਼ੇ ਭਾਰੀ ਭਾਰੀ।

ਇਨ੍ਹਾਂ ਦਾ ਵਖਿਆਨ ਕਰਨ ਲਈ ਸ਼ਬਦ ਕਿਤੋਂ ਨਾ ਮਿਲਿਆ,
ਸੱਜਣ ਤੇਰੇ ਹਾਸੇ ਵਰਗੇ ਲੱਭਣ ਰੰਗ ਲਲਾਰੀ।

ਵਸਿਆ ਜਿਹੜਾ ਵਿੱਚ ਸਮੁੰਦਰ, ਮੈਂ ਪੱਖੋ ਉਹ ਟਾਪੂ,
ਦੁਨੀਆਦਾਰੀ ਤੋਂ ਨਾਵਾਕਿਫ਼, ਅੰਬਰ ਦੇ ਨਾਲ ਯਾਰੀ।

**ਲੇਖਕ : ਜਗਤਾਰ ਪੱਖੋ**
**ਸੰਪਰਕ: 94651-96946**

# ਨਾਰੀ ਸੰਸਾਰ



## ਜ਼ਿੰਦਗੀ ਨੂੰ ਮਾਣੋ ਨਾ ਕਿ ਬਤੀਤ ਨਾ ਕਰੋ

**ਲੇਖਕ : ਕੈਲਾਸ਼ ਚੰਦਰ ਸ਼ਰਮਾ, ਸੰਪਰਕ: 98774-66607**

ਹਰ ਵਿਅਕਤੀ ਜ਼ਿੰਦਗੀ ਨੂੰ ਆਪੋ-ਆਪਣੇ ਨਜ਼ਰੀਏ ਨਾਲ ਵੇਖਦਾ ਹੈ। ਕੋਈ ਸਮਝਦਾ ਹੈ ਕਿ ਜ਼ਿੰਦਗੀ ਇਕ ਖੇਡ ਹੈ ਅਤੇ ਕੋਈ ਇਸਨੂੰ ਪਰਮਾਤਮਾ ਵੱਲੋਂ ਮਿਲਿਆ ਤੋਹਫ਼ਾ ਮੰਨਦਾ ਹੈ। ਕਿਸੇ ਦੀ ਨਜ਼ਰ ਵਿਚ ਇਹ ਜੀਵਨ ਯਾਤਰਾ ਹੈ, ਜਿਸ ਵਿਚ ਗ਼ਮ, ਖੇੜੇ ਅਨੁਭਵ, ਕਲਪਨਾ, ਲੋਭ, ਲਾਲਚ ਖ਼ੁਦਗਰਜ਼ੀ, ਨਫ਼ਰਤ ਅਤੇ ਪਿਆਰ ਆਦਿ ਜਜ਼ਬਾਤਾਂ ਦਾ ਕਾਫ਼ਲਾ ਨਿਰਵਿਘਨ ਚੱਲਦਾ ਰਹਿੰਦਾ ਹੈ। ਜਿਸ ਨਜ਼ਰੀਏ ਨਾਲ ਅਸੀਂ ਜੀਵਨ ਨੂੰ ਵੇਖਦੇ ਹਾਂ, ਉਸੇ ਤਰ੍ਹਾਂ ਦਾ ਇਹ ਮਹਿਸੂਸ ਹੋਣ ਲੱਗਦਾ ਹੈ। ਰੋ ਕੇ ਜਿਊਣ ਨਾਲ ਜ਼ਿੰਦਗੀ ਦੁਖਦਾਈ ਪਲਾਂ ਦੀ ਇਕ ਲੰਮੀ ਮਾਲਾ ਲੱਗਦੀ ਹੈ, ਪਰ ਹੱਸ ਕੇ ਜਿਊਣ ਨਾਲ ਇਹ ਕਦੋਂ ਪੂਰੀ ਹੋ ਜਾਂਦੀ ਹੈ, ਪਤਾ ਹੀ ਨਹੀਂ ਲੱਗਦਾ। ਅਜੋਕਾ ਮਨੁੱਖ ਗਿਆਨ ਦੇ ਸਾਗਰ ਵਿਚ ਡੁੱਬ ਕੇ ਵੀ ਹਨੇਰੇ ਵਿਚ ਹੀ ਗੋਤੇ ਖਾਈ ਜਾ ਰਿਹਾ ਹੈ। ਉਹ ਸਿਰਫ਼ ਦੌੜ ਰਿਹਾ ਹੈ ਕਦੇ ਸਫਲਤਾ ਪਿੱਛੇ, ਕਦੇ ਦੂਸਰਿਆਂ ਪਿੱਛੇ ਅਤੇ ਕਦੇ ਆਪਣੀਆਂ ਲਾਲਸਾਵਾਂ ਪਿੱਛੇ। ਇਸ ਤਰ੍ਹਾਂ ਉਹ ਜੀਵਨ ਦੇ ਅਸਲੀ ਮਕਸਦ ਤੋਂ ਭਟਕ ਰਿਹਾ ਹੈ। ਉਹ ਜ਼ਿੰਦਗੀ ਜੀਅ ਤਾਂ ਰਿਹਾ ਹੈ, ਪਰ ਇਸਨੂੰ ਮਾਣ ਨਹੀਂ ਰਿਹਾ। ਜ਼ਿੰਦਗੀ ਸਾਡੇ ਅਨੁਸਾਰ ਹੀ ਚੱਲੇ ਇਹ ਕਦੇ ਨਹੀਂ ਹੋ ਸਕਦਾ, ਪਰ ਕੁਝ ਹੱਦ ਤਕ ਜ਼ਿੰਦਗੀ ਨੂੰ ਮਾਣਨਾ ਸਾਡੇ 'ਤੇ ਵੀ ਨਿਰਭਰ ਕਰਦਾ ਹੈ। ਜ਼ਿੰਦਗੀ ਦਾ ਆਨੰਦ ਮਾਣਨ ਲਈ ਜ਼ਰੂਰੀ ਹੈ ਕਿ ਅਸੀਂ ਆਪਣੇ-ਆਪ ਤੋਂ ਜਾਣੂ ਹੋਈਏ। ਜ਼ਿੰਦਗੀ ਨੂੰ ਓਹੀ ਮਾਣ ਸਕਦੇ ਹਨ ਜੋ ਆਪਣੇ ਜਨਮ ਅਤੇ ਮੌਤ ਵਿਚਲੇ ਸਮੇਂ ਨੂੰ ਭਰਪੂਰ ਹਾਸੇ ਅਤੇ ਪ੍ਰੇਮ ਨਾਲ ਭਰ ਦੇਣ ਕਿਉਂਕਿ ਪ੍ਰੇਮ ਅਤੇ ਹੱਸਣਾ ਅਜਿਹੀਆਂ ਭਾਵਨਾਵਾਂ ਹਨ ਜੋ ਵਿਅਕਤੀ ਨੂੰ ਅੰਦਰੂਨੀ ਤੌਰ 'ਤੇ ਖ਼ੁਸ਼ਹਾਲ ਹੋਣ ਵੱਲ ਇਸ਼ਾਰਾ ਕਰਦੀਆਂ ਹਨ। ਜ਼ਿੰਦਗੀ ਵਿਚ ਬੁਰੇ ਹਾਲਾਤ ਨੂੰ ਪਾਰ ਕਰਨ ਤੋਂ ਬਿਨਾਂ ਕੋਈ ਵੀ ਮਨੁੱਖ ਜ਼ਿੰਦਗੀ ਦੀਆਂ ਉੱਚਾਈਆਂ ਪ੍ਰਾਪਤ ਨਹੀਂ ਕਰ ਸਕਦਾ। ਇਸ ਲਈ ਜ਼ਿੰਦਗੀ ਵਿਚ ਆਈਆਂ ਮੁਸ਼ਕਲਾਂ ਬਾਰੇ ਜ਼ਿਆਦਾ ਨਾ ਸੋਚੋ ਬਲਕਿ ਇਨ੍ਹਾਂ ਦਾ ਮੁਕਾਬਲਾ ਕਰਨ ਲਈ ਤਿਆਰ ਰਹੋ। ਲਾਪਰਵਾਹੀ ਨਹੀਂ ਬੇਫ਼ਿਕਰੀ ਜ਼ਿੰਦਗੀ ਦਾ ਖ਼ੂਬਸੂਰਤ ਗਹਿਣਾ ਹੈ। ਜ਼ਿੰਦਗੀ ਵਿਚ ਸੁੱਖ ਵੀ ਬਹੁਤ ਹਨ ਅਤੇ ਪਰੇਸ਼ਾਨੀਆਂ ਵੀ ਬਹੁਤ ਹਨ। ਲਾਭ ਵੀ ਹਨ ਅਤੇ ਹਾਨੀਆਂ ਵੀ। ਇਹ ਕਦੇ ਨਾ ਸੋਚੋ ਕਿ ਪਰਮਾਤਮਾ ਨੇ ਗ਼ਮ ਸਾਡੀ ਹੀ ਝੋਲੀ ਵਿਚ ਪਾਏ ਹਨ ਬਲਕਿ ਇਹ ਵੀ ਯਾਦ ਰੱਖੋ ਕਿ ਪਰਮਾਤਮਾ ਦੀਆਂ ਮਿਹਰਬਾਨੀਆਂ ਵੀ ਸਾਡੇ 'ਤੇ ਬਹੁਤ ਹਨ। ਇਹ ਮੁਮਕਿਨ ਨਹੀਂ ਕਿ ਜ਼ਿੰਦਗੀ ਹਰ ਵਕਤ ਸਾਡੇ 'ਤੇ ਮਿਹਰਬਾਨ ਹੀ ਰਹੇ, ਜ਼ਿੰਦਗੀ ਦੇ ਕੁਝ ਪਲ ਸਾਨੂੰ ਤਜਰਬਾ ਵੀ ਸਿਖਾਉਂਦੇ ਹਨ। ਜ਼ਿੰਦਗੀ ਦਾ ਆਨੰਦ ਲੈਣ ਲਈ ਦੋ ਸ਼ਕਤੀਆਂ ਦੀ ਜ਼ਰੂਰਤ ਹੁੰਦੀ ਹੈ। ਇਕ ਸਹਿਣਸ਼ਕਤੀ ਅਤੇ ਦੂਜੀ ਸਮਝ-ਸ਼ਕਤੀ। ਜਿਸ ਵਿਅਕਤੀ ਕੋਲ ਇਹ ਦੋਵੇਂ ਸ਼ਕਤੀਆਂ ਭਰਪੂਰ ਹਨ, ਉਸਨੂੰ ਜ਼ਿੰਦਗੀ ਮਾਣਨ ਤੋਂ ਕੋਈ ਨਹੀਂ ਰੋਕ ਸਕਦਾ। ਜੋ ਕੁਝ ਵੀ ਜ਼ਿੰਦਗੀ ਵਿਚ ਤੁਹਾਡੀ ਮਰਜ਼ੀ ਨਾਲ ਨਹੀਂ ਹੋ ਰਿਹਾ, ਉਹ ਪਰਮਾਤਮਾ ਦੀ ਮਰਜ਼ੀ ਦਾ ਹੋ ਰਿਹਾ ਹੈ ਹੁੰਦਾ ਹੈ ਅਤੇ ਜੋ ਵੀ ਪਰਮਾਤਮਾ ਦੀ ਮਰਜ਼ੀ ਨਾਲ ਹੋਵੇ ਉਹ ਕਦੇ ਗ਼ਲਤ ਨਹੀਂ ਹੁੰਦਾ। ਇਸ ਲਈ ਕਦੇ ਵੀ ਨਿਰਾਸ਼ ਨਾ ਹੋਵੇ ਅਤੇ ਜ਼ਿੰਦਗੀ ਦੇ ਰੰਗ ਕਦੇ ਵੀ ਫਿੱਕੇ ਨਾ ਪੈਣ ਦਿਓ। ਕਹਿੰਦੇ ਹਨ ਜ਼ਿੰਦਗੀ ਜ਼ਿੰਦਾਦਿਲੀ ਦਾ ਨਾਂ ਹੈ, ਭਾਵ ਜ਼ਿੰਦਗੀ ਕੱਟਣੀ ਨਹੀਂ ਸਗੋਂ ਮਾਣਨੀ ਚਾਹੀਦੀ ਹੈ। ਜ਼ਿਆਦਾਤਰ ਲੋਕ ਮੋਹ-ਮਾਇਆ ਵਿਚ ਫਸ ਕੇ ਜੀਵਨ ਦਾ ਆਨੰਦ ਮਾਣਨ ਤੋਂ ਵਾਂਝੇ ਰਹਿ ਜਾਂਦੇ ਹਨ। ਅਜਿਹੇ ਲੋਕਾਂ ਨੂੰ ਸਮਝਣਾ ਚਾਹੀਦਾ ਹੈ ਕਿ ਜ਼ਿੰਦਗੀ ਦੀਆਂ ਖ਼ੁਸ਼ੀਆਂ-ਖੇੜੇ ਐਵੇਂ ਨਹੀਂ, ਸਗੋਂ ਛੋਟੀਆਂ-ਛੋਟੀਆਂ ਚੀਜ਼ਾਂ ਵਿਚੋਂ ਲੱਭੇ ਜਾ ਸਕਦੇ ਹਨ। ਇਸ ਲਈ ਇਨ੍ਹਾਂ ਨੂੰ ਲੱਭਣ ਦੀ ਕੋਸ਼ਿਸ਼ ਕਰੋ, ਕੁਝ ਨਜ਼ਰਅੰਦਾਜ਼ ਕਰ ਕੇ ਅਤੇ ਕੁਝ ਭੁੱਲ-ਭੁਲਾ ਕੇ। ਆਪਣੇ ਸੁਪਨਿਆਂ ਨੂੰ ਕਦੇ ਵੀ ਮਰਨ ਨਾ ਦਿਓ। ਇਨ੍ਹਾਂ ਦੀ ਪੂਰਤੀ ਲਈ ਇਕਾਗਰਤਾ ਨਾਲ ਯਤਨ ਕਰਦੇ ਰਹੋ, ਨਹੀਂ ਤਾਂ ਜ਼ਿੰਦਗੀ ਵਿਚ ਪਛਤਾਵੇ ਦੀਆਂ ਸੂਲਾਂ ਚੁੱਭਦੀਆਂ ਰਹਿਣਗੀਆਂ।

ਇਹ ਤੈਅ ਕਰਨ ਵਿਚ ਵਕਤ ਨਾ ਲਗਾਓ ਕਿ ਤੁਸੀਂ ਕੀ ਕਰਨਾ ਹੈ, ਨਹੀਂ ਤਾਂ ਵਕਤ ਤੈਅ ਕਰ ਲੈਂਦਾ ਹੈ ਕਿ ਉਸਨੇ ਕੀ ਕਰਨਾ ਹੈ। ਕਿਸੇ ਕੋਲੋਂ ਬਦਲਾ ਲੈਣ 'ਚ ਹੀ ਆਪਣਾ ਸਮਾਂ ਨਾ ਗੁਆਓ। ਜਿਨ੍ਹਾਂ ਲੋਕਾਂ ਨੇ ਤੁਹਾਡਾ ਦਿਲ ਦੁਖਾਇਆ ਹੈ, ਉਹ ਆਪਣੇ ਕਰਮਾਂ ਨਾਲ ਹੀ ਇਸਦਾ ਜਵਾਬ ਪ੍ਰਾਪਤ ਕਰ ਲੈਣਗੇ। ਨੇਤਰ ਕੇਵਲ ਦ੍ਰਿਸ਼ਟੀ ਪ੍ਰਦਾਨ ਕਰਦੇ ਹਨ। ਅਸੀਂ ਕਿੱਥੇ ਕੀ ਅਤੇ ਕਿਸ ਨਜ਼ਰੀਏ ਨਾਲ ਵੇਖਦੇ ਹਾਂ ਇਹ ਸਾਡੇ ਮਨ ਦੀ ਭਾਵਨਾ 'ਤੇ ਨਿਰਭਰ ਕਰਦਾ ਹੈ। ਇਸ ਭਾਵਨਾ ਨੂੰ ਸਾਕਾਰਾਤਮਕ ਰੱਖੋ। ਜ਼ਿੰਦਗੀ ਨੂੰ ਹੱਸ ਅਤੇ ਮਿਲ-ਜੁਲ ਕੇ ਗੁਜ਼ਾਰੋ, ਪਤਾ ਨਹੀਂ ਕਿੰਨੀ ਕੁ ਬਚੀ ਹੈ। ਜਿੱਥੇ ਨਾਰਾਜ਼ਗੀ ਦੀ ਕੋਈ ਕਦਰ ਨਾ ਹੋਵੇ, ਉੱਥੇ ਨਾਰਾਜ਼ ਹੋਣਾ ਛੱਡ ਦਿਓ। ਕੋਈ ਵੀ ਕਾਰਨ ਹੋਵੇ, ਕੋਈ ਵੀ ਗੱਲ ਹੋਵੇ, ਨਾ ਕਦੇ ਚਿੜੋ ਅਤੇ ਨਾ ਹੀ ਗੁੱਸਾ ਕਰੋ। ਜ਼ੋਰ-ਜ਼ੋਰ ਨਾਲ ਨਾ ਬੋਲੋ ਅਤੇ ਮਨ ਨੂੰ ਸ਼ਾਂਤ ਰੱਖਦੇ ਹੋਏ ਵਿਚਾਰ ਕਰੋ ਅਤੇ ਫ਼ੈਸਲੇ ਲਓ। ਆਵਾਜ਼ ਨਾਲ ਗਿਲ੍ਹੇ ਨਹੀਂ ਮਿਟਦੇ ਬਲਕਿ ਇਹ ਬੁੱਧੀ ਨਾਲ ਮਿਟਦੇ ਹਨ। ਤਕਲੀਫ਼ ਸਿਰਫ਼ ਆਪ ਨੂੰ ਹੀ ਹੋਵੇਗੀ। ਜੇਕਰ ਮਨ ਨੂੰ ਸ਼ਾਂਤ ਰੱਖੋਗੇ ਤਾਂ ਸੁੱਖ ਵੀ ਤੁਹਾਨੂੰ ਹੀ ਮਿਲੇਗਾ। ਜੇ ਤੁਸੀਂ ਸਹੀ ਹੋ ਤਾਂ ਕੁਝ ਵੀ ਸਾਬਤ ਕਰਨ ਦੀ ਕੋਸ਼ਿਸ਼ ਨਾ ਕਰੋ। ਕੇਵਲ ਸਹੀ ਬਣੇ ਰਹੋ। ਗਵਾਹੀ ਵਕਤ ਖ਼ੁਦ ਦੇਵੇਗਾ। ਈਰਖਾ ਨਾ ਰੱਖੋ ਬਲਕਿ ਸਭ ਦੇ ਮਨ ਵਿਚ ਖ਼ੁਸ਼ੀਆਂ ਦੇ ਦੀਵੇ ਬਾਲੋ। ਜੀਵਨ ਵਿਚ ਜਿਸ ਵਿਅਕਤੀ ਕੋਲ ਸ਼ਿਕਾਇਤਾਂ ਸਭ ਤੋਂ ਘੱਟ ਹੋਣ, ਉਹੀ ਆਪਣੀ ਜ਼ਿੰਦਗੀ ਨੂੰ ਮਾਣ ਸਕਦਾ ਹੈ। ਕਿਸੇ ਸਿਆਣੇ ਨੇ ਸੱਚ ਹੀ ਕਿਹਾ ਹੈ: ਸ਼ਿਕਾਇਤ ਕੀ ਆਦਤ ਸਬ ਖੋ ਗਈ ਹੈ, ਖਾਮੋਸ਼ੀਓ ਕੀ ਆਦਤ ਸਬ ਹੋ ਗਈ ਹੈ, ਨਾ ਸ਼ਿਕਵਾ ਰਹਾ ਨਾ ਸ਼ਿਕਾਇਤ ਕਿਸੀ ਸੇ, ਯਹ ਜ਼ਿੰਦਗੀ ਸਬ ਖ਼ੁਸ਼ੀਓ ਕੀ ਹੋ ਗਈ ਹੈ। ਇਕ ਆਨੰਦਮਈ ਜ਼ਿੰਦਗੀ ਬਤੀਤ ਕਰਨ ਵਾਲੇ ਵਿਅਕਤੀ ਨੇ ਆਪਣੇ ਆਨੰਦ ਦਾ ਭੇਦ ਦੱਸਿਆ ਕਿ ਉਸਨੇ ਆਪਣੀ ਜ਼ਿੰਦਗੀ ਦੀ ਗੱਡੀ ਦੇ ਉਹ ਸਾਈਡ ਗਲਾਸ ਹੀ ਹਟਾ ਦਿੱਤੇ ਹਨ, ਜਿਸ ਵਿਚੋਂ ਪਿੱਛੇ ਛੁੱਟ ਗਏ ਰਸਤੇ 'ਤੇ ਬੁਰਾਈ ਕਰਦੇ ਲੋਕ ਨਜ਼ਰ ਆਉਂਦੇ ਸਨ। ਲੰਮਾ ਧਾਗਾ ਅਤੇ ਲੰਮੀ ਜ਼ੁਬਾਨ ਸਦਾ ਉਲਝ ਜਾਂਦੇ ਹਨ, ਇਸ ਲਈ ਜੀਵਨ ਦੀ ਯਾਤਰਾ ਕਰਦੇ ਸਮੇਂ ਧਾਗੇ ਅਤੇ ਜ਼ੁਬਾਨ ਨੂੰ ਸਮੇਟ ਕੇ ਰੱਖੋ। ਜ਼ਿੰਦਗੀ ਵਿਚ ਹੱਥ ਘੁੱਟ ਕੇ ਖ਼ਰਚ ਕਰੋ, ਨਹੀਂ ਤਾਂ ਇਹੀ ਹੱਥ ਦੂਸਰਿਆਂ ਅੱਗੇ ਮੰਗਣ ਲਾ ਦਿੰਦੇ ਹਨ। ਹਰ ਗੱਲ ਦਿਲ 'ਤੇ ਲਾਓਗੇ ਤਾਂ ਰੋਂਦੇ ਰਹਿ ਜਾਓਗੇ। ਜੋ ਜਿਹੋ-ਜਿਹਾ ਹੈ ਉਸ ਨਾਲ ਉਸੇ ਤਰ੍ਹਾਂ ਦਾ ਬਣਨਾ ਸਿੱਖੋ। ਜ਼ਿੰਦਗੀ ਜਲਦੀ-ਜਲਦੀ ਖ਼ਤਮ ਹੋ ਰਹੀ ਹੈ, ਇਸ ਲਈ ਇਸਨੂੰ ਮਾਣਨ ਲਈ ਹੱਸੋ, ਪਿਆਰ ਕਰੋ ਅਤੇ ਨਵੀਆਂ-ਨਵੀਂਆਂ ਚੀਜ਼ਾਂ ਸਿੱਖਣ ਦੀ ਕੋਸ਼ਿਸ਼ ਕਰੋ। ਮੁਆਫ਼ ਕਰੋ, ਭੁੱਲ ਜਾਓ ਅਤੇ ਗਿਲ੍ਹੇ-ਸ਼ਿਕਵੇ ਨਾ ਰੱਖੋ।

## ਤਣਾਅ ਤੋਂ ਬਚਣ ਔਰਤਾਂ

**ਲੇਖਕ : ਮੀਨਾ ਜੈਨ ਛਾਬੜਾ**

ਤਣਾਅ ਪੈਦਾ ਹੋਣ ਦੇ ਕਾਰਨ ਹਨ ਸ਼ੱਕ, ਬੇਵਿਸ਼ਵਾਸੀ, ਬੇਚੈਨੀ, ਗ਼ਲਤ-ਫਹਿਮੀ, ਆਸਾਂ-ਉਮੀਦਾਂ, ਅਸਫਲਤਾਵਾਂ, ਲਾਲਸਾਵਾਂ, ਡਰ, ਈਰਖਾ, ਹੰਕਾਰ ਆਦਿ, ਜਿਸ ਦਾ ਨਤੀਜਾ ਅਸੀਂ ਅਸੰਤੋਸ਼ ਅਤੇ ਮਾਨਸਿਕ ਸੰਤਾਪ ਦੇ ਰੂਪ ਵਿਚ ਦੇਖਦੇ ਹਾਂ।

ਤਣਾਅ ਦੇ ਅਨੇਕ ਮਾੜੇ ਨਤੀਜੇ ਸਾਨੂੰ ਦੇਖਣ ਨੂੰ ਮਿਲਦੇ ਹਨ। ਤਣਾਅ ਨਾਲ ਸਾਡੀਆਂ ਮਾਸਪੇਸ਼ੀਆਂ ਵਿਚ ਖਿਚਾਅ ਪੈਦਾ ਹੁੰਦਾ ਹੈ, ਫਿਰ ਅਸੀਂ ਬੇਚੈਨੀ ਮਹਿਸੂਸ ਕਰਦੇ ਹਾਂ। ਇਸ ਨਾਲ ਖ਼ੂਨ ਦਾ ਦਬਾਅ ਵਧ ਜਾਂਦਾ ਹੈ। ਮਾਨਸਿਕ ਅਸੰਤੁਲਨ, ਸਾਡੇ ਨਿੱਜੀ ਅਤੇ ਪਰਿਵਾਰਕ ਜੀਵਨ ਵਿਚ ਬਿਖਰਾਅ ਤੋਂ ਇਲਾਵਾ ਹੋਰ ਸਰੀਰਕ ਅਤੇ ਮਾਨਸਿਕ ਬਿਮਾਰੀਆਂ ਸਾਨੂੰ ਘੇਰ ਲੈਂਦੀਆਂ ਹਨ। ਕਿਤੇ-ਕਿਤੇ ਤਾਂ ਆਤਮ-ਹੱਤਿਆ ਕਰਨ ਵਰਗੇ ਕਦਮ ਵੀ ਮਨੁੱਖ ਤਣਾਅਵੱਸ ਚੁੱਕ ਬੈਠਦਾ ਹੈ।

ਤਣਾਅ ਨਾਲ ਸਾਡੀ ਮੌਲਿਕਤਾ ਖ਼ਤਮ ਹੋ ਜਾਂਦੀ ਹੈ, ਪ੍ਰਗਤੀ ਦੇ ਸਾਰੇ ਰਾਹ ਬੰਦ ਹੋ ਜਾਂਦੇ ਹਨ, ਅਸੀਂ ਆਪਣੇ ਨਿਸ਼ਾਨੇ ਤੋਂ ਭਟਕ ਜਾਂਦੇ ਹਾਂ ਅਤੇ ਜੀਵਨ ਦੀਆਂ ਸਮੁੱਚੀਆਂ ਚੰਗੀਆਂ ਭਾਵਨਾਵਾਂ ਸਾਡਾ ਸਾਥ ਛੱਡ ਦਿੰਦੀਆਂ ਹਨ ਅਤੇ ਅਸ਼ਾਂਤੀ, ਨਿਰਾਸ਼ਾ ਵਰਗੀਆਂ ਮਾੜੀਆਂ ਪ੍ਰਵਿਰਤੀਆਂ ਸਾਨੂੰ ਘੇਰ ਲੈਂਦੀਆਂ ਹਨ। ਤਣਾਅ ਨਾਲ ਸਾਡੀ ਇੱਛਾ ਸ਼ਕਤੀ ਖ਼ਤਮ ਹੋ ਜਾਂਦੀ ਹੈ। ਅਸੀਂ ਖ਼ੁਦ ਨੂੰ ਕੁਝ ਵੀ ਕਰਨ ਯੋਗ ਨਹੀਂ ਸਮਝਦੇ।

ਸਾਨੂੰ ਤਣਾਅ ਤੋਂ ਮੁਕਤੀ ਪਾਉਣ ਦਾ ਉਪਾਅ ਖੋਜਣਾ ਚਾਹੀਦਾ ਹੈ। ਇਸ ਤੋਂ ਮੁਕਤ ਹੋਣ ਦੇ ਉਪਾਅ ਬਹੁਤ ਸਹਿਜ ਹਨ। ਸਾਨੂੰ ਚਾਹੀਦਾ ਹੈ ਕਿ ਅਸੀਂ ਬਹੁਤੇ ਆਸ਼ਾਵਾਦੀ ਨਾ ਬਣੀਏ। ਇੱਛਾਵਾਂ ਅਤੇ ਆਸਾਂ ਪੂਰੀਆਂ ਨਾ ਹੋਣ 'ਤੇ ਤਣਾਅ ਹੋ ਜਾਂਦਾ ਹੈ, ਇਸ ਲਈ ਇੱਛਾਵਾਂ 'ਤੇ ਕਾਬੂ ਰੱਖੋ। ਸੰਤੁਸ਼ਟ ਰਹਿਣਾ ਸਿੱਖੋ।

ਕਿਸੇ ਦੂਜੇ ਨੂੰ ਦੇਖ ਕੇ ਨਾ ਤਾਂ ਉਸ ਦੀਆਂ ਸੁਖ ਸਹੂਲਤਾਂ ਤੋਂ ਖਿਝੋ ਅਤੇ ਨਾ ਹੀ ਖ਼ੁਦ ਨੂੰ ਛੋਟਾ ਜਾਂ ਹੀਣ ਸਮਝੋ। ਮਾੜੇ ਹਾਲਾਤ ਵਿਚ ਵੀ ਧੀਰਜ ਬਣਾਈ ਰੱਖੋ। ਜੀਵਨ ਨੂੰ ਸਦਾਚਾਰੀ, ਸਾਧਾਰਨ ਅਤੇ ਨੈਤਿਕਤਾ ਭਰਪੂਰ ਬਣਾਓ। ਗ਼ਲਤ ਆਦਤਾਂ ਨੂੰ ਆਪਣੇ ਜੀਵਨ ਵਿਚ ਜਗ੍ਹਾ ਨਾ ਦਿਓ।

ਤੁਹਾਡਾ ਜੀਵਨ, ਤੁਹਾਡੀ ਤੰਦਰੁਸਤੀ, ਤੁਹਾਡੀ ਤਰੱਕੀ, ਤੁਹਾਡੀ ਉਮਰ, ਸਮਾਜ ਵਿਚ ਮਾਣ-ਸਨਮਾਨ, ਹਰਮਨਪਿਆਰਤਾ ਸਭ ਤੁਹਾਡੇ ਹੱਥ ਵਿਚ ਹੈ। ਖ਼ੁਦ 'ਤੇ ਵਿਸ਼ਵਾਸ ਰੱਖੋ। ਜੀਵਨ ਨੂੰ ਭਾਰ ਨਾ ਸਮਝੋ। ਹੱਸਦੇ-ਮੁਸਕਰਾਉਂਦੇ ਜ਼ਿੰਦਗੀ ਜਿਊਣ ਦੀ ਆਦਤ ਪਾਓ। ਹਿੰਮਤ ਕਦੇ ਨਾ ਹਾਰੋ। ਸਹਿਣਸ਼ੀਲ ਅਤੇ ਧੀਰਜਵਾਨ ਬਣੋ। ਸਾਧਾਰਨ ਭੋਜਨ ਕਰੋ।

ਮਿੱਤਰਾਂ, ਰਿਸ਼ਤੇਦਾਰਾਂ ਨਾਲ ਸਬੰਧਾਂ ਨੂੰ ਮਧੁਰ ਬਣਾਈ ਰੱਖੋ। ਸਵੇਰੇ-ਸ਼ਾਮ ਟਹਿਲਣ ਦੀ ਆਦਤ ਪਾਓ। ਆਪਣੀਆਂ ਖਾਮੀਆਂ ਨੂੰ ਨਜ਼ਰਅੰਦਾਜ਼ ਕਰਕੇ ਜੀਵਨ ਵਿਚ ਕੁਝ ਬਣਨ ਬਾਰੇ ਸੋਚੋ। ਪਾਣੀ ਜ਼ਿਆਦਾ ਪੀਓ, ਕ੍ਰੋਧ ਵਿਚ ਨਾ ਰਹੋ।

ਹਰ ਗੱਲ ਨੂੰ ਸਹਿਜ ਅਤੇ ਸਰਲ ਤਰੀਕੇ ਨਾਲ ਲਓ। ਇਨ੍ਹਾਂ ਸਭ ਗੱਲਾਂ ਨੂੰ ਅਮਲ ਵਿਚ ਲਿਆ ਕੇ ਤੁਸੀਂ ਖ਼ੁਦ ਤਾਂ ਤਣਾਅ ਤੋਂ ਬਚੋਗੇ ਹੀ, ਤੁਹਾਡੇ ਘਰ-ਪਰਿਵਾਰ ਵਾਲਿਆਂ ਦੇ ਵੀ ਤੁਸੀਂ ਪਿਆਰੇ ਬਣੇ ਰਹੋਗੇ।

## ਸੁੰਦਰਤਾ ਵਿਚ ਆਮ ਗ਼ਲਤੀਆਂ



**ਲੇਖਕ : ਸ਼ਹਿਨਾਜ਼ ਹੂਸੈਨ**

ਔਰਤਾਂ ਨੂੰ ਮੇਕਅੱਪ ਦਾ ਖਾਸ ਸ਼ੌਕ ਹੁੰਦਾ ਹੈ, ਕਿਉਂਕਿ ਮੇਕਅਪ ਖ਼ੂਬਸੂਰਤੀ ਦੇ ਨਾਲ ਆਤਮਵਿਸ਼ਵਾਸ ਵੀ ਵਧਾਉਂਦਾ ਹੈ। ਆਮ ਤੌਰ 'ਤੇ ਔਰਤਾਂ ਦੀ ਸੁੰਦਰਤਾ ਸਬੰਧੀ ਧਾਰਨਾਵਾਂ ਨੂੰ ਕਦੇ ਜ਼ਿਆਦਾਤਰ ਮਾਮਲਿਆਂ ਵਿਚ ਸਪੱਸ਼ਟ ਨਹੀਂ ਕੀਤਾ ਜਾਂਦਾ, ਇਸ ਲਈ ਉਹ ਵਾਰ-ਵਾਰ ਆਮ ਗ਼ਲਤੀਆਂ ਨੂੰ ਦੁਹਰਾਉਂਦੀਆਂ ਰਹਿੰਦੀਆਂ ਹਨ, ਜਿਸ ਦੀ ਵਜ੍ਹਾ ਨਾਲ ਉਨ੍ਹਾਂ ਨੂੰ ਨੁਕਸਾਨ ਸਹਿਣਾ ਪੈਂਦਾ ਹੈ। ਇਸ ਆਲੇਖ ਵਿਚ ਸੁੰਦਰਤਾ ਸਬੰਧੀ ਕੁਝ ਆਮ ਗ਼ਲਤੀਆਂ ਅਤੇ ਧਾਰਨਾਵਾਂ ਨੂੰ ਸਪੱਸ਼ਟ ਕੀਤਾ ਗਿਆ ਹੈ।

* ਸਾਡੀ ਉਮਰ ਵਧਣ ਨਾਲ ਚਮੜੀ ਦੀਆਂ ਨਵੀਆਂ ਸਮੱਸਿਆਵਾਂ ਖੜ੍ਹੀਆਂ ਹੋ ਜਾਂਦੀਆਂ ਹਨ ਜਦੋਂ ਕਿ ਫੇਸ ਵਾਸ਼ ਸਹਿਤ ਹੋਰ ਸੁੰਦਰਤਾ ਪ੍ਰਸਾਧਨ ਅਸੀਂ ਬਦਲਣ ਨੂੰ ਤਿਆਰ ਹੀ ਨਹੀਂ ਹੁੰਦੇ, ਜਦੋਂ ਸਾਨੂੰ ਉਮਰ ਦੇ ਹਿਸਾਬ ਨਾਲ ਫੇਸ ਵਾਸ਼ ਅਤੇ ਹੋਰ ਸੁੰਦਰਤਾ ਪ੍ਰਸਾਧਨ ਵਰਤਣੇ ਚਾਹੀਦੇ ਹਨ।
* ਅੱਜਕਲ੍ਹ ਮੋਬਾਈਲ ਸਾਡੀ ਜੀਵਨਸ਼ੈਲੀ ਦਾ ਹਿੱਸਾ ਬਣ ਗਿਆ ਹੈ। ਮੋਬਾਈਲ ਤੋਂ ਬਿਨਾਂ ਅਕਸਰ ਔਰਤਾਂ ਨੂੰ ਬੇਚੈਨੀ ਵੀ ਮਹਿਸੂਸ ਹੁੰਦੀ ਹੈ ਅਤੇ ਮੋਬਾਈਲ ਨਾਲ ਆਪਣੇ ਜਾਣਕਾਰਾਂ ਦੇ ਸੰਪਰਕ ਵਿਚ ਰਹਿਣ ਨਾਲ ਸੁਰੱਖਿਆ ਦਾ ਅਹਿਸਾਸ ਵੀ ਹੁੰਦਾ ਹੈ ਪਰ ਮੋਬਾਈਲ ਦੀ ਜ਼ਿਆਦਾ ਵਰਤੋਂ ਤੁਹਾਡੀ ਚਮੜੀ ਨੂੰ ਖਰਾਬ ਕਰ ਦਿੰਦੀ ਹੈ। ਦਰਅਸਲ ਮੋਬਾਈਲ 'ਤੇ ਗੱਲ ਕਰਦੇ ਸਮੇਂ ਤੁਸੀਂ ਮੋਬਾਈਲ ਨੂੰ ਆਪਣੇ ਚਿਹਰੇ ਨਾਲ ਸਿੱਧੇ ਜੋੜ ਦਿੰਦੇ ਹੋ, ਜਿਸ ਨਾਲ ਮੋਬਾਈਲ ਵਿਚ ਮੌਜੂਦ ਬੈਕਟੀਰੀਆ ਚਮੜੀ ਨੂੰ ਖਰਾਬ ਕਰ ਦਿੰਦਾ ਹੈ।
* ਇਹ ਇਕ ਆਮ ਧਾਰਨਾ ਹੈ ਕਿ ਸਾਬਣ ਅਤੇ ਪਾਣੀ ਨਾਲ ਮੂੰਹ ਧੋਣਾ ਚੰਗਾ ਸ਼ੁੱਧ ਤਰੀਕਾ ਹੈ ਜਦੋਂ ਕਿ ਅਸਲ ਵਿਚ ਸਾਬਣ ਨਾਲ ਬਨਾਉਟੀ ਸੁੰਦਰਤਾ, ਮੈਲ ਅਤੇ ਪ੍ਰਦੂਸ਼ਣ ਪੂਰੀ ਤਰ੍ਹਾਂ ਨਹੀਂ ਹਟਾਏ ਜਾ ਸਕਦੇ। ਇਸ ਤੋਂ ਬਾਅਦ ਬਹੁਤੇ ਸਾਬਣ ਖਾਰੇ ਹੁੰਦੇ ਹਨ ਜੋ ਕਿ ਚਮੜੀ ਦੇ ਆਮ ਅਮਲੀਯ ਖਾਰੇ ਸੰਤੁਲਨ ਨੂੰ ਵਿਗਾੜਦੇ ਹਨ ਅਤੇ ਚਮੜੀ ਨੂੰ ਖ਼ੁਸ਼ਕ ਵੀ ਬਣਾ ਦਿੰਦੇ ਹਨ।
* ਅਕਸਰ ਅਸੀਂ ਕਾਫੀ ਸਾਲਾਂ ਤੋਂ ਇਕ ਹੀ ਫੇਸ ਵਾਸ਼, ਕ੍ਰੀਮ, ਪਾਊਡਰ ਆਦਿ ਸੁੰਦਰਤਾ ਪ੍ਰਸਾਧਨ ਵਰਤਦੇ ਰਹਿੰਦੇ ਹਾਂ ਅਤੇ ਸਾਡੀ ਕੁਝ ਸੁੰਦਰਤਾ ਪ੍ਰਸਾਧਨਾਂ ਦੇ ਪ੍ਰਤੀ ਬ੍ਰਾਂਡ ਲਾਇਲਟੀ ਵੀ ਹੋ ਜਾਂਦੀ ਹੈ, ਪਰ ਬਚਪਨ ਤੋਂ ਲੈ ਕੇ ਚਮੜੀ ਵਿਚ ਅਨੇਕ ਬਦਲਾਅ ਆਉਂਦੇ ਹਨ ਅਤੇ ਇਨ੍ਹਾਂ ਬਦਲਾਵਾਂ ਦੇ ਮੱਦੇਨਜ਼ਰ ਸਾਨੂੰ ਆਪਣੇ ਸੁੰਦਰਤਾ ਪ੍ਰਸਾਧਨਾਂ ਨੂੰ ਬਦਲਣ ਦੀ ਜ਼ਰੂਰਤ ਹੁੰਦੀ ਹੈ ਜੋ ਕਿ ਉਸ ਉਮਰ ਦੇ ਹਿਸਾਬ ਨਾਲ ਠੀਕ ਰਹੇ।
* ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਚਿਕਨਾਈ ਵਾਲੀ ਅਤੇ ਜਟਿਲ ਚਮੜੀ ਲਈ ਚਿਹਰੇ ਨੂੰ ਸਾਬਣ ਅਤੇ ਪਾਣੀ ਨਾਲ ਵਾਰ-ਵਾਰ ਧੋਣਾ ਚਾਹੀਦਾ ਹੈ ਜਦੋਂ ਕਿ ਇਹ ਸਹੀ ਨਹੀਂ ਹੈ। ਚਮੜੀ ਨੂੰ ਸਾਬਣ ਅਤੇ ਪਾਣੀ ਨਾਲ ਦਿਨ ਵਿਚ ਦੋ ਵਾਰ ਤੋਂ ਵੱਧ ਨਹੀਂ ਧੋਣਾ ਚਾਹੀਦਾ। ਸਾਬਣ ਦੀ ਲਗਾਤਾਰ ਵਰਤੋਂ ਨਾਲ ਚਮੜੀ ਵਿਚ ਖਾਰਾਪਨ ਵਧ ਜਾਂਦਾ ਹੈ, ਜਿਸ ਨਾਲ ਚਮੜੀ 'ਤੇ ਬੈਕਟੀਰੀਅਲ ਹਮਲੇ ਦੀ ਪ੍ਰਵਿਰਤੀ ਵਧ ਜਾਂਦੀ ਹੈ ਅਤੇ ਇਸ ਨਾਲ ਚਮੜੀ 'ਤੇ ਕਾਲੇ ਮੁਹਾਸੇ ਪੈਦਾ ਹੋ ਜਾਂਦੇ ਹਨ।
* ਸੁੰਦਰਤਾ ਲਈ ਵਰਤੇ ਜਾਣ ਵਾਲੇ ਬੁਰਸ਼ ਆਦਿ ਦੀ ਸਾਫ਼-ਸਫ਼ਾਈ ਵੀ ਓਨੀ ਹੀ ਜ਼ਰੂਰੀ ਹੁੰਦੀ ਹੈ ਜਿੰਨੀ ਸਾਡੇ ਚਿਹਰੇ ਦੀ ਸੁੰਦਰਤਾ ਦੀ। ਅਸੀਂ ਅਕਸਰ ਬੁਰਸ਼ ਨੂੰ ਸਾਫ਼ ਕਰਨ ਵਿਚ ਕੁਤਾਹੀ ਕਰ ਬੈਠਦੇ ਹਾਂ, ਜਿਸ ਨਾਲ ਬੁਰਸ਼ ਵਿਚ ਲੱਗਿਆ ਤੇਲ, ਕਰੀਮ, ਧੂੜ ਆਦਿ ਬੁਰਸ਼ 'ਤੇ ਜੰਮ ਜਾਂਦੀ ਹੈ ਅਤੇ ਜਦੋਂ ਅਸੀਂ ਇਸੇ ਬੁਰਸ਼ ਨੂੰ ਬਿਨਾਂ ਸਾਫ਼ ਕੀਤੇ ਜਾਂ ਉਚਿਤ ਤਰੀਕੇ ਨਾਲ ਸਾਫ਼ ਕੀਤੇ ਬਿਨਾਂ ਵਰਤਦੇ ਹਾਂ ਤਾਂ ਇਸ ਨਾਲ ਚਮੜੀ ਦੀ ਅਲਰਜੀ ਹੋ ਜਾਂਦੀ ਹੈ ਅਤੇ ਸੁੰਦਰਤਾ ਨਾਲ ਜੁੜੀਆਂ ਅਨੇਕ ਸਮੱਸਿਆਵਾਂ ਖੜ੍ਹੀਆਂ ਹੋ ਜਾਂਦੀਆਂ ਹਨ। ਇਹ ਅਤਿਅੰਤ ਜ਼ਰੂਰੀ ਹੈ ਕਿ ਸੁੰਦਰਤਾ ਨਾਲ ਜੁੜੀਆਂ ਸਾਰੀਆਂ ਉਪਕਰਨਾਂ ਨੂੰ ਉਚਿਤ ਤਰੀਕੇ ਨਾਲ ਸਾਫ਼ ਕਰਕੇ ਇਕ ਸਹੀ ਜਗ੍ਹਾ 'ਤੇ ਰੱਖਿਆ ਜਾਵੇ ਅਤੇ ਵਰਤੋਂ ਕਰਨ ਤੋਂ ਪਹਿਲਾਂ ਪੂਰੀ ਤਰ੍ਹਾਂ ਸਾਫ਼ ਕੀਤਾ ਜਾਵੇ।
* ਅਸੀਂ ਇਹ ਮੰਨਦੇ ਹਾਂ ਕਿ ਸੈਲੂਨ ਫੇਸ਼ੀਅਲ ਮਸਾਜ ਸਾਰੇ ਤਰ੍ਹਾਂ ਦੀ ਚਮੜੀ ਲਈ ਫਾਇਦੇਮੰਦ ਸਾਬਤ ਹੁੰਦੀ ਹੈ, ਜਦਕਿ ਸਚਾਈ ਇਹ ਹੈ ਕਿ ਸੈਲੂਨ ਫੇਸ਼ੀਅਲ ਮਸਾਜ ਵਿਚ ਵੱਖ-ਵੱਖ ਤਰ੍ਹਾਂ ਦੀਆਂ ਕ੍ਰੀਮਾਂ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਤੇਲੀ ਚਮੜੀ ਦੀ ਕ੍ਰੀਮ ਨਾਲ ਮਾਲਿਸ਼ ਨਹੀਂ ਕੀਤੀ ਜਾਣੀ ਚਾਹੀਦੀ, ਕਿਉਂਕਿ ਇਸ ਨਾਲ ਤੇਲੀ ਗ੍ਰੰਥੀਆਂ ਉਤੇਜਿਤ ਹੁੰਦੀਆਂ ਹਨ। ਜੇ ਤੇਲੀ ਚਮੜੀ ਵਿਚ ਫੇਸ਼ੀਅਲ ਕਰਨਾ ਹੋਵੇ ਤਾਂ ਉਸ ਵਿਚ ਸਿਰਫ ਕਲੀਜ਼ਿੰਗ, ਟੋਨਿੰਗ ਮਾਸਕ ਅਤੇ ਇਕਸਫੋਲੀਏਸ਼ਨ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ।
* ਚਮੜੀ 'ਤੇ ਕ੍ਰੀਮ ਨੂੰ ਲਗਾ ਕੇ ਪੂਰੀ ਰਾਤ ਤੱਕ ਚਮੜੀ 'ਤੇ ਲੱਗੀ ਨਹੀਂ ਰਹਿਣ ਦੇਣਾ ਚਾਹੀਦਾ, ਕਿਉਂਕਿ ਚਮੜੀ ਇਕ ਸੀਮਾ ਤੱਕ ਹੀ ਕ੍ਰੀਮ ਸੋਖ ਸਕਦੀ ਹੈ ਅਤੇ ਇਸ ਤੋਂ ਬਾਅਦ ਉਹ ਕ੍ਰੀਮ ਦੀ ਵਰਤੋਂ ਨਹੀਂ ਕਰ ਸਕਦੀ। ਅਸਲ ਵਿਚ ਸੌਣ ਸਮੇਂ ਚਮੜੀ ਦੇ ਮੁਸਾਮ ਕ੍ਰੀਮ ਤੋਂ ਪੂਰੀ ਤਰ੍ਹਾਂ ਮੁਕਤ ਹੋਣੇ ਚਾਹੀਦੇ ਹਨ। ਫਿਰ ਵੀ ਜੇ ਚਮੜੀ ਬਹੁਤ ਜ਼ਿਆਦਾ ਖ਼ੁਸ਼ਕ ਹੈ ਤਾਂ ਵਾਧੂ ਕ੍ਰੀਮ ਨੂੰ ਗਿੱਲੇ ਰੂੰ ਨਾਲ ਹਟਾ ਕੇ ਹਲਕਾ ਦ੍ਰਵ ਮਾਇਸਚਰਾਈਜ਼ਰ ਲਗਾਇਆ ਜਾ ਸਕਦਾ ਹੈ।



# CLASSIFIEDS & MATRIMONIALS



## GROOM WANTED

ਕੈਨੇਡੀਅਨ ਸਿਟੀਜਨ ਜੱਟ ਸਿੱਖ ਗਿੱਲ ਲੜਕੀ ਉਮਰ 27 ਸਾਲ ਕੱਦ 5 ਫੁੱਟ 5 ਇੰਚ, ਕੈਸ਼ੀਅਰ ਦੀ ਜੌਬ, ਵੈਸ਼ਨੂੰ ਪੜ੍ਹੀ ਲਿਖੀ ਲੜਕੀ ਲਈ ਪੜ੍ਹੇ ਲਿਖੇ ਵੈਸ਼ਨੂੰ ਲੜਕੇ ਦੀ ਲੋੜ ਹੈ। ਵਰਕ ਪਰਮਿਟ ਉੱਪਰ ਕੈਨੇਡਾ ਰਹਿ ਰਹੇ ਲੜਕੇ ‘ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਣ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 778-861-3162 ਅਤੇ 604-593-7978 RS 26-07

.............................................

Jat Sikh Groom wanted for beautiful, 31 year old 5ft 3” Girl Canadian Citizen, Bachleor of Law (India) Master in HR Management (Vancouver), Working as a Conveyancer. Ideal candidate must be Jat Sikh, either a Permanent Resident or a Citizen, well educated. For more information, please call Harmit Virk at 604-537-5806 BH 12-05

.............................................

Family Oriented Canadian Born Jatt Sikh Girl, living in Greater Vancouver, age 31 years, height 5 feet 2 inches, holding 2 university degrees, looking for a hard working, educated, Canadian Born or raised in Canada boy. Contact : 604-657-6533 RS 23-03

.............................................

Jat Sikh Gill family seeks a suitable match for their daughter, Canadian born, 34 yrs. old, 5’6” tall, Degree in Law, working with law firm, beautiful, family oriented. The boy should be born or raised in Canada, professionally educated and employed, well settled and form Jat Sikh family. Call : 1-604-832-7232 or 1-604-615-8088 RS 23-03

## NOW HIRING

### Painter, Construction Job

**Position:**
- 2-year term employment
- Wage: $30/hour
- Surrey, BC Job Locations

**Requirements:**
- 1-year painting experience
- Must speak English
- No minimum education required

**Job Responsibilities (But not limited to):**
- Prep surfaces: clean, scrape, sand, and fill holes.
- Apply paint with brushes, rollers, or sprayers for a quality finish.
- Inspect work to meet quality standards.

### Carpenter, Construction Job

**Position:**
- 2-year term employment
- Wage: $30/hour
- Surrey, BC Job Locations

**Requirements:**
- 1-year Carpentry experience
- Must speak English
- No minimum education required

**Job Responsibilities (But not limited to):**
- Measure, cut, and shape materials.
- Assemble, install, or repair structures.
- Read blueprints for construction.

**» Apply Now! «**

**Email Resume to setforfuture@gmail.com**

**Join Natt Star Homes Ltd.**
**9328 127 Street, Surrey, BC**

## BRIDE WANTED

ਵਿਜ਼ਟਰ ਵੀਜ਼ੇ ‘ਤੇ ਅਮਰੀਕਾ ਆਏ ਉਮਰ 40 ਸਾਲ ਕੱਦ 6 ਫੁੱਟ ਸ਼ਰਮਾ ਲੜਕਾ ਵਾਸਤੇ ਅਮਰੀਕਾ ਜਾਂ ਕੈਨੇਡੀਅਨ ਇੰਮੀਗਰਾਂਟ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਜਾਤੀ ਬੰਧਨ ਕੋਈ ਨਹੀਂ । ਤਲਾਕਸ਼ੁਦਾ ਵੀ ਸੰਪਰਕ ਕਰ ਸਕਦੇ ਹਨ। ਹੋਰ ਵਧੇਰੇ ਜਾਣਕਾਰੀ ਲਈ 604-825-4512 ਫੋਨ ‘ਤੇ ਸੰਪਰਕ ਕੀਤਾ ਜਾ ਸਕਦਾ ਹੈ। BH 30-08

.............................................

ਇੰਗਲੈਂਡ ਵਿੱਚ ਜੰਮਿਆ ਅਤੇ ਵੱਡਾ ਹੋਇਆ ਲੜਕਾ ਜੋ ਹੁਣ ਕੈਨੇਡਾ, ਬੀ.ਸੀ. ਵਿੱਚ ਰਹਿ ਰਿਹਾ ਪੀ.ਆਰ. ਲੜਕਾ, ਉਮਰ 28 ਸਾਲਾ, ਕੱਦ 6 ਫੁੱਟ, ਆਪਣਾ ਪਰਿਵਾਰਕ ਬਿਜ਼ਨਸ, ਮਾਸਟਰ ਇਨ ਫਾਰਮੇਸੀ ਦੀ ਡਿਗਰੀ, ਨਸ਼ਿਆਂ ਤੋਂ ਰਹਿਤ ਲੜਕੇ (Short Time Divorce) ਲਈ ਕੈਨੇਡਾ ਵਿੱਚ ਯੋਗ ਲੜਕੀ ਦੀ ਭਾਲ ਹੈ। ਲੜਕੇ ਦਾ ਵੱਡਾ ਭਰਾ ਬ੍ਰਿਟੇਨ ਵਿੱਚ ਰਹਿ ਰਿਹਾ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ : +1 (236) 332-6769 AP 12-03

.............................................

ਕੈਨੇਡਾ ਦਾ ਜੰਮਪਲ, ਜੱਟ ਸਿੱਖ ਲੜਕਾ, ਉਮਰ 33 ਸਾਲ,ਕੱਦ 6 ਫੁੱਟ 3 ਇੰਚ, ਵਕੀਲ, ਬਹੁਤ ਸੋਹਣੇ-ਸੁਨੱਖੇ ਲੜਕੇ ਲਈ ਇੱਕ ਸੋਹਣੀ ਪੜੀ-ਲਿਖੀ, ਕਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-936-3063 AP 01-08

.............................................

ਸਿੱਖ ਟਾਂਕ-ਕਸ਼ਤਰੀ ਲੜਕਾ, ਉਮਰ 36 ਸਾਲ, ਕੱਦ 5 ਫੁੱਟ 7 ਇੰਚ, ਆਪਣਾ ਚੰਗਾ ਕਾਰੋਬਾਰ, ਮੰਗਲੀਕ ਰਹਿਤ ਲਈ ਚੰਗੀ ਪੜ੍ਹੀ ਲਿਖੀ ਲੜਕੀ ਦੀ ਭਾਲ ਹੈ ਸੰਪਰਕ ਕਰੋ : 98553-02896

.............................................

ਸਰੀ ਕੈਨੇਡਾ ਵਿੱਚ ਵਰਕ ਪਰਮਿਟ ‘ਤੇ ਰਹਿ ਰਹੇ ਪੜ੍ਹੇ ਲਿਖੇ ਹਿੰਦੂ ਪਰਿਵਾਰ ਦੇ ਲੜਕੇ ਲਈ ਕੈਨੇਡਾ ਵਿੱਚ ਟੈਪਰੇਰੀ ਵੀਜ਼ਾ ਜਾਂ ਵਰਕ ਪਰਮਿਟ ਹੋਲਡਰ ਜਾਂ ਇਮੀਗਰਾਂਟ, ਯੋਗ ਲੜਕੀ ਦੀ ਭਾਲ ਹੈ। ਲੜਕਾ ਆਪਣੇ ਪਰਿਵਾਰ ਨਾਲ ਰਹਿ ਰਿਹਾ ਹੈ। ਤਲਾਕਸ਼ੁਦਾ ਜਾਂ ਵਿਧਵਾ ‘ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਜਾਤ-ਪਾਤ ਦਾ ਕੋਈ ਵੀ ਬੰਧਨ ਨਹੀਂ। ਸੰਪਰਕ ਕਰੋ : 778-321-0986 RS 01-08

.............................................

ਕੇਸਾਧਾਰੀ ਕੈਨੇਡੀਅਨ ਜੰਮਪਲ, ਉਮਰ 37 ਸਾਲ ਅਣ ਵਿਆਹਿਆ, ਕੱਦ 5 ਫੁੱਟ 10 ਇੰਚ, ਮਾਈਕਰੋਸਾਫ਼ਟ ਵਿੱਚ ਚੰਗੀ ਨੌਕਰੀ ‘ਤੇ ਕੰਮ ਕਰ ਰਹੇ ਲੜਕੇ ਲਈ ਲੜਕੀ ਦੀ ਲੋੜ ਹੈ, ਸੰਪਰਕ ਕਰੋ : 604-368-3600 AP 29-12

.............................................

Professionally Qualified, 29 years, Handsome, 5 ft 11" Rajput Canadian PR Boy settled in BC belonging to upper middle class family seeks suitable match preferably from British Columbia. Upper caste no bar. Contact +1 (236) 500-0059 RS 23-03

.............................................

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

## BRIDE WANTED

Jat Sikh Gill family seeks a suitable match for their son, 29 yrs. old, 5’11” tall, Canadian born, well settled, Architect and doing Real estate business, handsome, family oriented. The girl should be Canadian citizen/PR, professionally educated. Call – 1-604-832-7232 or 1-604-615-8088 AP 16-08

.............................................

Sikh Ramgarhia well settled family in canada looking for a suitable match for their 32 year old son, doing business in ontario and winnipeg. Canadian citizen,5-10, Active in real estate and financing business. Call at 204-510-7658 or 437-881-7282. AP 22-08

# ਪਾਠਕਾਂ ਦੇ ਖ਼ਤ

ਫੇਸਬੁੱਕ ਕਾਲਮ ਤੋਂ

## ਸੰਵਿਧਾਨਕ ਨੈਤਿਕਤਾ ਦਾ ਸਵਾਲ

**ਵਲੋਂ : ਜਸਟਿਸ ਮਦਨ ਬੀ. ਲੋਕੁਰ**

ਕੀ ਭਾਰਤ ਦੇ ਸੰਵਿਧਾਨਕ ਅਦਾਰੇ ਸੰਵਿਧਾਨਕ ਨੈਤਿਕਤਾ ਵਿਚ ਵਿਸ਼ਵਾਸ ਰੱਖਦੇ ਹਨ? ਸ਼ਾਇਦ ਕੁਝ ਅਦਾਰੇ ਨਹੀਂ ਰੱਖਦੇ। ਸਾਨੂੰ ਵਾਰ-ਵਾਰ ਸੰਵਿਧਾਨਕ ਅਦਾਰਿਆਂ ਦੇ ਇਸ਼ਾਰੇ ’ਤੇ ਕੁਝ ਅਣਕਿਆਸੇ ਅਤੇ ਅਜਬ ਵਰਤਾਰੇ ਦੇਖਣ ਨੂੰ ਮਿਲਦੇ ਹਨ। ਦਿੱਕਤ ਇਹ ਹੈ ਕਿ ਇਹੋ ਜਿਹੇ ਵਰਤਾਰੇ ਕਿਸੇ ਇੱਕ ਜਾਂ ਦੋ ਸੰਵਿਧਾਨਕ ਅਦਾਰਿਆਂ ਤੱਕ ਮਹਿਦੂਦ ਨਹੀਂ ਹਨ ਸਗੋਂ ਘੱਟ ਜਾਂ ਵੱਧ ਤਕਰੀਬਨ ਸਭ ਅਦਾਰਿਆਂ ਵਿਚ ਇਹੋ ਹਾਲ ਹੈ। ਸਵਾਲ ਇਹ ਹੈ ਕਿ ਇਨ੍ਹਾਂ ਨੂੰ ਕੌਣ ਸਲਾਹ ਦੇਵੇਗਾ? ਉਹ ਸੰਵਿਧਾਨ ਦੀ ਰੂਹ ਨੂੰ ਨੁਕਸਾਨ ਪਹੁੰਚਾਉਂਦੇ ਹਨ ਅਤੇ ਇੱਕ ਲੇਖੇ ਸਾਡੇ ਸੰਵਿਧਾਨ ਘਾੜਿਆਂ ਅਤੇ ਸਾਡੇ ਭਵਿੱਖੀ ਆਗੂਆਂ ਦੇ ਕਿਰਦਾਰ ਅਤੇ ਦਿਆਨਤਦਾਰੀ ਵਿਚ ਉਨ੍ਹਾਂ ਦੇ ਭਰੋਸੇ ਦੀ ਖਿੱਲੀ ਉਡਾਉਂਦੇ ਹਨ। ਅਤੀਤ ਵਿਚ ਵੀ ਸਾਡੇ ਆਗੂ ਸੰਵਿਧਾਨ ਦੀ ਦੁਰਵਰਤੋਂ ਕਰਦੇ ਰਹੇ ਹਨ ਪਰ ਇਸ ਦੀ ਜਿਵੇਂ ਅੱਜ ਦੁਰਵਰਤੋਂ ਹੋ ਰਹੀ ਹੈ, ਉਸ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਕੋਈ ਰੱਫੜ ਪੈਦਾ ਕਰਨ ਦੀ ਬਜਾਇ ਇਸ ਨਿਘਾਰ ਨੂੰ ਠੱਲ੍ਹ ਪਾਈ ਜਾਵੇ। ਸੰਵਿਧਾਨਕ ਨੈਤਿਕਤਾ ਲਈ ਇੰਤਜ਼ਾਮੀਆ ਨੂੰ ਇਸ ਤੋਂ ਬਚਣ ਦੀ ਥਾਂ ਸਹੀ ਕੰਮ ਕਰਨ ਦੀ ਲੋੜ ਹੈ; ਇਸ ਲਈ ਇੰਤਜ਼ਾਮੀਆ ਨੂੰ ਕਾਨੂੰਨ ਦੇ ਰਾਜ ਨੂੰ ਤੋੜਨ ਮਰੋੜਨ ਦੀ ਬਜਾਇ ਇਸ ਦੀ ਪਾਲਣਾ ਕਰਨੀ ਪਵੇਗੀ। ਮਹਾਰਾਸ਼ਟਰ ਵਿਚ ਰਾਜ ਸਰਕਾਰ ਨੇ ਰਾਜਪਾਲ ਨੂੰ ਵਿਧਾਨ ਪ੍ਰੀਸ਼ਦ ਵਿਚ ਮੈਂਬਰ ਮਨੋਨੀਤ ਕਰਨ ਦੀ ਸਲਾਹ ਦਿੱਤੀ ਸੀ। ਸਰਕਾਰ ਨੇ ਅੱਠ ਮਹੀਨਿਆਂ ਤਕ ਇਸ ’ਤੇ ਕੋਈ ਵੀ ਕਾਰਵਾਈ ਨਾ ਕੀਤੀ; ਭਾਵ, ਨਾ ਇਸ ਨੂੰ ਰੱਦ ਕੀਤਾ ਅਤੇ ਨਾ ਹੀ ਪ੍ਰਵਾਨ ਕੀਤਾ। ਉਹ ਬਸ ਇਸ ਨੂੰ ਦੱਬ ਕੇ ਬੈਠ ਗਏ। ਇਸ ’ਤੇ ਬੰਬਈ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਹੋ ਗਈ। ਹਾਈ ਕੋਰਟ ਨੇ ਕੇਸ ਦਾ ਫ਼ੈਸਲਾ ਕਰਦਿਆਂ ਜਨਤਕ ਐਲਾਨ ਕੀਤਾ ਕਿ ਸੰਵਿਧਾਨ ਇਹ ਲਾਜ਼ਮੀ ਕਰਦਾ ਹੈ ਕਿ ਰਾਜਪਾਲ ਇਸ ਸਲਾਹ ਨੂੰ ਵਾਜਬ ਸਮੇਂ ਅੰਦਰ ਪ੍ਰਵਾਨ ਕਰੇ ਜਾਂ ਸਰਕਾਰ ਨੂੰ ਵਾਪਸ ਭਿਜਵਾਏ; ਅੱਠ ਮਹੀਨਿਆਂ ਦਾ ਸਮਾਂ ਬਿਲਕੁਲ ਵੀ ਵਾਜਬ ਨਹੀਂ। ਇਹ ਵੀ ਤੈਅ ਕੀਤਾ ਗਿਆ ਕਿ ਸੰਵਿਧਾਨ ਦੇ ਤੈਅ ਕੀਤੇ ਉਦੇਸ਼ਾਂ ਦੀ ਪੂਰਤੀ ਲਈ ਇਹ ਮੁਨਾਸਿਬ ਹੋਵੇਗਾ ਕਿ ਇਹ ਫ਼ਰਜ਼ ਬਿਨਾਂ ਬੇਲੋੜੀ ਦੇਰੀ ਕੀਤਿਆਂ ਪੂਰਾ ਕੀਤਾ ਜਾਵੇ। ਅੰਦਾਜ਼ਾ ਲਾਓ ਕਿ ਕੀ ਹੋਇਆ ਹੋਵੇਗਾ? ਰਾਜਪਾਲ ਨੇ ਫਿਰ ਵੀ ਕੋਈ ਕਾਰਵਾਈ ਨਾ ਕੀਤੀ। ਕੀ ਇਹ ਸਹੀ ਹੈ? ਬਾਅਦ ਵਿਚ ਰਾਜ ਸਰਕਾਰ ਡਿੱਗ ਪਈ ਅਤੇ ਨਵੀਂ ਸਰਕਾਰ ਨੇ ਨਵੀਂ ਸਿਫ਼ਾਰਸ਼ ਕੀਤੀ ਜਿਸ ਨੂੰ ਰਾਜਪਾਲ ਨੇ ਝੱਟ ਪ੍ਰਵਾਨ ਕਰ ਲਿਆ। ਸੰਵਿਧਾਨਿਕ ਨੈਤਿਕਤਾ ਨੂੰ ਅਗਲਿਆਂ ਅਹੁ ਵਗਾਹ ਕੇ ਬਾਹਰ ਮਾਰਿਆ। ਪਿਛਲੇ ਕੁਝ ਸਮਿਆਂ ਵਿਚ ਅਜਿਹੀਆਂ ਬਹੁਤ ਸਾਰੀਆਂ ਮਿਸਾਲਾਂ ਮਿਲਦੀਆਂ ਹਨ ਅਤੇ ਕੁਝ ਤਾਂ ਅਜੇ ਵੀ ਵਾਪਰ ਰਹੀਆਂ ਹਨ। ਸਾਡੇ ਕੁਝ ਰਾਜਪਾਲਾਂ ਨੇ ਸੂਬਾਈ ਵਿਧਾਨ ਸਭਾਵਾਂ ਦੇ ਪਾਸ ਕੀਤੇ ਬਿਲਾਂ ਨੂੰ ਦਿੱਤੀ ਜਾਣ ਵਾਲੀ ਸਹਿਮਤੀ ਵਿਚ ਦੇਰ ਕਰ ਦਿੱਤੀ; ਕੁਝ ਹੋਰਨਾਂ ਨੇ ਗ਼ੈਰ-ਵਾਜਬ ਢੰਗ ਨਾਲ ਮਹੀਨਿਆਂ ਤੇ ਸਾਲਾਂ ਬੱਧੀ ਸਹਿਮਤੀ ਰੋਕ ਕੇ ਰੱਖੀ ਜਿਸ ਕਰ ਕੇ ਘੱਟੋ-ਘੱਟ ਦੋ ਸੂਬਾਈ ਸਰਕਾਰਾਂ ਨੂੰ ਅਜਿਹੇ ਮਾਮਲਿਆਂ ਵਿਚ ਰਾਜਪਾਲ ਦੀ ਸ਼ਕਤੀ ਦੀ ਵਿਆਖਿਆ ਕਰਨ ਲਈ ਸੁਪਰੀਮ ਕੋਰਟ ਤੱਕ ਪਹੁੰਚ ਕਰਨੀ ਪਈ। ਵਿਧਾਨ ਸਭਾ ਦਾ ਸਪੀਕਰ ਵੀ ਸੰਵਿਧਾਨਕ ਅਥਾਰਿਟੀ ਹੁੰਦਾ ਹੈ ਅਤੇ ਮਨੀਪੁਰ ਵਿਧਾਨ ਸਭਾ ਦਾ ਸਪੀਕਰ ਸੰਵਿਧਾਨਕ ਨੈਤਿਕਤਾ ਨੂੰ ਕੋਈ ਮਹੱਤਤਾ ਨਹੀਂ ਦਿੰਦਾ। ਦਲਬਦਲੀ ਵਿਰੋਧੀ ਕਾਨੂੰਨ ਸੰਵਿਧਾਨ ਦੀ ਦਸਵੀਂ ਅਨੁਸੂਚੀ ਵਿਚ ਦਰਜ ਹੈ ਅਤੇ ਉਨ੍ਹਾਂ ਤਿੰਨ ਸਾਲਾਂ ਤੋਂ ਇਸ ਕਾਨੂੰਨ ਦੀ ਕਥਿਤ ਉਲੰਘਣਾ ਦੇ ਮਾਮਲਿਆਂ ਵੱਲ ਕੋਈ ਕਾਰਵਾਈ ਨਹੀਂ ਕੀਤੀ। ਜਿਨ੍ਹਾਂ ਬੰਦਿਆਂ ਖਿਲਾਫ਼ ਇਸ ਕਾਨੂੰਨ ਦੀ ਉਲੰਘਣਾ ਦੇ ਦੋਸ਼ ਹਨ, ਉਨ੍ਹਾਂ ਵਿਚੋਂ ਇੱਕ ਕੈਬਨਿਟ ਮੰਤਰੀ ਹੈ। ਸਪੀਕਰ ਤੋਂ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਪਾਰਟੀ ਸਿਆਸਤ ਤੋਂ ਉਪਰ ਉਠ ਕੇ ਕੰਮ ਕਰੇਗਾ ਪਰ ਉਸ ਨੇ ਕੋਈ ਫ਼ੈਸਲਾ ਹੀ ਨਹੀਂ ਕੀਤਾ ਜਿਸ ਨਾਲ ਮੰਤਰੀ ਅਹੁਦੇ ’ਤੇ ਬਰਕਰਾਰ ਹੈ। ਕੀ ਕੋਈ ਸਪੀਕਰ ਅਣਮਿੱਥੇ ਸਮੇਂ ਲਈ ਕੋਈ ਫ਼ੈਸਲਾ ਟਾਲ ਸਕਦਾ ਹੈ? ਸੁਪਰੀਮ ਕੋਰਟ ਨੇ ਇਸ ਦਾ ਜਵਾਬ ਨਾਂਹ ਵਿਚ ਦਿੱਤਾ ਹੈ ਅਤੇ ਕਿਹਾ ਹੈ ਕਿ ਸਪੀਕਰ ਨੂੰ ਮਹੀਨੇ ਦੇ ਅੰਦਰ-ਅੰਦਰ ਕੋਈ ਫ਼ੈਸਲਾ ਕਰਨਾ ਜ਼ਰੂਰੀ ਹੈ। ਜੇ ਸਪੀਕਰ ਫਿਰ ਵੀ ਅਜਿਹਾ ਨਹੀਂ ਕਰਦਾ ਅਤੇ ਮੋਹਲਤ ਦੀ ਮੰਗ ਕਰਦਾ ਹੈ; ਫਿਰ ਉਹ ਅਦਾਲਤ ਨੂੰ ਕਿਸੇ ਖ਼ਾਸ ਤਰੀਕ ਨੂੰ ਫ਼ੈਸਲਾ ਕਰਨ ਦਾ ਭਰੋਸਾ ਦਿਵਾਉਂਦਾ ਹੈ। ਫ਼ੈਸਲਾ ਫਿਰ ਵੀ ਨਹੀਂ ਆਉਂਦਾ। ਕੀ ਸੁਪਰੀਮ ਕੋਰਟ ਨੂੰ ਭਰੋਸਾ ਦਿਵਾਉਣ ਤੋਂ ਬਾਅਦ ਵੀ ਅਜਿਹਾ ਕਰਨਾ ਸਹੀ ਹੈ? ਅਜਿਹੇ ਅਸਾਧਾਰਨ ਹਾਲਾਤ ਦੇ ਮੱਦੇਨਜ਼ਰ ਅਦਾਲਤ ਨੂੰ ਸਬੰਧਿਤ ਮੰਤਰੀ ਦੇ ਵਿਧਾਨ ਸਭਾ ਵਿਚ ਦਾਖ਼ਲੇ ’ਤੇ ਰੋਕ ਲਾਉਣ ਦੇ ਆਦੇਸ਼ ਜਾਰੀ ਕਰਨੇ ਪਏ। ਇਹ ਤਦ ਹੋਇਆ ਜਦੋਂ ਪਾਣੀ ਸਿਰ ਤੋਂ ਉਤਾਂਹ ਲੰਘ ਗਿਆ। ਕਿਸੇ ਰਾਜ ਦਾ ਮੁੱਖ ਮੰਤਰੀ ਵੀ ਸੰਵਿਧਾਨਿਕ ਸਦਾਚਾਰ ਦੇ ਉਲੰਘਣ ਦਾ ਦੋਸ਼ੀ ਹੈ। ਪੱਛਮੀ ਬੰਗਾਲ ’ਚ ਗ੍ਰਿਫ਼ਤਾਰੀ ਅਤੇ ਜੇਲ੍ਹ ’ਚ ਹੋਣ ਦੇ ਬਾਵਜੂਦ ਮੰਤਰੀ ਅਹੁਦੇ ’ਤੇ ਬਰਕਰਾਰ ਰਿਹਾ। ਮੁੱਖ ਮੰਤਰੀ ਨੇ ਉਸ ਨੂੰ ਤਿੰਨ ਮਹੀਨੇ ਅਹੁਦੇ ਤੋਂ ਨਹੀਂ ਹਟਾਇਆ। ਤਾਮਿਲਨਾਡੂ ਵਿਚ ਮੁੱਖ ਮੰਤਰੀ ਨੇ ਉਸ ਮੰਤਰੀ ਤੋਂ ਅਸਤੀਫ਼ਾ ਨਹੀਂ ਲਿਆ ਜੋ ਅੱਠ ਮਹੀਨੇ ਜੇਲ੍ਹ ਵਿਚ ਸੀ। ਮੰਤਰੀ ਨੇ ਇਹ ਮੁੱਦਾ ਮਦਰਾਸ ਹਾਈਕੋਰਟ ਵਿਚ ਉਭਰਨ ਤੋਂ ਇੱਕ ਦਿਨ ਪਹਿਲਾਂ ਅਸਤੀਫ਼ਾ ਦਿੱਤਾ। ਦਿੱਲੀ ਵਿਚ ਮੁੱਖ ਮੰਤਰੀ ਨੇ ਇੱਕ ਮੰਤਰੀ ਨੂੰ ਉਦੋਂ ਅਹੁਦੇ ਤੋਂ ਹਟਾਇਆ ਜਦੋਂ ਉਹ ਨੌਂ ਮਹੀਨੇ ਜੇਲ੍ਹ ’ਚ ਬਿਤਾ ਚੁੱਕਾ ਸੀ। ਸਮੇਂ ਦਾ ਵਿਅੰਗ ਇਹ ਹੈ ਕਿ ਹੁਣ ਮੁੱਖ ਮੰਤਰੀ ਖ਼ੁਦ ਜੇਲ੍ਹ ਵਿਚ ਹੈ, ਫਿਰ ਵੀ ਅਸਤੀਫ਼ਾ ਨਹੀਂ ਦਿੱਤਾ ਜਦੋਂਕਿ ਝਾਰਖੰਡ ਦੇ ਉਸ ਦੇ ਹਮਰੁਤਬਾ ਨੇ ਅਸਤੀਫ਼ਾ ਦੇ ਦਿੱਤਾ ਸੀ। ਇਹ ਅਜਿਹੀਆਂ ਕੁਝ ਉਦਾਹਰਨਾਂ ਹਨ ਜਿੱਥੇ ਸੰਵਿਧਾਨਕ ਨੈਤਿਕਤਾ ਦਾ ਨਿਰਾਦਰ ਕੀਤਾ ਗਿਆ। ਕੀ ਇਹ ਸਾਡੇ ਦੇਸ਼ ਲਈ ਚੰਗਾ ਹੈ? ਬੀ.ਆਰ. ਅੰਬੇਡਕਰ ਸੰਵਿਧਾਨਕ ਸਦਾਚਾਰ ਨੂੰ ‘ਸੰਵਿਧਾਨ ਦੇ ਦਰਜੇ ਲਈ ਸਿਖਰ ਦਾ ਸਤਿਕਾਰ’ ਸਮਝਦੇ ਸਨ। ਸਮਝ ਵੀ ਆਉਂਦਾ ਹੈ ਕਿ ਅਜਿਹਾ ਕਿਉਂ ਸੀ? ਸੰਵਿਧਾਨ ਕੋਈ ਆਦਰਸ਼ ਸੰਚਾਲਨ ਪ੍ਰਕਿਰਿਆ ਨਹੀਂ ਤੇ ਨਾ ਹੀ ਹੋ ਸਕਦਾ ਹੈ। ਜੇ ਸੰਵਿਧਾਨ ਦੇ ਦਰਜੇ ਨੂੰ ਪਵਿੱਤਰ ਨਾ ਮੰਨਿਆ ਗਿਆ ਤਾਂ ਸਭ ਕੁਝ ਹੱਥੋਂ ਨਿਕਲ ਜਾਵੇਗਾ। ਸ਼ਾਇਦ ਇਸੇ ਲਈ ਰਾਜੇਂਦਰ ਪ੍ਰਸ਼ਾਦ ਨੇ ਕਿਹਾ ਸੀ ਕਿ ਮੁਲਕ ਨੂੰ ਕਿਰਦਾਰ ਤੇ ਦਿਆਨਤਦਾਰੀ ਵਾਲੇ ਆਗੂ ਚਾਹੀਦੇ ਹਨ। ਸੰਵਿਧਾਨਕ ਨੈਤਿਕਤਾ ਕੇਵਲ ਸਾਡੀਆਂ ਸੰਵਿਧਾਨਕ ਵਿਵਸਥਾਵਾਂ ਤੇ ਬਾਕੀ ਨੇਤਾਵਾਂ ਲਈ ਨਹੀਂ ਬਲਕਿ ਇਹ ਪੂਰੇ ਸਮਾਜ ’ਚ ਸਮਾਉਣੀ ਚਾਹੀਦੀ ਹੈ। ਨਹੀਂ ਤਾਂ ਕੋਈ ਹਠੀ ਘੱਟਗਿਣਤੀ ਵੀ ਹਕੂਮਤ ਦੇ ਕੰਮਕਾਜ ਨੂੰ ਬੇਅਸਰ ਕਰ ਸਕਦੀ ਹੈ, ਫਿਰ ਭਾਵੇਂ ਉਹ ਦਬਦਬਾ ਕਾਇਮ ਕਰਨ ਜਿੰਨੀ ਸਮਰੱਥ ਨਾ ਵੀ ਹੋਵੇ। ਇਹ ਕਿਸੇ ਵੀ ਤਰ੍ਹਾਂ ਦੀ ਹਕੂਮਤ ਵਿਚ ਹੋ ਸਕਦਾ ਹੈ। ਜਿੱਥੋਂ ਤੱਕ ਸੰਸਦ ਜਾਂ ਰਾਜ ਵਿਧਾਨ ਸਭਾਵਾਂ ਦਾ ਸਵਾਲ ਹੈ, ਸੰਵਿਧਾਨਕ ਸਦਾਚਾਰ ਕਿਸੇ ਘੱਟਗਿਣਤੀ ਨੂੰ ਸੰਪੂਰਨ ਵਿਘਨ ਦੀ ਇਜਾਜ਼ਤ ਨਹੀਂ ਦਿੰਦਾ। ਜਿਵੇਂ ਇੱਕ ਸਾਬਕਾ ਮੰਤਰੀ ਨੇ ਜ਼ੋਰ ਦਿੱਤਾ ਹੈ ਕਿ ਇਸ ਤਰ੍ਹਾਂ ਦੇ ਵਿਘਨ ਨੂੰ ਸੰਸਦੀ ਰਣਨੀਤੀ ਵਜੋਂ ਸਹੀ ਨਹੀਂ ਠਹਿਰਾਇਆ ਜਾ ਸਕਦਾ ਹੈ ਤੇ ਨਾ ਹੀ ਠਹਿਰਾਉਣਾ ਚਾਹੀਦਾ ਹੈ। ਇਹ ਸੰਵਿਧਾਨਕ ਸਦਾਚਾਰ ਦੇ ਮਿਜ਼ਾਜ ਦੇ ਖਿਲਾਫ਼ ਜਾਂਦਾ ਹੈ। ਇਸੇ ਤਰ੍ਹਾਂ ‘ਲਵ ਜਹਾਦ’, ‘ਜ਼ਮੀਨ ਜਹਾਦ’ ਤੇ ‘ਭੋਜਨ ਜਹਾਦ’ ਦੇ ਨਾਅਰੇ ਅਜਿਹੀ ਉਲੰਘਣਾ ਵਰਗੇ ਹਨ ਜਿਨ੍ਹਾਂ ਨੂੰ ਸੰਵਿਧਾਨਕ ਪੱਖ ਤੋਂ ਸਵੀਕਾਰ ਨਹੀਂ ਕੀਤਾ ਜਾ ਸਕਦਾ। ਬਲਾਤਕਾਰੀਆਂ ਤੇ ਹਤਿਆਰਿਆਂ ਦੇ ਗ਼ਲਾਂ ’ਚ ਹਾਰ ਪਾਉਣੇ, ਸਹੀ ਚੀਜ਼ਾਂ ਨਹੀਂ। ਅਸੀਂ ਮਾਯੂਸਕੁਨ ਅਤੇ ਮੁਸ਼ਕਿਲ ਸਮਿਆਂ ਵਿਚੋਂ ਲੰਘ ਰਹੇ ਹਾਂ। ਸਾਨੂੰ ਆਪਣੇ ਸੰਵਿਧਾਨ ਤੇ ਇਸ ਦੇ ਚਰਿੱਤਰ ਦੇ ਨਾਲ-ਨਾਲ ਕਾਨੂੰਨ ਦੇ ਸ਼ਾਸਨ ਦਾ ਲਾਜ਼ਮੀ ਸਤਿਕਾਰ ਕਰਨਾ ਚਾਹੀਦਾ ਹੈ। ਜੇ ਅਸੀਂ ਨਹੀਂ ਕੀਤਾ ਤਾਂ ਅਜਿਹਾ ਘੁੰਮਣਘੇਰੀ ਪੈਦਾ ਕਰ ਲਵਾਂਗੇ ਜੋ ਸਾਨੂੰ ਹਿੰਦ ਮਹਾਸਾਗਰ ਦੀਆਂ ਗਹਿਰਾਈਆਂ ’ਚ ਲੈ ਡੁੱਬੇਗਾ।

## Important Contacts

### EMERGENCY

Fire | Police | Ambulance
**911**

Occupational First Aid
(Vancouver Campus)
**604-822-4444**

UBC Hospital Urgent Care
(8:00 a.m. – 10:00 p.m.)
**604-822-7662**

Poison Control Centre
**604-682-5050**

Campus Security
**604-822-2222**

### NON-EMERGENCY

Access & Diversity
**604-822-5844**

Ambulance (E-Comm)
**604-872-5151**

AMS Sexual Assault Support Centre
**604-827-5180**

Building Operations Call Centre
**604-822-2173**

Employee & Family Assistance Plan
**1-800-387-4765**

Counselling Services (Students)
**604-822-3811**

Equity & Inclusion Office
**604-822-6353**

Fire Department (Fire Prevention)
**311**

Office of the Ombudsperson for Students
**604-822-6149**

RCMP – University Detachment
**604-224-1322**

Safety & Risk Services
**604-822-2029**

Student Health Services
**604-822-7011**

### SIKH GURDWARAS

**Khalsa Diwan Society, New Westminster, BC**
604-759-2691

**Khalsa Diwan Society, Vancouver**
(604) 568-9500, (604) 324-2010

**Sri Guru Singh Sabha Gurdwara**
604-590-3232

**Gurdwara Sahib Brookside**
604-502-0602

**Gurdwara Kalgidhar Darbar**
604-504-5530

**BC Khalsa Darbar Society**
604-325-2290

**Guru Nanak Sikh Gurdwara**
604-598-1300

**Akali Singh Sikh Society**
604-254-3572

# PINE LIGHTING

## WE CARRY ALL MAJOR BRANDS

## YOU WILL SAVE MONEY

**Gurpreet Dhillon**
gurpreet@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Christine Dear**
christine@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Michelle Trafford**
michelle@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Jass Sidhu**
Jaskaran@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Erin McNab**
erin@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

# 604-591-8895

ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।

**6878 King Gorge Blvd Same Building, Different Unit**

# 6878 King Gorge Blvd. Surrey

# ਅਜੀਨੋਮੋਟੋ ਕੀ ਹੈ: ਬਿਸਕੁਟ ਤੇ ਹੋਟਲ ਦੇ ਖਾਣੇ ਵਿਚਲਾ ਇਹ ਪਦਾਰਥ ਤੁਹਾਨੂੰ 'ਨਸ਼ੇੜੀ' ਤਾਂ ਨਹੀਂ ਬਣਾ ਦੇਵੇਗਾ

**ਲੇਖਕ : ਰਾਜਵੀਰ ਕੌਰ ਗਿੱਲ**

ਮੇਰੇ ਵਾਂਗ ਬਹੁਤੇ ਲੋਕਾਂ ਨੂੰ ਬਿਸਕੁਟਾਂ ਤੋਂ ਬਿਨ੍ਹਾਂ ਚਾਹ ਪੀਣ ਦਾ ਸਵਾਦ ਨਹੀਂ ਆਉਂਦਾ। ਪਰ ਕੁਝ ਬਿਸਕੁਟ ਚਾਹੇ ਘਰੋਂ ਆਟਾ, ਘਿਓ ਦੇ ਕੇ ਹੀ ਕਿਉਂ ਨਾ ਬਣਵਾਏ ਹੋਣ ਸਾਡੇ ਲਈ ਨੁਕਸਾਨਦੇਹ ਹੋ ਸਕਦੇ ਹਨ। ਇਸ ਦਾ ਕਾਰਨ ਬਿਸਕੁਟਾਂ ਵਿੱਚ ਪਾਇਆ ਜਾਣ ਵਾਲਾ ਇੱਕ ਪਦਾਰਥ ਹੈ, ਜੋ ਅਕਸਰ ਚਾਈਨੀਜ਼ ਫ਼ੂਡ ਵਿੱਚ ਵੀ ਪਾਇਆ ਜਾਂਦਾ ਹੈ। ਇਹ ਪਦਾਰਥ ਹੈ, ਅਜੀਨੋਮੋਟੋ ਜੋ ਖਾਣੇ ਦੇ ਸੁਆਦ ਨੂੰ ਵਧਾਉਣ ਲਈ ਵਰਤਿਆ ਜਾਂਦਾ ਹੈ। ਮਾਹਰਾਂ ਮੁਤਾਬਕ ਜੇ ਭੋਜਨ ਵਿੱਚ ਅਜੀਨੋਮੋਟੋ ਨਿਰਧਾਰਿਤ ਮਾਪਦੰਡਾਂ ਤੋਂ ਵੱਧ ਵਰਤਿਆ ਜਾਵੇ ਜਾਂ ਫ਼ਿਰ ਅਸੀਂ ਅਜੀਨੋਮੋਟੋ ਵਾਲੇ ਪਦਾਰਥਾਂ ਦਾ ਲਗਾਤਾਰ ਸੇਵਨ ਕਰੀਏ ਤਾਂ ਇਹ ਕਈ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ। 60ਵਿਆਂ ਤੋਂ ਹੀ ਆਲਮੀ ਸਿਹਤ ਮਾਹਰ ਅਜੀਨੋਮੋਟੋ ਦੇ ਸੇਵਨ ਨੂੰ ਲੈ ਕੇ ਸਵਾਲ ਖੜੇ ਕਰਦੇ ਰਹੇ ਹਨ। ਮਾਹਰਾਂ ਮੁਤਾਬਕ ਇਹ ਦਿਮਾਗ ਉੱਤੇ ਅਸਰ ਪਾ ਸਕਦਾ ਹੈ ਅਤੇ ਤੁਹਾਨੂੰ 'ਫ਼ੂਡ ਅਡਿਕਟ' ( ਨਸ਼ੇੜੀ) ਵੀ ਕਰ ਸਕਦਾ ਹੈ। ਬੱਚਿਆਂ, ਗਰਭਵਤੀ ਔਰਤਾਂ ਅਤੇ ਬਜ਼ੁਰਗਾਂ ਦੀ ਸਿਹਤ ਨੂੰ ਇਹ ਖ਼ਾਸ ਕਰਕੇ ਪ੍ਰਭਾਵਿਤ ਕਰ ਸਕਦਾ ਹੈ।

ਅਸੀਂ ਇਸ ਦੇ ਪ੍ਰਭਾਵ ਬਾਰੇ ਮਾਹਰਾਂ ਨਾਲ ਗੱਲਬਾਤ ਕੀਤੀ ਅਤੇ ਬੀਤੇ ਸਮੇਂ ਵਿੱਚ ਇਸ ਵਿਸ਼ੇ ਉੱਤੇ ਹੋਏ ਅਧਿਐਨਾਂ ਨੂੰ ਵੀ ਘੋਖਿਆ।



### ਅਜੀਨੋਮੋਟੋ ਕੀ ਹੈ

ਮੋਨੋਸੋਡੀਅਮ ਗਲੇਟਮੇਟ (ਐੱਮਐੱਸਜੀ) ਜਿਸ ਨੂੰ ਅਜੀਨੋਮੋਟੋ ਵਜੋਂ ਜਾਣਿਆ ਜਾਂਦਾ ਹੈ, ਇੱਕ ਅਜਿਹਾ ਪਦਾਰਥ ਹੈ, ਜਿਸ ਨੂੰ ਰੈਸਟੋਰੈਂਟ ਅਕਸਰ ਖਾਣੇ ਦਾ ਸੁਆਦ ਵਧਾਉਣ ਲਈ ਵਰਤਦੇ ਹਨ, ਖ਼ਾਸਕਰ ਤਰੀ ਵਾਲੀਆਂ ਸਬਜ਼ੀਆਂ, ਸੂਪ, ਦਾਲਾਂ ਜਾਂ ਡੱਬਾ ਬੰਦ ਭੋਜਨਾਂ ਵਿੱਚ। ਅਜੀਨੋਮੋਟੋ ਬਣਦਾ ਕਿਵੇਂ ਹੈ, ਇਸ ਬਾਰੇ ਜਾਣਨ ਤੋਂ ਪਹਿਲਾਂ ਇਸ ਦੇ ਨਾਮ ਨਾਲ ਜੁੜੀ ਦਿਲਚਸਪ ਗੱਲ ਤੁਹਾਡੇ ਨਾਲ ਸਾਂਝੀ ਕਰਦੇ ਹਾਂ।

ਅਜੀਨੋਮੋਟੋ ਇੱਕ ਜਪਾਨੀ ਸ਼ਬਦ ਹੈ, ਜਿਸ ਦਾ ਅਰਥ ਹੈ 'ਸੁਆਦ ਵਾਲਾ ਤੱਤ'। ਸਾਲ 1909 ਵਿੱਚ ਜਪਾਨ ਦੇ ਹੀ ਡਾਕਟਰ ਕੀਕੂਨੇ ਅਕੇਦਾ ਨੇ ਇੱਕ ਕੰਪਨੀ ਬਣਾਈ, ਜਿਸ ਦਾ ਨਾਮ 'ਅਜੀਨੋਮੋਟੋ ਕਾਰਪੋਰੇਸ਼ਨ' ਰੱਖਿਆ ਗਿਆ। ਇਸ ਕੰਪਨੀ ਨੇ ਜਿਹੜੀ ਪਹਿਲੀ ਚੀਜ਼ ਬਣਾਈ ਉਹ ਸੀ, ਐੱਮਐੱਸਜੀ। ਸਮੇਂ ਦੇ ਨਾਲ-ਨਾਲ ਐੱਮਐੱਸਜੀ ਨੂੰ ਅਜੀਨੋਮੋਟੋ ਵਜੋਂ ਹੀ ਜਾਣਿਆ ਜਾਣ ਲੱਗਾ। ਅਜੀਨੋਮੋਟੋ ਕੰਪਨੀ ਦੀ ਵੈੱਬਸਾਈਟ ਮੁਤਾਬਕ ਇਸ ਨੂੰ ਸਭ ਤੋਂ ਪਹਿਲਾਂ ਕਣਕ ਦੇ ਗਲੂਟਨ ਤੋਂ ਤਿਆਰ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਇਸ ਲਈ ਸੋਇਆਬੀਨ ਦੀ ਵਰਤੋਂ ਹੋਣ ਲੱਗੀ। ਹੁਣ ਇਹ ਮੱਕੀ ਅਤੇ ਉਸ ਵਰਗੀਆਂ ਬੀਜਦਾਰ ਫ਼ਸਲਾਂ ਦੀ ਬੈਕਟੀਰੀਆ ਫ਼ਰਮੇਸ਼ਨ ਨਾਲ ਤਿਆਰ ਹੋਣ ਲੱਗਾ ਹੈ।

ਐੱਮਐੱਸਜੀ ਗਲੂਟਾਮਿਕ ਐਸਿਡ ਦਾ ਸੋਡੀਅਮ ਲੂਣ ਹੈ, ਜੋ ਕਿ ਕੁਦਰਤੀ ਤੌਰ 'ਤੇ ਪੈਦਾ ਹੋਣ ਵਾਲੇ ਅਮੀਨੋ ਐਸਿਡਾਂ ਵਿੱਚੋਂ ਇੱਕ ਹੈ। ਗਲੂਟਾਮਿਕ ਐਸਿਡ ਬਹੁਤ ਸਾਰੇ ਭੋਜਨਾਂ ਵਿੱਚ ਪਾਇਆ ਜਾਂਦਾ ਹੈ, ਜੋ ਅਸੀਂ ਹਰ ਰੋਜ਼ ਖਾਂਦੇ ਹਾਂ, ਜਿਸ ਵਿੱਚ ਮੀਟ, ਮੱਛੀ, ਅੰਡੇ ਅਤੇ ਡੇਅਰੀ ਉਤਪਾਦਾਂ ਦੇ ਨਾਲ-ਨਾਲ ਟਮਾਟਰ, ਮੱਕੀ ਅਤੇ ਅਨਾਜ ਸ਼ਾਮਲ ਹਨ।

### ਅਜੀਨੋਮੋਟੋ ਕਿਨ੍ਹਾਂ ਖਾਣਿਆਂ ਵਿੱਚ ਵਰਤਿਆ ਜਾਂਦਾ

ਅਸੀਂ ਘਰਾਂ ਵਿੱਚ ਖਾਣਾ ਬਣਾਉਂਦਿਆਂ ਅਜੀਨੋਮੋਟੋ ਕਿਸੇ ਦਾਲ- ਸਬਜ਼ੀ ਵਿੱਚ ਪਾਇਆ ਹੋਵੇ ਅਜਿਹਾ ਤਾਂ ਬਹੁਤ ਘੱਟ ਦੇਖਿਆ ਗਿਆ। ਹਾਂ, ਜਪਾਨ ਤੇ ਚੀਨ ਵਿੱਚ ਕਈ ਵਾਰ ਇਸ ਦੀ ਵਰਤੋਂ ਤਰੀ ਵਾਲੇ ਪਦਾਰਥਾਂ ਵਿੱਚ ਕੀਤੀ ਜਾਂਦੀ ਹੈ। ਸਵਾਲ ਖੜ੍ਹਾ ਹੁੰਦਾ ਹੈ ਕਿ ਫ਼ਿਰ ਭਾਰਤ ਵਿੱਚ ਅਜੀਨੋਮੋਟੋ ਕਿਹੜੇ ਖਾਣਿਆ ਵਿੱਚ ਪਾਇਆ ਜਾਂਦਾ ਹੈ। ਅਜੀਨੋਮੋਟੋ ਕੰਪਨੀ ਮੁਤਾਬਕ ਇਸ ਨੂੰ ਉਮਾਮੀ ਲਈ ਵਰਤਿਆਂ ਜਾਂਦਾ ਹੈ, ਜਿਸ ਜਪਾਨੀ ਸ਼ਬਦ ਦਾ ਅਰਥ ਹੈ 'ਸਵਾਦਿਸ਼ਟ ਸਵਾਦ' ਯਾਨੀ ਬੇਹੱਦ ਸਵਾਦ। ਫ਼ੂਡ ਸੇਫ਼ਟੀ ਵਿਭਾਗ ਤੋਂ ਜੁਆਇੰਟ ਡਾਇਰੈਕਟਰ ਦੇ ਅਹੁਦੇ 'ਤੇ ਸੇਵਾਵਾਂ ਨਿਭਾ ਚੁੱਕੇ ਮਨੋਕ ਖੋਸਲਾ ਕਹਿੰਦੇ ਹਨ, "ਇਹ ਆਮ ਦੇਖਿਆ ਗਿਆ ਹੈ ਕਿ ਭਾਰਤ ਵਿੱਚ ਜਿਹੜੇ ਰੈਸਟੋਰੈਂਟ ਰਵਾਇਤੀ ਤਰੀਕਿਆਂ ਦੀ ਬਜਾਇ ਸੌਖੇ ਤਰੀਕੇ ਨਾਲ ਚਾਈਨੀਜ਼ ਖਾਣੇ ਵਿੱਚ ਸੁਆਦ ਲਿਆਉਣਾ ਚਾਹੁੰਦੇ ਉਹ ਅਕਸਰ ਹੀ ਸੁਆਦ ਲਈ ਅਜੀਨੋਮੋਟੋ ਦੀ ਵਰਤੋਂ ਕਰਦੇ ਹਨ।" "ਇੰਨਾ ਹੀ ਨਹੀਂ ਬੇਕਰੀ ਦੇ ਕਈ ਪਦਾਰਥਾਂ ਜਿਵੇਂ ਕਿ ਬਿਸਕੁਟ, ਬਰੈੱਡ ਵਗੈਰਾ ਵਿੱਚ ਵੀ ਇਸ ਦੀ ਵਰਤੋਂ ਕੀਤੀ ਜਾਂਦੀ ਹੈ।" ਵਿਸ਼ਵ ਸਿਹਤ ਸੰਗਠਨ ਦਾ ਵੀ ਕਹਿਣਾ ਹੈ ਕਿ ਇਸ ਦੀ ਵਰਤੋਂ ਦੁਨੀਆਂ ਭਰ ਵਿੱਚ ਕੀਤੀ ਜਾਂਦੀ ਹੈ।

ਮਨੋਜ ਖੋਸਲਾ ਦੱਸਦੇ ਹਨ ਕਿ ਅੱਜ-ਕੱਲ੍ਹ ਸਲਾਦ ਜਾਂ ਸੈਂਡਵਿੱਚ ਬਣਾਉਣ ਲੱਗਿਆਂ ਵੱਖ-ਵੱਖ ਤਰ੍ਹਾਂ ਦੇ ਸਪਰੈਡ ਇਸਤੇਮਾਲ ਕਰਨ ਦਾ ਚਲਣ ਹੈ। ਜਿਨ੍ਹਾਂ ਵਿੱਚੋਂ ਬਹੁਤਿਆਂ ਵਿੱਚ ਅਜੀਨੋਮੋਟੋ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ ਕਿ ਮੇਈਨੀਜ਼, ਕੈੱਚਅਪ, ਬਾਰਬੀਕਿਊ ਸਾਸ, ਫ਼ਰੋਜ਼ਨ ਨੂਡਲਜ਼ ਅਤੇ ਪੀਜ਼ਾ ਵਿੱਚ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਸੂਪ, ਮਨਚੂਰੀਅਨ ਜਾਂ ਚੀਜ਼ ਚਿੱਲੀ ਵਰਗੇ ਪਕਵਾਨਾਂ ਵਿੱਚ ਵੀ ਇਸ ਦੀ ਵਰਤੋਂ ਕੀਤੀ ਜਾਂਦੀ ਹੈ।

ਵਿਸ਼ਵ ਸਿਹਤ ਸੰਗਠਨ ਮੁਤਾਬਕ ਇਸ ਦੀ ਵਰਤੋਂ ਕਈ ਰੈਸਟੋਰੈਂਟ ਭੋਜਨ ਵਿੱਚ ਲੂਣ ਦੀ ਥਾਂ ਵੀ ਕਰਦੇ ਹਨ, ਜਦੋਂ ਕਿ ਇਸ ਵਿੱਚ ਲੂਣ ਦੇ ਮੁਕਾਬਲੇ ਤੀਜਾ ਹਿੱਸਾ ਸੋਡੀਅਮ ਹੁੰਦਾ ਹੈ। ਯਾਨੀ ਇਹ ਸਰੀਰ ਵਿੱਚ ਸੋਡੀਅਮ ਦੀ ਘਾਟ ਪੈਦਾ ਕਰ ਸਕਦਾ ਹੈ। ਅਜੀਨੋਮੋਟੋ ਦੀ ਵੈੱਬਸਾਈਟ ਮੁਤਾਬਕ ਉਨ੍ਹਾਂ ਨੇ 100 ਸਾਲ ਪਹਿਲਾਂ ਇਹ ਗੰਧ ਰਹਿਤ ਸਫ਼ੇਦ ਕ੍ਰਿਸਟੇਲਾਈਨ ਪਾਊਡਰ ਬਣਾਇਆ ਸੀ, ਜੋ ਅੱਜ ਦੁਨੀਆਂ ਭਰ ਦੀਆਂ ਰਸੋਈਆਂ ਦਾ ਹਿੱਸਾ ਹੈ।

ਧੰਨਵਾਦ ਸਹਿਤ ਬੀਬੀਸੀ ਪੰਜਾਬੀ

ਸਫ਼ਾ 1 ਦਾ ਬਾਕੀ

## ਐਨ.ਡੀ.ਪੀ. ਨੇ ਲਿਬਰਲ ਸਰਕਾਰ

ਵਿਰੋਧੀ ਪਾਰਟੀਆਂ ਹੁਣ ਟਰੂਡੋ ਸਰਕਾਰ ਵਿਰੁੱਧ ਕੋਈ ਬੇਭਰੋਸਗੀ ਦਾ ਮਤਾ ਪੇਸ਼ ਕਰਨ ਅਤੇ ਉਹ ਮਤਾ ਐਨਡੀਪੀ ਦੇ ਬੁਨਿਆਦੀ ਸਿਧਾਂਤਾਂ ਨਾਲ ਮੇਲ ਨਹੀਂ ਖਾਂਦਾ ਤਾਂ ਜਗਮੀਤ ਸਿੰਘ ਅਤੇ ਟਰੂਡੋ ਸਰਕਾਰ ਦਾ ਬਚਾਅ ਨਹੀਂ ਕਰਨਗੇ। ਪਰ ਜੇ ਬੇਭਰੋਸਗੀ ਦਾ ਮਤਾ ਕਿਸੇ ਅਜਿਹੇ ਮੁੱਦੇ 'ਤੇ ਹੋਵੇ, ਜੋ ਐਨਡੀਪੀ ਦੀ ਵੀ ਸਿਧਾਂਤਕ ਪੁਜ਼ੀਸ਼ਨ ਹੋਵੇ ਤਾਂ ਜਗਮੀਤ ਸਿੰਘ ਨੂੰ ਸਾਥ ਦੇਣਾ ਹੀ ਪਵੇਗਾ।

ਜ਼ਾਹਰ ਹੈ ਕਿ ਹੁਣ ਵਿਰੋਧੀ ਧਿਰਾਂ ਸਰਕਾਰ ਡੇਗਣ ਲਈ ਕੋਈ ਅਜਿਹਾ ਬੇਭਰੋਸਗੀ ਦਾ ਮਤਾ ਲੱਭਣਗੀਆਂ, ਜਿਸ 'ਤੇ ਜਗਮੀਤ ਸਿੰਘ ਤੇ ਐਨਡੀਪੀ ਵੀ ਟਰੂਡੋ ਸਰਕਾਰ ਦੀ ਪੁਜ਼ੀਸ਼ਨ ਦੇ ਉਲਟ ਹੋਣ।

ਜਗਮੀਤ ਸਿੰਘ ਨੇ ਐਲਾਨ ਕੀਤਾ ਹੈ ਕਿ ਉਹ ਟਰੂਡੋ ਨਾਲ ਆਪਣਾ 2022 ਵਿਚ ਹੋਇਆ ਸਮਝੌਤਾ 'ਤੋੜ' ਰਹੇ ਹਨ। ਸੋਸ਼ਲ ਮੀਡੀਆ ਉਤੇ ਜਾਰੀ ਇਕ ਵੀਡੀਓ ਸੁਨੇਹੇ ਵਿਚ ਸਮਝੌਤਾ ਤੋੜਨ ਦਾ ਐਲਾਨ ਕਰਦਿਆਂ ਜਗਮੀਤ ਸਿੰਘ ਨੇ ਕਿਹਾ, "ਟਰੂਡੋ ਨੇ ਵਾਰ-ਵਾਰ ਸਾਬਤ ਕੀਤਾ ਹੈ ਕਿ ਉਹ ਕਾਰਪੋਰੇਟ ਲਾਲਚ ਅੱਗੇ ਝੁਕਦੇ ਰਹਿਣਗੇ।" ਉਨ੍ਹਾਂ ਦਾ ਇਸ਼ਾਰਾ ਸਰਕਾਰ ਦੇ ਮਹਿੰਗਾਈ ਨੂੰ ਨੱਥ ਪਾਉਣ ਵਿਚ ਨਾਕਾਮ ਰਹਿਣ ਵੱਲ ਸੀ।

ਜਗਮੀਤ ਸਿੰਘ ਨੇ ਨਾਲ ਹੀ ਐਲਾਨ ਕੀਤਾ ਕਿ ਉਹ ਆਗਾਮੀ ਚੋਣਾਂ ਵਿਚ ਆਪਣੀ ਪਾਰਟੀ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਹੋਣਗੇ। ਉਨ੍ਹਾਂ ਕਿਹਾ, "ਲਿਬਰਲਾਂ ਨੇ ਲੋਕਾਂ ਪੱਖੀ ਫੈਸਲੇ ਨਹੀਂ ਲਏ , ਉਹ ਹਕੂਮਤ ਦਾ ਇਕ ਹੋਰ ਮੌਕਾ ਹਾਸਲ ਕਰਨ ਦੇ ਹੱਕਦਾਰ ਨਹੀਂ ਹਨ।"

ਦੂਜੇ ਪਾਸੇ ਟਰੂਡੋ ਨੇ ਆਪਣੀ ਸਰਕਾਰ ਅਤੇ ਆਪਣੇ ਸਮਾਜਿਕ ਪ੍ਰੋਗਰਾਮ ਜਾਰੀ ਰੱਖਣ ਦਾ ਐਲਾਨ ਕਰਦਿਆਂ ਸਮੇਂ ਤੋਂ ਪਹਿਲਾਂ ਚੋਣਾਂ ਕਰਾਉਣ ਤੋਂ ਨਾਂਹ ਕਰ ਦਿੱਤੀ ਹੈ। ਦੱਸਣਯੋਗ ਹੈ ਕਿ ਚੋਣ ਸਰਵੇਖਣਾਂ ਮੁਤਾਬਕ ਹੁਣੇ ਚੋਣਾਂ ਹੋਣ ਦੀ ਸੂਰਤ ਵਿਚ ਟਰੂਡੋ ਦੀ ਪਾਰਟੀ ਬੁਰੀ ਤਰ੍ਹਾਂ ਹਾਰ ਜਾਵੇਗੀ। ਇਸ ਕਾਰਨ ਟਰੂਡੋ ਚੋਣਾਂ ਕਰਾਉਣ ਦਾ ਖ਼ਤਰਾ ਕਿਵੇਂ ਵੀ ਨਹੀਂ ਸਹੇੜ ਸਕਦੇ ਅਤੇ ਇਸ ਦੀ ਥਾਂ ਉਨ੍ਹਾਂ ਨੂੰ ਸੱਤਾ ਵਿਚ ਬਣੇ ਰਹਿਣ ਲਈ ਵਿਰੋਧੀ ਧਿਰ ਦੇ ਹੋਰ ਕਾਨੂੰਨਸਾਜ਼ਾਂ ਦੀ ਮਦਦ ਲੈਣੀ ਪਵੇਗੀ।

ਇਕ ਸਕੂਲ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਕਿਹਾ, "ਚੋਣਾਂ ਅਗਲੇ ਸਾਲ ਹੀ ਹੋਣਗੀਆਂ, ਸੰਭਵ ਤੌਰ 'ਤੇ ਅਗਲੀ ਪਤਝੜ ਰੁੱਤ ਤੋਂ ਪਹਿਲਾਂ ਨਹੀਂ, ਕਿਉਂਕਿ ਇਸ ਸਮੇਂ ਦੌਰਾਨ ਅਸੀਂ ਕੈਨੇਡੀਅਨਾਂ ਲਈ ਕਾਫ਼ੀ ਕੁਝ ਕਰਨਾ ਹੈ।"

ਉਧਰ ਪੀਅਰ ਪੌਲੀਐਵ ਨੇ ਬੁੱਧਵਾਰ ਨੂੰ ਜਗਮੀਤ ਦੇ ਇਸ ਕਦਮ ਬਾਰੇ ਬੋਲਦੇ ਹੋਏ ਕਿਹਾ ਕਿ ਉਹ ਇਸ ਸਬੰਧੀ ਗੰਭੀਰ ਨਹੀਂ ਹਨ ਅਤੇ ਮੀਡੀਆ 'ਚ ਬਣੇ ਰਹਿਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਜਗਮੀਤ ਸਿੰਘ ਨੇ ਇਸੇ ਲਈ ਲਿਬਰਲ ਸਰਕਾਰ ਵਿਰੁੱਧ ਜਲਦ ਤੋਂ ਜਲਦ ਅਵਿਸ਼ਵਾਸ ਵੋਟ ਦੇਣ ਬਾਰੇ ਗੱਲ ਨਹੀਂ ਕੀਤੀ ਹੈ।

ਬੁੱਧਵਾਰ ਦੇ ਆਪਣੇ ਐਲਾਨ ਤੋਂ ਬਾਅਦ ਇੱਕ ਮੀਡੀਆ ਰਿਲੀਜ਼ ਵਿੱਚ, ਜਗਮੀਤ ਨੇ ਕਿਹਾ ਸੀ, ਐਨਡੀਪੀ ਚੋਣਾਂ ਲਈ ਤਿਆਰ ਹੈ, ਅਤੇ ਭਰੋਸਗੀ ਦੀ ਵੋਟ ਦੇ ਹਰ ਉਪਾਅ ਵਿਚ ਬੇਭਰੋਸਗੀ ਲਈ ਵੋਟ ਪਾਉਣਾ ਵਿਚਾਰ ਅਧੀਨ ਹੋਵੇਗਾ।

## ਬੀ.ਸੀ. ਵਿੱਚ ਜੁਲਾਈ....

ਵਰਤਮਾਨ ਦਰ ਪ੍ਰਾਂਤ ਵਿੱਚ ਦਿਨ ਦੇ 6.2 ਲੋਕਾਂ ਦੀ ਮੌਤ ਦਾ ਬਰਾਬਰ ਹੈ। ਕੋਰੋਨਰ ਸੇਵਾ ਦੇ ਅੰਕੜੇ ਦਿਖਾਉਂਦੇ ਹਨ ਕਿ ਇਸ ਸਾਲ ਓਵਰਡੋਜ਼ ਕਾਰਨ ਸਭ ਤੋਂ ਜ਼ਿਆਦਾ ਮੌਤਾਂ ਵੈਨਕੂਵਰ ਵਿੱਚ 296, ਸਰੀ ਵਿੱਚ 130 ਅਤੇ ਗ੍ਰੇਟਰ ਵਿਕਟੋਰੀਆ ਵਿੱਚ 101 ਹੋਈਆਂ ਹਨ।

ਉਤਰੀ ਹੈਲਥ ਖੇਤਰ ਦੀ ਮੌਤ ਦੀ ਦਰ ਸਭ ਤੋਂ ਉੱਚੀ ਹੈ, ਜੋ ਕਿ 100,000 ਲੋਕਾਂ 'ਤੇ 75.7 ਦੇ ਕਰੀਬ ਪਹੁੰਚ ਗਈ ਹੈ। This report was written by Simranjit Singh as part of the Local Journalism Initiative.

# ਪੈਰਾਓਲੰਪਿਕ ਕੈਨੇਡਾ ਦਾ ਸ਼ਾਨਦਾਰ ਪ੍ਰਦਰਸ਼ਨ, 14ਵੇਂ ਸਥਾਨ 'ਤੇ ਰਿਹਾ ਕੈਨੇਡਾ

ਸਰੀ : ਕੈਨੇਡਾ ਨੇ ਇਸ ਸਾਲ ਪੈਰਾਓਲੰਪਿਕ ਖੇਡਾਂ ਵਿੱਚ ਕੁੱਲ 20 ਤਮੱਗੇ ਜਿੱਤੇ। ਇਸ ਵਿੱਚ 6 ਸੋਨੇ ਦੇ ਤਮੱਗੇ, 6 ਚਾਂਦੀ ਦੇ ਤਮੱਗੇ ਅਤੇ 8 ਕਾਂਸੀ ਦੇ ਤਮੱਗੇ ਸ਼ਾਮਲ ਹਨ। ਕੈਨੇਡਾ ਦੇ ਖਿਡਾਰੀਆਂ ਨੇ ਖੇਡਾਂ ਵਿੱਚ ਆਪਣਾ ਲਾਜਵਾਬ ਪ੍ਰਦਰਸ਼ਨ ਕਰਦੇ ਹੋਏ ਹੁਣ ਤੱਕ 14 ਸਥਾਨ ਕਬਜ਼ਾ ਕੀਤਾ ਹੈ।




ਨਿਕੋਲਸ ਬੈਨੇਟ ਅਤੇ ਗ੍ਰੇਗ ਸਟੂਅਰਟ ਨੇ ਸੋਨੇ ਦੇ ਤਮੱਗੇ ਜਿੱਤੇ, ਜਦਕਿ ਨੈਥਨ ਕਲੇਮੈਂਟ ਅਤੇ ਰੀਡ ਮੈਕਸਵੈਲ ਨੇ ਚਾਂਦੀ ਦੇ ਤਮੱਗੇ ਹਾਸਲ ਕੀਤੇ। ਬੈਨੇਟ ਨੇ 200-ਮੀਟਰ ਇੰਡੀਵਿਜ਼ੁਅਲ ਮੈਡਲੀ ਵਿੱਚ ਸੋਨਾ ਜਿੱਤਿਆ, ਦੋ ਦਿਨਾਂ ਬਾਅਦ ਜਦੋਂ ਉਸਨੇ 100 ਬ੍ਰੈਸਟਸਟ੍ਰੋਕ ਵਿੱਚ ਸੋਨਾ ਜਿੱਤਿਆ ਸੀ। ਪਾਰਕਸਵਿਲ, ਬੀ.ਸੀ. ਦੇ 20 ਸਾਲਾ ਖਿਡਾਰੀ ਨੇ ਪੈਰਾਓਲੰਪਿਕ ਰਿਕਾਰਡ ਦੋ ਮਿੰਟ 6.05 ਸਕਿੰਟ ਨਾਲ ਸਥਾਪਿਤ ਕੀਤਾ। ਰੀਡ ਮੈਕਸਵੈਲ ਨੇ 400-ਮੀਟਰ ਫ੍ਰੀਸਟਾਈਲ ਵਿੱਚ ਚਾਂਦੀ ਦੇ ਤਮੱਗੇ ਲਈ ਦੌੜਦਾ ਹੋਇਆ ਅਲਬਰਟੋ ਅਮੋਡੇਓ ਨਾਲ ਮੁਕਾਬਲਾ ਕੀਤਾ। ਮੈਕਸਵੈਲ 17 ਸਾਲ ਦਾ ਹੈ ਅਤੇ ਉਸਨੇ ਪੈਰਾਓਲੰਪਿਕ ਤਮੱਗੇ ਜਿੱਤਣ ਵਾਲਾ ਸਭ ਤੋਂ ਨੌਜਵਾਨ ਕੈਨੇਡੀਅਨ ਤੈਰਾਕ ਬਣ ਗਿਆ ਹੈ।

# ਭਾਰਤ ਦੇ ਖਿਡਾਰੀਆਂ ਨੇ ਪੈਰਾਓਲੰਪਿਕ ਖੇਡਾਂ ਰਿਕਾਰਡ 25 ਤਮਗੇ ਜਿੱਤੇ

ਵੈਨਕੂਵਰ : ਪੈਰਿਸ ਵਿੱਚ 2024 ਪੈਰਾਓਲੰਪਿਕ ਖੇਡਾਂ ਵਿੱਚ ਭਾਰਤ ਦੇ ਪੈਰਾਓਲੰਪਿਕ ਖਿਡਾਰੀਆਂ ਨੇ ਇਤਿਹਾਸ ਬਣਾਇਆ ਹੈ। ਭਾਰਤ ਦੀ ਟੀਮ ਨੇ ਹੁਣ ਤੱਕ 25 ਤਮੱਗੇ ਜਿੱਤੇ ਹਨ, ਜੋ ਪਿਛਲੇ 19 ਤਮੱਗਿਆਂ ਦੇ ਰਿਕਾਰਡ ਨੂੰ ਤੋੜਿਆ ਹੈ ਜੋ ਟੋਕਿਓ ਪੈਰਾਓਲੰਪਿਕਸ ਵਿੱਚ ਕਾਇਮ ਕੀਤਾ ਗਿਆ ਸੀ।




ਅਵਨੀ ਲੇਖਰਾ ਨੇ ਮਹਿਲਾ 10ਮੀ ਏਅਰ ਰਾਈਫਲ ਸਟੈਂਡਿੰਗ ਸ਼੍ਹ1 ਵਿੱਚ ਆਪਣੇ ਦੂਜੇ ਸੋਨੇ ਦੇ ਤਮੱਗੇ ਨਾਲ ਇਤਿਹਾਸ ਬਣਾਇਆ ਅਤੇ ਦੋ ਪੈਰਾਓਲੰਪਿਕ ਸੋਨੇ ਦੇ ਤਮੱਗੇ ਜਿੱਤਣ ਵਾਲੀ ਪਹਿਲੀ ਭਾਰਤੀ ਔਰਤ ਬਣ ਗਈ।

ਨਿਤੇਸ਼ ਕੁਮਾਰ ਨੇ ਮੈਨਜ਼ ਸਿੰਗਲਜ਼ ਸ਼ਲ਼3 ਬੈਡਮਿੰਟਨ ਵਿੱਚ ਸੋਨਾ ਜਿੱਤਿਆ

ਸੁਮੀਤ ਅੰਟਿਲ ਨੇ ਜਾਵਲਿਨ ਵਿੱਚ ਆਪਣੇ ਦੂਜੇ ਪੈਰਾਓਲੰਪਿਕ ਸੋਨੇ ਦੇ ਤਮੱਗੇ ਨਾਲ ਆਪਣੇ ਹੀ ਰਿਕਾਰਡ ਨੂੰ ਤੋੜਿਆ। ਉਸ ਨੇ 70.59 ਮੀਟਰ ਦਾ ਰਿਹਾ।

ਨਿਸ਼ਾਦ ਕੁਮਾਰ ਨੇ ਹਾਈ ਜੰਪ (ਠ47) ਵਿੱਚ ਆਪਣੀ ਦੂਜੀ ਪੈਰਾਓਲੰਪਿਕ ਚਾਂਦੀ ਦਾ ਤਗਮਾ ਹਾਸਲ ਕੀਤਾ। ਉਸ ਨੇ 2.04 ਮੀਟਰ ਉੱਚੀ ਛਾਲ ਮਾਰੀ ਜੋ ਉਸ ਦੇ ਟੋਕਿਓ 2020 ਵਿੱਚ 2.06 ਮੀਟਰ ਦੇ ਰਿਕਾਰਡ ਦੇ ਬਰਾਬਰ ਹੈ।

ਮਨੀਸ਼ ਨਾਰਵਾਲ ਨੇ 10ਮੀ ਏਅਰ ਪਿਸਟਲ (ਸ਼੍ਹ1) ਵਿੱਚ ਚਾਂਦੀ ਦਾ ਤਮੱਗਾ ਜਿੱਤਿਆ। ਉਸ ਨੇ ਪਿਛਲੇ ਟੋਕਿਓ ਦੇ ਸੋਨੇ ਦੇ ਤਮੱਗੇ ਦੇ ਸਫਲਤਾ ਨੂੰ ਦੁਹਰਾਉਣ ਦੀ ਕੋਸ਼ਿਸ਼ ਕੀਤੀ ਪਰ ਥੋੜ੍ਹੇ ਫਰਕ ਨਾਲ ਪਿਛਲੇ ਰਹਿ ਗਿਆ।

# ਬੀ.ਸੀ. ਐਨ.ਡੀ.ਪੀ. ਨੇ ਨੌਰਥ ਡੈਲਟਾ 'ਚ ਚੋਣ ਮੁਹਿੰਮ ਦਾ ਦਫ਼ਤਰ ਖੋਲ੍ਹਿਆ







ਨੌਰਥ ਡੈਲਟਾ (ਸਿਮਰਨਜੀਤ ਸਿੰਘ) ਆਉਣ ਵਾਲੀਆਂ ਚੋਣਾਂ ਦੀ ਤਿਆਰੀ ਨੂੰ ਹੋਰ ਮਜ਼ਬੂਤ ਕਰਨ ਲਈ ਬ੍ਰਿਟਿਸ਼ ਕੋਲੰਬੀਆ ਐਨਡੀਪੀ ਨੇ ਆਪਣੀ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ। ਸ਼ੁੱਕਰਵਾਰ ਨੂੰ ਬੀਸੀ ਐਨਡੀਪੀ ਦੇ ਨੇਤਾ ਡੇਵਿਡ ਈਬੀ ਨੇ ਨੌਰਥ ਡੈਲਟਾ ਵਿੱਚ ਜੈਸੀ ਸੁਨਰ (ਸਰੀ ਨਿਊਟਨ), ਰਚਨਾ ਸਿੰਘ (ਸਰੀ ਨਾਰਥ), ਅਤੇ ਰਵਿ ਕਾਹਲੋਂ (ਡੈਲਟਾ ਨਾਰਥ) ਨਾਲ਼ ਮਿਲ ਕੇ ਆਪਣੇ ਚੋਣ ਦਫ਼ਤਰ ਦਾ ਉਦਘਾਟਨ ਕੀਤਾ।

ਇਸ ਮੁਹਿੰਮ ਦਾ ਉਦੇਸ਼ ਸਥਾਨਕ ਸਮਾਜ ਨਾਲ ਜੁੜਨਾ ਅਤੇ ਚੋਣਾਂ ਲਈ ਉਮੀਦਵਾਰਾਂ ਨੂੰ ਵਧੇਰੇ ਮਜ਼ਬੂਤ ਕਰਨਾ ਹੈ। ਡੇਵਿਡ ਈਬੀ ਨੇ ਸਮਾਜ ਨੂੰ ਸੂਚਿਤ ਕੀਤਾ ਕਿ ਬੀਸੀ ਐਨਡੀਪੀ ਦੀ ਟੀਮ ਸਮਾਜ ਦੇ ਹਿੱਤਾਂ ਦੀ ਰੱਖਿਆ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ "ਅਸੀਂ ਬੀਸੀ ਦੇ ਵਾਸੀਆਂ ਲਈ ਮੁੱਖ ਸਮੱਸਿਆਵਾਂ ਹੱਲ ਕਰਨ ਲਈ ਪ੍ਰਤੀਬੱਧ ਹਾਂ, ਅਤੇ ਇਸ ਮੁਹਿੰਮ ਰਾਹੀਂ ਅਸੀਂ ਲੋਕਾਂ ਦੇ ਦਿਲ ਜਿੱਤਣ ਦੇ ਯਤਨ ਕਰਾਂਗੇ"




ਇਸ ਮੌਕੇ ਸਥਾਨਕ ਵਰਕਰਾਂ ਅਤੇ ਸਮਰਥਕਾਂ ਨਾਲ ਰਵਾਇਤੀ ਸਵਾਲ-ਜਵਾਬ ਸੈਸ਼ਨ ਵੀ ਆਯੋਜਿਤ ਕੀਤੇ ਗਏ। ਜੈਸੀ ਸੁਨਰ ਨੇ ਕਿਹਾ, "ਮੈਂ ਸਰੀ ਨਿਊਟਨ ਵਿੱਚ ਭਰੋਸੇਯੋਗ ਪ੍ਰਤਿਨਿਧਿਤਾ ਦੇਣ ਲਈ ਤਿਆਰ ਹਾਂ, ਅਤੇ ਸਾਡੇ ਇਲਾਕੇ ਦੇ ਵਾਸੀਆਂ ਨੂੰ ਬਿਹਤਰ ਸੇਵਾਵਾਂ ਮਿਲਣ ਲਈ ਮੈਂ ਵਚਨਬੱਧ ਹਾਂ।"

ਰਚਨਾ ਸਿੰਘ ਨੇ ਸਰੀ ਨਾਰਥ ਦੀ ਵਿਰਾਸਤ ਤੇ ਫ਼ਖਰ ਜਤਾਉਂਦੇ ਹੋਏ ਕਿਹਾ ਕਿ ਉਹ ਆਪਣੇ ਇਲਾਕੇ ਦੀਆਂ ਭਲਾਈ ਸਕੀਮਾਂ ਵਿੱਚ ਵੱਧ ਚੜ੍ਹ ਕੇ ਭਾਗ ਲੈਣਗੇ। "ਸਰੀ ਵਿੱਚ ਸਾਡਾ ਮਕਸਦ ਵਧੇਰੇ ਜ਼ਰੂਰਤਮੰਦ ਪਰਿਵਾਰਾਂ ਅਤੇ ਬੱਚਿਆਂ ਲਈ ਪਹੁੰਚਯੋਗ ਸੇਵਾਵਾਂ ਮੁਹੱਈਆ ਕਰਾਉਣ ਦਾ ਹੈ।"

ਰਵੀ ਕਾਹਲੋਂ ਨੇ ਡੈਲਟਾ ਨਾਰਥ ਦੇ ਵਿਕਾਸ ਲਈ ਆਪਣੇ ਦ੍ਰਿਸ਼ਟੀਕੋਣ ਬਾਰੇ ਗੱਲ ਕੀਤੀ, ਉਹਨਾਂ ਨੇ ਕਿਹਾ, "ਡੈਲਟਾ ਦੇ ਲੋਕਾਂ ਦੀਆਂ ਉਮੀਦਾਂ ਨੂੰ ਪੂਰਾ ਕਰਨ ਲਈ ਅਸੀਂ ਆਪਣੀ ਪੂਰੀ ਟੀਮ ਨਾਲ ਮਿਹਨਤ ਕਰਾਂਗੇ।"

ਇਸ ਸਮਾਗਮ ਵਿਚ ਵੱਡੀ ਗਿਣਤੀ ਵਿੱਚ ਸਮਰਥਕਾਂ ਅਤੇ ਸਥਾਨਕ ਲੋਕਾਂ ਨੇ ਸ਼ਮੂਲੀਅਤ ਕੀਤੀ।

This report was written by Simran Singh as part of the Local Journalism Initiative.

# ਕੈਨੇਡਾ ਤੋਂ ਬਾਅਦ ਅਮਰੀਕਾ ਸਮੇਤ ਕਈ ਵੱਡੇ ਦੇਸ਼ਾਂ ਵਲੋਂ ਬਦਲੇ ਜਾ ਰਹੇ ਹਨ ਵੀਜ਼ਾ ਨਿਯਮ

ਸਰੀ, (ਸਿਮਰਨਜੀਤ ਸਿੰਘ): ਵਧ ਰਹੇ ਵਿਦਿਆਰਥੀਆਂ ਦੇ ਬੇਹਿਸਾਬ ਦਾਖਲਿਆਂ ਅਤੇ ਸਥਾਨਕ ਬਜ਼ਾਰਾਂ 'ਤੇ ਪੈ ਰਹੇ ਦਬਾਅ ਨੂੰ ਦੇਖਦੇ ਹੋਏ, ਕੈਨੇਡਾ ਅਤੇ ਅਮਰੀਕਾ ਨੇ ਆਪਣੇ ਸਟੱਡੀ ਵੀਜ਼ਾ ਨਿਯਮਾਂ ਵਿੱਚ ਕਾਫ਼ੀ ਤਬਦੀਲੀਆਂ ਕੀਤੀਆਂ ਹਨ। ਇਹ ਬਦਲਾਅ ਮੁੱਖ ਤੌਰ 'ਤੇ ਉਹਨਾਂ ਦੇਸ਼ਾਂ ਲਈ ਕੀਤੇ ਗਏ ਹਨ ਜਿੱਥੋਂ ਵੱਡੀ ਗਿਣਤੀ ਵਿੱਚ ਵਿਦਿਆਰਥੀ ਆ ਰਹੇ ਸਨ, ਜਿਸ ਨਾਲ ਸਥਾਨਕ ਰਿਹਾਇਸ਼ੀ ਸੰਕਟ ਸਮੇਤ ਹੋਰ ਕਈ ਸਮੱਸਿਆਵਾਂ ਖੜ੍ਹੀਆਂ ਹੋ ਰਹੀਆਂ ਸਨ। ਇਸ ਸਖ਼ਤੀ ਦਾ ਮੁੱਖ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਸਿਰਫ਼ ਉਹੀ ਵਿਦਿਆਰਥੀ ਵੀਜ਼ਾ ਪ੍ਰਾਪਤ ਕਰ ਸਕਣ ਜੋ ਅਸਲ ਵਿੱਚ ਉੱਚ ਸਿੱਖਿਆ ਲਈ ਆਉਣ ਦੇ ਇੱਛੁਕ ਹਨ।

ਸਭ ਤੋਂ ਪਹਿਲਾਂ ਇਹ ਜਾਣਦੇ ਹਾਂ ਕਿ ਭਾਰਤੀ ਵਿਦਿਆਰਥੀ ਸਭ ਤੋਂ ਜ਼ਿਆਦਾ ਕਿਹੜੇ ਮੁਲਕਾਂ ਵਿੱਚ ਜਾਣ ਨੂੰ ਤਰਜ਼ੀਹ ਦਿੰਦੇ ਹਨ।

ਵਿਦੇਸ਼ ਮੰਤਰਾਲੇ ਵੱਲੋਂ ਰਾਜ ਸਭਾ ਵਿੱਚ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਕ, ਸਾਲ 2024 ਵਿੱਚ 13,35,878 ਭਾਰਤੀ ਵਿਦਿਆਰਥੀ ਵੱਖ-ਵੱਖ ਦੇਸ਼ਾਂ ਵਿੱਚ ਪੜ੍ਹਣ ਲਈ ਗਏ ਹਨ।

ਸਭ ਤੋਂ ਜ਼ਿਆਦਾ ਭਾਰਤੀ ਕੈਨੇਡਾ ਵਿੱਚ ਪੜ੍ਹਣ ਗਏ ਹਨ ਜਿਸ ਦੀ ਗਿਣਤੀ 4,27,000 ਹੈ। ਦੂਜੇ ਨੰਬਰ 'ਤੇ ਆਉਂਦਾ ਹੈ ਅਮਰੀਕਾ ਜਿੱਥੇ ਇਸ ਸਾਲ 3,37,630 ਵਿਦਿਆਰਥੀ ਉਚੇਰੀ ਸਿੱਖਿਆ ਲਈ ਗਏ ਹਨ। ਤੀਜੇ ਨੰਬਰ 'ਤੇ ਆਉਂਦਾ ਹੈ ਯੂਕੇ, ਜਿੱਥੇ 1,85,000 ਵਿਦਿਆਰਥੀ ਪੜ੍ਹਣ ਲਈ ਗਏ ਹਨ। ਚੌਥੇ ਨੰਬਰ 'ਤੇ 1,22,202 ਵਿਦਿਆਰਥੀਆਂ ਨਾਲ ਆਸਟ੍ਰੇਲੀਆ ਹੈ ਅਤੇ ਪੰਜਵੇਂ ਨੰਬਰ 'ਤੇ ਜਰਮਨੀ ਹੈ ਜਿੱਥੇ 42,997 ਵਿਦਿਆਰਥੀ ਗਏ ਸਨ।

ਰਾਜ ਸਭਾ ਵਿੱਚ ਜਾਰੀ ਕੀਤੇ ਗਏ ਇਨ੍ਹਾਂ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਸਾਲ 2019 ਵਿੱਚ 6,75,541 ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹਣ ਲਈ ਗਏ ਸਨ ਜਦੋਂ ਕਿ 2024 ਵਿੱਚ 13,35,878 ਵਿਦਿਆਰਥੀ ਹੋਰ ਦੇਸ਼ਾਂ ਪੜ੍ਹਾਈ ਲਈ ਗਏ ਹੈ।

ਯਾਨੀ ਤਕਰੀਬਨ ਦੁੱਗਣਾ ਵਾਧਾ ਹੋਇਆ ਹੈ। ਹਾਲਾਂਕਿ ਮੰਤਰਾਲੇ ਕੋਲ ਸੂਬੇ ਦੇ ਆਧਾਰ 'ਤੇ ਕੋਈ ਡਾਟਾ ਨਹੀਂ ਹੈ ਕਿ ਕਿਸ ਸੂਬੇ ਤੋਂ ਕਿੰਨੇ ਨੌਜਵਾਨ ਪੜ੍ਹਾਈ ਲਈ ਬਾਹਰੇ ਮੁਲਕਾਂ ਵਿੱਚ ਗਏ ਹਨ।

ਹੁਣ ਲਾਗੂ ਕੀਤੇ ਗਏ ਨਵੇਂ ਨਿਯਮਾਂ ਤੋਂ ਬਾਅਦ



ਕਈ ਵਿਦਿਆਰਥੀਆਂ ਲਈ ਵੀਜ਼ਾ ਪ੍ਰਕਿਰਿਆ ਹੋਰ ਮੁਸ਼ਕਲ ਹੋ ਗਈ ਹੈ, ਪਰ ਉਨ੍ਹਾਂ ਵਿਦਿਆਰਥੀਆਂ ਲਈ ਦਰਵਾਜ਼ੇ ਹਾਲੇ ਵੀ ਖੁੱਲੇ ਹਨ ਜੋ ਸਰਕਾਰਾਂ ਵੱਲੋਂ ਨਿਰਧਾਰਿਤ ਨਵੇਂ ਮਾਪਦੰਡਾਂ 'ਤੇ ਖਰੇ ਉਤਰਦੇ ਹਨ। ਇਹ ਤਬਦੀਲੀਆਂ 'ਗਲਤੀਆਂ' ਨੂੰ ਸੁਧਾਰਨ ਦੇ ਇਰਾਦੇ ਨਾਲ ਕੀਤੀਆਂ ਗਈਆਂ ਹਨ, ਜੋ ਕਿ ਪਹਿਲਾਂ ਕਈ ਨਕਲੀ ਦਾਖਲਿਆਂ ਦੇ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਕੀਤੀਆਂ ਗਈਆਂ ਹਨ।

ਕੈਨੇਡਾ, ਜੋ ਕਿ ਭਾਰਤ ਤੋਂ ਸਭ ਤੋਂ ਜ਼ਿਆਦਾ ਵਿਦਿਆਰਥੀਆਂ ਦੀ ਪੜ੍ਹਾਈ ਲਈ ਮਸ਼ਹੂਰ ਗੰਤਵ ਹੈ, ਹੁਣ ਆਪਣੀਆਂ ਵੀਜ਼ਾ ਅਤੇ ਸਿੱਖਿਆ ਸੰਬੰਧੀ ਨੀਤੀਆਂ ਵਿੱਚ ਵੱਡੇ ਬਦਲਾਅ ਕਰ ਰਿਹਾ ਹੈ।

ਕੈਨੇਡਾ ਵਿੱਚ ਪੜ੍ਹਾਈ ਤੋਂ ਬਾਅਦ ਕੌਮਾਂਤਰੀ ਵਿਦਿਆਰਥੀਆਂ ਨੂੰ ਤਿੰਨ ਸਾਲ ਦਾ ਵਰਕ ਪਰਮਿਟ ਮਿਲਦਾ ਹੈ, ਜੋ ਕਿ ਉਨ੍ਹਾਂ ਨੂੰ ਪੀਐੱਨਪੀ ਜਾਂ ਫੈਡਰਲ ਸਕੀਮ ਤਹਿਤ ਸਥਾਈ ਨਾਗਰਿਕਤਾ ਲਈ ਅਪਲਾਈ ਕਰਨ ਦਾ ਮੌਕਾ ਦਿੰਦਾ ਹੈ। ਪਰ ਹੁਣ ਕੈਨੇਡਾ ਨੇ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਦੀ ਮਿਆਦ ਵਿੱਚ ਇਜਾਫ਼ਾ ਕਰਨ ਤੋਂ ਇਨਕਾਰ ਕਰ ਦਿੱਤਾ ਹੈ, ਜਿਸ ਕਾਰਨ ਬਹੁਤ ਸਾਰੇ ਵਿਦਿਆਰਥੀਆਂ ਉੱਤੇ ਮੁਲਕ ਵਾਪਸ ਭੇਜੇ ਜਾਣ ਦਾ ਖ਼ਤਰਾ ਮੰਡਰਾ ਰਿਹਾ ਹੈ।

ਕੋਵਿਡ ਦੌਰਾਨ ਕੈਨੇਡਾ ਨੇ ਲੇਬਰ ਮਾਰਕੀਟ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਆਰਜ਼ੀ ਤੌਰ 'ਤੇ ਵਰਕ ਪਰਮਿਟ ਵਿੱਚ 18 ਮਹੀਨੇ ਦਾ ਵਾਧਾ ਕੀਤਾ ਸੀ। ਪਰ ਹੁਣ ਇਹ ਬਦਲਾਅ ਵਾਪਸ ਲਏ ਗਏ ਹਨ।

ਇਸ ਦੇ ਨਾਲ ਹੀ, ਜੀਆਈਸੀ ਦੀ ਰਕਮ, ਜੋ ਕਿ ਸਟੱਡੀ ਵੀਜ਼ੇ ਉੱਪਰ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਲਈ ਲਾਜ਼ਮੀ ਹੈ, 10,000 ਡਾਲਰ ਤੋਂ ਵਧਾ ਕੇ 20,635 ਡਾਲਰ ਕਰ ਦਿੱਤੀ ਗਈ ਹੈ। ਇਹ ਨਵੇਂ ਨਿਯਮ 1 ਜਨਵਰੀ 2024 ਤੋਂ ਲਾਗੂ ਹੋ ਚੁੱਕੇ ਹਨ।

ਸਪਾਊਸ ਵੀਜ਼ੇ ਸੰਬੰਧੀ ਵੀ ਨਿਯਮ ਸਖ਼ਤ ਹੋ ਗਏ ਹਨ। ਹੁਣ ਸਿਰਫ਼ ਉਹੀ ਵਿਦਿਆਰਥੀ ਆਪਣੇ ਪਤੀ ਜਾਂ ਪਤਨੀ ਨੂੰ ਸਪਾਊਸ ਵੀਜ਼ੇ ਉੱਪਰ ਕੈਨੇਡਾ ਬੁਲਾ ਸਕਣਗੇ ਜਿਹੜੇ ਉੱਥੇ ਮਾਸਟਰਜ਼ ਜਾਂ ਡਾਕਟਰੇਟ ਪੱਧਰ ਦੀ ਪੜ੍ਹਾਈ ਕਰਨ ਜਾ ਰਹੇ ਹਨ। ਡਿਪਲੋਮਾ ਜਾਂ ਹੋਰ ਹੇਠਲੇ ਪੱਧਰ ਦੇ ਕੋਰਸ ਕਰਨ ਵਾਲੇ ਵਿਦਿਆਰਥੀ ਹੁਣ ਇਹ ਸਹੂਲਤ ਨਹੀਂ ਲੈ ਸਕਣਗੇ।

ਇਹ ਨਵੇਂ ਬਦਲਾਅ ਕੈਨੇਡਾ ਵਿੱਚ ਪੜ੍ਹਾਈ ਦੇ ਸੁਪਨੇ ਦੇਖ ਰਹੇ ਵਿਦਿਆਰਥੀਆਂ ਲਈ ਨਵੇਂ ਚੁਣੌਤੀਆਂ ਖੜ੍ਹੇ ਕਰ ਰਹੇ ਹਨ।

ਕੈਨੇਡਾ ਤੋਂ ਬਾਅਦ ਅਮਰੀਕਾ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਓਪਨ ਡੌਰਜ਼ ਰਿਪੋਰਟ (ਓਡੀਆਰ) ਦੇ ਮੁਤਾਬਕ, ਯੂਐੱਸ ਜਾਣ ਲਈ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਰੀਬ 35 ਫ਼ੀਸਦ ਦਾ ਵਾਧਾ ਹੋਇਆ ਹੈ।

ਅਮਰੀਕਾ ਵਿੱਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਚੀਨ ਦੇ ਵਿਦਿਆਰਥੀਆਂ ਤੋਂ ਵੀ ਵੱਧ ਗਈ ਹੈ। ਮਾਹਰਾਂ ਦਾ ਮਨਣਾ ਹੈ ਕਿ ਅਮਰੀਕਾ ਦੀ ਸਰਕਾਰ ਬਾਕੀ ਮੁਲਕਾਂ ਦੀ ਤੁਲਨਾ ਵਿੱਚ ਵਿਦਿਆਰਥੀਆਂ ਨਾਲ ਘੱਟ ਸਖ਼ਤ ਹੈ। ਯੂਐੱਸ ਵੀਜ਼ਾ ਦਾ ਸਕਸੈਸ ਰੇਟ ਵਿੱਚ ਵੀ 15-20 ਫ਼ੀਸਦ ਦਾ ਵਾਧਾ ਹੋਇਆ ਹੈ।

ਇਸ ਦੇ ਨਾਲ, ਉਨ੍ਹਾਂ ਵਿਦਿਆਰਥੀਆਂ ਲਈ ਦਰਵਾਜ਼ੇ ਖੁੱਲ੍ਹੇ ਹਨ ਜੋ ਉੱਚ ਕੋਟਿ ਦੀਆਂ ਯੂਨੀਵਰਸਿਟੀਆਂ ਵਿੱਚ ਦਾਖ਼ਲਾ ਪ੍ਰਾਪਤ ਕਰਨ ਅਤੇ ਸਟੱਡੀ ਵੀਜ਼ੇ ਦੇ ਨਵੇਂ ਨਿਯਮਾਂ ਦੀ ਪਾਲਣਾ ਕਰਦੇ ਹਨ। ਕੈਨੇਡਾ ਅਤੇ ਅਮਰੀਕਾ ਦੀਆਂ ਸਰਕਾਰਾਂ ਨੇ ਇਨ੍ਹਾਂ ਨਿਯਮਾਂ ਨੂੰ ਸਖ਼ਤ ਬਣਾਉਣ ਲਈ ਕਈ ਹੋਰ ਪਹੁੰਚਾਂ ਅਤੇ ਪ੍ਰਕਿਰਿਆਵਾਂ ਨੂੰ ਵੀ ਅਪਣਾਇਆ ਹੈ, ਤਾਂ ਜੋ ਉੱਚ ਸਿੱਖਿਆ ਦੇ ਮਿਆਰ ਅਤੇ ਇਸ ਨਾਲ ਜੁੜੇ ਪਰਿਵਾਰਕ ਅਤੇ ਸਮਾਜਿਕ ਸੰਬੰਧਾਂ ਨੂੰ ਕਾਇਮ ਰੱਖਿਆ ਜਾ ਸਕੇ।

ਯੂਕੇ ਦੀ ਸਟਾਰਮਰ ਸਰਕਾਰ ਨੇ ਨੈੱਟ ਮਾਈਗ੍ਰੇਸ਼ਨ ਨੂੰ ਹੇਠਾਂ ਲਿਆਉਣ ਲਈ ਆਪਣੀਆਂ ਵੀਜ਼ਾ ਨੀਤੀਆਂ ਵਿੱਚ ਕਾਫ਼ੀ ਸਖ਼ਤੀ ਕੀਤੀ ਹੈ। ਮਾਰਚ 2024 ਤੱਕ, ਸਭ ਤੋਂ ਜ਼ਿਆਦਾ ਸਟੂਡੈਂਟ ਵੀਜ਼ਾ ਭਾਰਤੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਹਨ, ਜਿਨ੍ਹਾਂ ਦੀ ਗਿਣਤੀ 1,16,000 ਹੈ, ਜਦਕਿ ਦੂਜੇ ਨੰਬਰ ਤੇ ਚੀਨੀ ਵਿਦਿਆਰਥੀਆਂ ਨੂੰ 1,09,000 ਵੀਜ਼ਾ ਜਾਰੀ ਕੀਤੇ ਗਏ ਹਨ।

ਜਨਵਰੀ 2024 ਤੋਂ, ਉਹ ਕੌਮਾਂਤਰੀ ਵਿਦਿਆਰਥੀ ਜੋ ਰਿਸਰਚ ਪ੍ਰੋਗਰਾਮ ਵਿੱਚ ਦਾਖ਼ਲਾ ਨਹੀਂ ਲਿਆ ਕਰਦੇ, ਉਹਨਾਂ ਦੇ ਡਿਪੈਂਡੈਂਟ ਯੂਕੇ ਨਹੀਂ ਆ ਸਕਣਗੇ।

ਹੋਮ ਆਫ਼ਿਸ ਵੱਲੋਂ ਜਾਰੀ ਕੀਤੇ ਗਏ ਡੇਟਾ ਮੁਤਾਬਕ, ਜਨਵਰੀ 2024 ਤੋਂ ਐਪ੍ਰਲ 2024 ਤੱਕ ਸਿਰਫ਼ 83,00 ਸਟੂਡੈਂਟ ਡਿਪੈਂਡੈਂਟ ਵੀਜ਼ਾ ਜਾਰੀ ਕੀਤੇ ਗਏ, ਜੋ ਕਿ ਕਰੀਬ 79 ਫੀਸਦ ਘੱਟ ਸੀ।

ਜੋ ਵਿਦਿਆਰਥੀ ਆਪਣੀ ਡਿਗਰੀ ਪੂਰੀ ਕਰ ਚੁੱਕੇ ਹਨ, ਉਹ ਯੂਕੇ ਵਿੱਚ ਸਿਰਫ਼ ਦੋ ਸਾਲ ਹੋਰ ਰਹਿ ਸਕਣਗੇ, ਜਦਕਿ ਡਾਕਟਰੇਟ ਡਿਗਰੀ ਵਾਲੇ ਵਿਦਿਆਰਥੀ ਤਿੰਨ ਸਾਲ ਰਹਿ ਸਕਦੇ ਹਨ।

ਇਹ ਸਖ਼ਤ ਨੀਤੀਆਂ ਯੂਕੇ ਵਿੱਚ ਪੜ੍ਹਾਈ ਲਈ ਆਉਣ ਵਾਲੇ ਵਿਦਿਆਰਥੀਆਂ ਨੂੰ ਨਵੇਂ ਚੁਣੌਤੀਆਂ ਦੇ ਸਾਹਮਣੇ ਖੜ੍ਹਾ ਕਰਨਗੀਆਂ।

ਇਹ ਨਵੇਂ ਨਿਯਮ ਵਿਦਿਆਰਥੀਆਂ ਨੂੰ ਯਕੀਨੀ ਬਣਾਉਣਗੇ ਕਿ ਉਹ ਸਿਰਫ਼ ਅਸਲ ਸਿੱਖਿਆ ਦੇ ਉਦੇਸ਼ ਨਾਲ ਹੀ ਆ ਰਹੇ ਹਨ, ਨਾ ਕਿ ਕਿਸੇ ਹੋਰ ਮਕਸਦ ਨਾਲ।


SABZI MANDI
SUPERMARKET
Serving our Community since 2003
NEW LOCATION IN KELOWNA OPENING SOON!!!
HOT PRICE
BC HOT CHILI
ਹਰੀਆਂ ਮਿਰਚਾਂ
1.99 /lb
HOT PRICE
FRESH CILANTRO
ਧਨੀਆਂ
Bunch
2 for 1.29
HOT PRICE
#1 YELLOW ONIONS
#1 ਪੀਲੇ ਗੰਢੇ
50lb
13.99 ea
HOT PRICE
FRESH GARLIC
ਲਸਣ
1.49 /lb
HAPPY DAIRY PANEER
ਹੈਪੀ ਡੇਰੀ ਪਨੀਰ
300g
4.49 ea
UNBEATABLE DEAL
SABZI MANDI BASMATI RICE
ਸੱਬਜ਼ੀ ਮੰਡੀ ਬਾਸਮਤੀ ਚਾਵਲ
10lb
13.99 ea
BC GALA APPLES
ਬੀ ਸੀ ਗੈਲਾ ਸੇਬ
99¢ /lb
INDIA AT HOME BASMATI RICE
ਇੰਡੀਆ ਐਟ ਹੋਮ ਬਾਸਮਤੀ ਚਾਵਲ
8lb
8.99 ea
INDIAN EGGPLANT
ਦੇਸੀ ਵਤਾਊਂ
1.49 /lb
TATA AGNI TEA
ਟਾਟਾ ਅੱਗਨੀ ਚਾਹ
1kg
9.99 ea
ROSHNI SOYA CHAAP
ਰੋਸ਼ਨੀ ਸੋਯਾ ਚਾਪ
850g
3.99 ea
ROYAL 6-COMPARTMENT PARTY TRAYS
ਰੋਯਲ ਪਾਰਟੀ ਪਲੇਟ
40 pack
6.99 ea
REGAL JUICES
ਰੀਗਲ ਜੂਸ
2L, Asst.
2.99 ea
PEELED GARLIC
ਲਸਣ
5lb Jar
10.99 ea
ALMOND OIL
ਬਦਾਮ ਤੇਲ
1L
12.99 ea
INDIAN ROOH AFZA
ਰੂਹ ਅਫਜ਼ਾ
750ml
3.99 ea
MERI CHAI TEA
ਮੇਰੀ ਚਾਹ
216's
5.99 ea
HEER WHOLE WHEAT FLOUR
ਹੀਰ ਹੋਲ ਵ੍ਹੀਟ ਆਟਾ
20lb
12.99 ea
SEEDLESS WATERMELON
ਮਤੀਰਾ
79¢ /lb
US#1 WALNUT HALVES
ਅਖਰੋਟ
6.99 /lb
PETHA KADDU
ਪੇਠਾ ਕੱਦੂ
88¢ /lb
COLORED PEPPERS
ਸ਼ਿਮਲਾ ਮਿਰਚਾਂ
Excludes Green Bell Peppers
1.49 /lb
US #1 POTATOES
ਆਲੂ
10lb
3.99 ea
INDIAN KARELA
ਦੇਸੀ ਕਰੇਲੇ
1.99 /lb
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. September 06, 2024 - Wed. September 11, 2024
MasterCard VISA Interac
American Express accepted at three locations.
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
SABZI MANDI SUPERMARKET
You can also visit us online at www.sabzimandicanada.com